# ਵਾਯੂ ਆਖਿਔਂਨ

# ਯਿਸੂ ਨੂੰ ਸਲੀਬ ਤੇ ਮਰਨਾ ਕਿਉਂ ਪਿਆ?

ਸਾਡੇ ਇਨ੍ਹਾਂ ਪਾਠਾਂ ਵਿਚ ਯਿਸੂ ਦੀ ਮੌਤ ਤੇ ਮਕਸਦ ਤੇ ਸੰਖੇਪ ਚਰਚਾ ਕੀਤੀ ਗਈ ਹੈ। ਇਸ ਵਿਸ਼ੇ ਤੇ ਸੌ ਕਿਤਾਬਾਂ ਲਿਖੇ ਜਾਣ ਤੇ ਵੀ ਕਾਫ਼ੀ ਨਹੀਂ ਹੋਣਗੀਆਂ; ਹਜ਼ਾਰ ਕਿਤਾਬਾਂ ਨਾਲ ਵੀ ਪੁੱਛੇ ਜਾਣ ਵਾਲੇ ਹਰ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ। ਪਰ ਇਸ ਵਕਤ ਲਈ ਕੁਝ ਵਾਧੂ ਟਿੱਪਣੀਆਂ ਕਾਫ਼ੀ ਹੋਣਗੀਆਂ।[1]

''ਸਭਨਾਂ ਨੇ ਪਾਪ ਕੀਤਾ ਹੈ'' (ਰੋਮੀਆਂ 3:23ੳ), ਅਤੇ ''ਪਾਪ ਦੀ ਮਜਦੂਰੀ ਤਾਂ ਮੌਤ ਹੈ'' (ਰੋਮੀਆਂ 6:23)। ਪਾਪੀਆਂ ਨੂੰ ਰੂਹਾਨੀ ਮੌਤ ਭਾਵ ਇਸ ਜ਼ਿੰਦਗੀ ਵਿਚ ਖ਼ੁਦਾ ਤੋਂ ਜੁਦਾਈ ਮਿਲਦੀ ਹੈ (ਅਫ਼ਸੀਆਂ 2:1, 12)। ਇਸ ਤੋਂ ਇਲਾਵਾ ਆਉਣ ਵਾਲੀ ਜ਼ਿੰਦਗੀ ਵਿਚ ਉਨ੍ਹਾਂ ਨੂੰ ''ਦੂਜੀ ਮੌਤ'' ਭਾਵ ਖ਼ੁਦਾ ਤੋਂ ਹਮੇਸ਼ਾ ਲਈ ਦੂਰ ਰਹਿਣਾ ਮਿਲੇਗਾ (ਪ੍ਰਕਾਸ਼ ਦੀ ਪੋਥੀ 20:14; 21:8)।

ਪਾਪ ਪਵਿੱਤਰ ਪਰਮੇਸ਼ੁਰ ਦਾ ਅਪਮਾਨ ਹੈ (ਰੋਮੀਆਂ 3:23ਅ; ਵੇਖੋ ਯਸਾਯਾਹ 5:16; ਇਬਰਾਨੀਆਂ 10:29)। ਕੀਤੇ ਜਾਣ ਵਾਲੇ ਇਕ ਵੀ ਪਾਪ ਦਾ ਦੋਸ਼ ਸ਼ੁੱਭ ਕਰਮਾਂ ਨਾਲ ਮਿਟਾਇਆ ਨਹੀਂ ਜਾ ਸਕਦਾ, ਕਿਉਂਕਿ ਅਸੀਂ ਕਰਮਾਂ ਨਾਲ ਮੁਕਤੀ ਨਹੀਂ ਪਾ ਸਕਦੇ (ਵੇਖੋ ਅਫ਼ਸੀਆਂ 2:8, 9)। ਪੂਰੀ ਵਾਹ ਲਾ ਲੈਣ ਦੇ ਬਾਵਜੂਦ ਅਸੀਂ ਕੁਝ ਨਹੀਂ ਕਰ ਸਕਦੇ (ਯਸਾਯਾਹ 64:6; ਰੋਮੀਆਂ 3:12)। ਨਿਆਂ ਕਰਨ ਵਾਲਾ ਖ਼ੁਦਾ ਹੋਣ ਕਰਕੇ (ਯਸਾਯਾਹ 30:18), ਉਹ ਪਾਪ ਨੂੰ ਸਜ਼ਾ ਦਿੱਤੇ ਬਗੈਰ ਨਹੀਂ ਕਹਿਣ ਦੇ ਸਕਦਾ (ਵੇਖੋ ਰੋਮੀਆਂ 1:18)। ਕਿਉਂਕਿ ਸਭ ਪਾਪੀ ਸਨ (ਅਤੇ ਹਨ) ਜੋ ਪਾਪ ਦੇ ਦੋਸ਼ ਤੋਂ ਬਚ ਨਹੀਂ ਸਕਦੇ, ਇਸ ਕਰਕੇ ਮਨੁੱਖ ਜਾਤੀ ਦੀ ਹਾਲਤ ਬੜੀ ਤਰਸਯੋਗ ਸੀ।

ਖ਼ੁਦਾ ਦਾ ਸ਼ੁਕਰ ਹੈ ਕਿ ਉਹ ਨਿਰਾ ਨਿਆਂ ਕਰਨ ਵਾਲਾ ਹੀ ਨਹੀਂ ਬਲਕਿ *ਪ੍ਰੇਮੀ* ਦਾ ਖ਼ੁਦਾ ਵੀ ਹੈ (1 ਯੂਹੰਨਾ 4:8)! ਪ੍ਰੇਮੀ ਪਰਮੇਸ਼ੁਰ ਹੋਣ ਕਰਕੇ ਉਹ ਚਾਹੁੰਦਾ ਸੀ (ਅਤੇ ਚਾਹੁੰਦਾ ਹੈ ਕਿ ਕਿਸੇ ਦਾ ਨਾਸ ਨਾ ਹੋਵੇ) (ਵੇਖੋ 2 ਪਤਰਸ 3:9)। ਖ਼ੁਦਾ ਦੀਆਂ ਇਨ੍ਹਾਂ ਦੋ ਖੂਬੀਆਂ ਤੋਂ ਇਕ ਦੁਵਿਧਾ ਨਜ਼ਰ ਆਉਂਦੀ ਹੈ। ਉਹ *ਧਰਮੀ* ਹੋ ਕੇ ਪਾਪ ਨੂੰ ਸਜ਼ਾ ਕਿਵੇਂ ਦੇ ਸਕਦਾ ਹੈ ਅਤੇ ਇਸ ਦੇ ਨਾਲ ਹੀ ਪਾਪੀਆਂ ਨੂੰ *ਧਰਮੀ ਠਹਿਰਾਉਣ ਵਾਲਾ* ਕਿਵੇਂ ਹੋ ਸਕਦਾ ਹੈ (ਵੇਖੋ ਰੋਮੀਆਂ 3:26)? ਇਸ ਦੁਚਿੱਤੀ ਲਈ ਖ਼ੁਦਾ ਦਾ ਜਵਾਬ ਸੀ, ''ਮੈਂ ਆਪਣੀ ਹੀ ਕੀਮਤ ਚੁਕਾਵਾਂਗਾ; ਮੈਂ ਮਨੁੱਖ ਜਾਤੀ ਦੇ ਪਾਪਾਂ ਦੀ ਸਜ਼ਾ ਭੋਗਣ ਦੇ ਲਈ *ਆਪਣੇ ਹੀ ਪੁੱਤਰ ਨੂੰ ਭੇਜ ਦਿਆਂਗਾ''* (ਵੇਖੋ ਯੂਹੰਨਾ 3:16)। 1 ਯੂਹੰਨਾ 4:10 ਵਿਚ ਅਸੀਂ ਪੜ੍ਹਦੇ ਹਾਂ, ''ਉਹਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤਰ ਨੂੰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪ੍ਰਾਸਚਿਤ ਕਰੇ।'' ''ਪ੍ਰਾਸਚਿਤ'' ਸ਼ਬਦ ਤੋਂ ਭਾਵ ਹੈ ''ਖ਼ੁਦਾ ਦੇ ਨਿਆਂ ਨੂੰ ਪੂਰਾ ਕਰਨਾ, ਸ਼ਾਂਤ ਕਰਦਾ ਜਾਂ ਸੰਤੁਸ਼ਟ ਕਰਨਾ ਹੈ।''

ਸ਼ਾਂਤ ਕਰਨ ਵਾਲੇ ਉਸ ਪ੍ਰਾਸਚਿਤ ਦਾ ਕਸ਼ਟ ਕਿਹੋ ਜਿਹਾ ਹੋਣਾ ਚਾਹੀਦਾ ਹੈ? ਮਨੁੱਖ ਜਾਤੀ ਨਾਲ ਖ਼ੁਦਾ ਦੇ ਮੁੱਢਲੇ ਵਿਹਾਰਾਂ ਵਿਚ *ਕੁਰਬਾਨੀ* ਭਾਵ ਕਿਸੇ ਦੂਜੇ ਦੀ ਥਾਂ ਕਿਸੇ ਦੀ ਜਾਨ ਦੇਣ ਦਾ ਨਿਯਮ (ਉਤਪਤ 4:4; 8:20; 31:54 ਵੇਖੋ 12:7) ਠਹਿਰਾਇਆ ਗਿਆ। ਇਹ ਨਿਯਮ ਬਣ ਗਿਆ ਕਿ, ''... ਬਿਨਾਂ ਲਹੂ ਬਹਾਏ ਮਾਫ਼ੀ ਹੁੰਦੀ ਹੀ ਨਹੀਂ'' (ਇਬਰਾਨੀਆਂ 9:22)। ਸਦੀਆਂ ਤਕ ਖ਼ੁਦਾ ਦੀਆਂ ਹਦਾਇਤਾਂ ਮੁਤਾਬਿਕ ਸੈਂਕੜੇ ਹਜ਼ਾਰਾਂ ਜਾਨਵਰਾਂ ਨੂੰ ਕੁਰਬਾਨ ਕੀਤਾ ਗਿਆ ਸੀ। ਦਿੱਕਤ ਇਹ ਸੀ ਕਿ ''ਅਣਹੋਣਾ ਹੈ ਕਿ ਵੈੜ੍ਹਕਿਆਂ ਅਤੇ ਬੱਕਰਿਆਂ ਦਾ ਲਹੂ ਪਾਪਾਂ ਨੂੰ ਲੈ ਜਾਵੇ''

(ਇਬਰਾਨੀਆਂ 10:4)। ਸਿਰਫ਼ ਇੱਕੋ ਹੀ ਕੁਰਬਾਨੀ ਨਾਲ ਇਹ ਕੰਮ ਹੋ ਸਕਦਾ ਸੀ ਅਤੇ ਉਹ ਕੁਰਬਾਨੀ ਖ਼ੁਦਾ ਦੇ ਸਿੱਧ ਪੁੱਤਰ ਦੀ ਸੀ (ਵੇਖੋ 1 ਪਤਰਸ 1:18, 19)। ''ਪਾਪਾਂ ਦੀ ਮਾਫ਼ੀ'' ਨੂੰ ਮੁਮਕਿਨ ਬਣਾਉਣ ਲਈ ਮਸੀਹ ਦਾ ਬੇਸ਼ਕੀਮਤੀ ਲਹੂ ''ਵਹਾਇਆ ਜਾਣਾ'' ਲਾਜ਼ਮੀ ਸੀ (ਰੋਮੀਆਂ 5:9)। ਲਹੂ ਵਹਾਉਣ ਦੀ ਯਿਸੂ ਦੀ ਕੁਰਬਾਨੀ ਕਿਹੋ ਜਿਹੀ ਹੋਣੀ ਚਾਹੀਦੀ ਸੀ (ਮੱਤੀ 26:28)?

ਸਾਫ਼ ਤੌਰ ਤੇ ਖ਼ੁਦਾ ਦੀ ਸਨਾਤਨ ਮੰਸ਼ਾ ਵਿਚ (ਅਫ਼ਸੀਆਂ 3:11) ਸਲੀਬ ਪਹਿਲਾਂ ਤੋਂ ਹੀ ਠਹਿਰਾਈ ਗਈ ਸੀ। ਜ਼ਬੂਰ ਲਿਖਣ ਵਾਲੇ ਨੇ ਕਿਹਾ ਸੀ ਕਿ ਦੁਖੀ ਦਾਸ ਦੇ ਹੱਥ ਅਤੇ ਪੈਰ ''ਵਿੱਨ੍ਹੇ'' ਜਾਣੇ ਸਨ (ਜ਼ਬੂਰਾਂ ਦੀ ਪੋਥੀ 22:16)। ਮਸੀਹ ਨੇ ਆਪ ਨਬੂਵਤ ਕੀਤੀ ਸੀ ਕਿ ਉਸ ਨੂੰ ਸਲੀਬ ਦਿੱਤਾ ਜਾਵੇਗਾ (ਮੱਤੀ 20:17–19; ਵੇਖੋ ਲੂਕਾ 24:6–8), ਜਿਸ ਵਿਚ ਉਸ ਦੇ ਹੱਥਾਂ ਅਤੇ ਪੈਰਾਂ ਦਾ ਵਿੱਨ੍ਹਿਆ ਜਾਣਾ ਵੀ ਸ਼ਾਮਿਲ ਸੀ।[2] ਜਦ ਯਿਸੂ ਰੋਮੀ ਸਲੀਬ ਉੱਤੇ ਮਰਿਆ ਤਾਂ ਉਸ ਦੇ ਜ਼ਖ਼ਮੀ ਮੱਥੇ ਅਤੇ ਲੱਕ ਨਾਲ ਵਿੰਨ੍ਹੇ ਹੋਏ ਹੱਥਾਂ ਅਤੇ ਪੈਰਾਂ ਵਿੱਚੋਂ ਲਹੂ ਵਹਿ ਨਿੱਕਲਿਆ। ਉਸ ਦੀ ਮੌਤ ਦੇ ਬਾਅਦ ਉਹਦੀ ਵੱਖੀ ਵਿੱਚੋਂ ਲਹੂ ਵਹਿ ਨਿੱਕਲਿਆ (ਯੂਹੰਨਾ 19:34)। ਬਾਈਬਲ ਮੁਤਾਬਿਕ ਉਸ ਲਹੂ ਦੇ ਰਾਹੀਂ, ਸਾਨੂੰ ਧਰਮੀ ਠਹਿਰਾਇਆ ਗਿਆ ਹੈ, ਖ਼ੁਦਾ ਦੇ ਨਾਲ ਮਿਲਾਇਆ ਗਿਆ ਹੈ ਅਤੇ ਰੱਬੀ ਕਹਿਰ ਤੋਂ ਬਚਾਇਆ ਗਿਆ ਹੈ (ਰੋਮੀਆਂ 5:9, 10)।

ਭਲਾ ਅਸੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਸਾਡੀ ਮੁਕਤੀ ਨੂੰ ਮੁਮਕਿਨ ਬਣਾਉਣ ਲਈ ਯਿਸੂ ਦੀ ਮੌਤ ਕਿਵੇਂ ਹੋਈ? ਨਹੀਂ–ਪਰ ਅਸੀਂ ਇਹ ਜ਼ਰੂਰ ਸਮਝ ਸਕਦੇ ਹਾਂ ਕਿ ਉਸ ਦੀ ਮੌਤ ਨਾਲ ਖ਼ੁਦਾ ਦਾ ਨਿਆਂ ਪੂਰਾ ਹੋਇਆ (ਰੋਮੀਆਂ 3:25; ਇਬਰਾਨੀਆਂ 2:17; 1 ਯੂਹੰਨਾ 2:2)। ਇਸ ਕਰਕੇ ਜੋ ਕੋਈ ''ਭਾਵੇਂ ਕੋਈ ਵੀ ਹੋਵੇ, ਉਸ ਦੇ ਪਿਆਰ ਨੂੰ ਕਬੂਲ ਕਰਨਾ ਚਾਹੁੰਦਾ ਹੈ'' (ਯੂਹੰਨਾ 14:15; 1 ਯੂਹੰਨਾ 4:19) ਅਤੇ ਬਚਾਏ ਜਾਣ ਦੀਆਂ ਉਸ ਦੀਆਂ ਸ਼ਰਤਾਂ ਨੂੰ ਮੰਨਣ ਨਾਲ (ਮਰਕੁਸ 16:15, 16; ਰਸੂਲਾਂ ਦੇ ਕੰਮ 2:37, 38) ਉਹ ਬਚਾਇਆ ਜਾ ਸਕਦਾ ਹੈ! ਅਸੀਂ ਪੂਰੀ ਤਰ੍ਹਾਂ ਨਾਲ ਤਾਂ ਨਹੀਂ ਸਮਝ ਸਕਦੇ ਕਿ ਖ਼ੁਦਾ ਨੇ ਸਾਡੇ ਲਈ ਕੀ ਕੀਤਾ ਹੈ, ਪਰ ਉਹਦੇ ਲਈ ਅਸੀਂ ਉਸ ਨੂੰ ਵਡਿਆਈ ਦਿੰਦੇ ਹਾਂ। ''ਧੰਨਵਾਦ ਹੈ ਪਰਮੇਸ਼ੁਰ ਦਾ ਉਹਦੇ ਉਸ ਦਾਨ ਲਈ ਜਿਹੜਾ ਕਹਿਣ ਤੋਂ ਬਾਹਰ ਹੈ'' (2 ਕੁਰਿੰਥੀਆਂ 9:15)।

---

ਟਿੱਪਣੀਆਂ

[1]ਹੋਰ ਵਿਸਤਾਰ ਨਾਲ ਚਰਚਾ ਡੇਵਿਡ ਰੋਪਰ, *ਜੀਜ਼ਸ ਕ੍ਰਾਈਸਟ ਐਂਡ ਹਿਮ ਕਰੂਸੀਫ਼ਾਈਡ* (ਅਰਵਦਾ, ਕੋਲੋਰਾਡੋ: ਕ੍ਰਿਸਚਿਅਨ ਕਮਿਊਨੀਕੇਸ਼ੰਜ਼, 1976) ਵਿਚ ''ਦ ਸੈਂਟਰ ਆਫ਼ ਗੌਡ'ਜ਼ ਲਵ'' ਵਿਚ ਦਿੱਤੀ ਗਈ ਹੈ। [2]ਜ਼ਕਰਯਾਹ 12:10 (ਵੇਖੋ ਯੂਹੰਨਾ 19:34, 37) ਵਿਚ ਮਸੀਹਾ ਦੇ ''ਵਿੱਨ੍ਹੇ ਜਾਣ'' ਦੀ ਇਕ ਵੱਖਰੀ ਕਿਸਮ ਦੱਸੀ ਗਈ ਹੈ।

# ਸਰਮਨ ਨੋਟਸ: ''ਭਲਾ ਤੁਸੀਂ ਉੱਥੇ ਹੀ ਸੀ''

ਇਹ ਸਵਾਲ ਪੁੱਛਦਿਆਂ ਇਕ ਪੁਰਾਣਾ ਰੂਹਾਨੀ ਗੀਤ ਹੈ ਕਿ ''ਜਦ ਮੇਰੇ ਪ੍ਰਭੂ ਨੂੰ ਸਲੀਬ ਦਿੱਤਾ ਗਿਆ, ਤੁਸੀਂ ਉੱਥੇ ਹੀ ਸੀ?''; ''ਜਦ ਉਨ੍ਹਾਂ ਉਸ ਨੂੰ ਰੁੱਖ ਉੱਤੇ ਚੜ੍ਹਾ ਕੇ ਮੇਖਾਂ ਠੋਕੀਆਂ, ਤੁਸੀਂ ਉੱਥੇ ਹੀ ਸੀ?''; ''ਜਦ ਸੂਰਜ ਨੇ ਰੌਸ਼ਨੀ ਦੇਣੋ ਨਾਂਹ ਕਰ ਦਿੱਤੀ ਤੁਸੀਂ ਉੱਥੇ ਹੀ ਸੀ?'' ਪੂਰੇ ਗੀਤ ਵਿਚ ਇਕ ਗੱਲ ਬਾਰ ਬਾਰ ਆਉਂਦੀ ਹੈ, ''ਕਈ ਵਾਰ ਮੈਨੂੰ ਇਹ ਕੰਬਣੀ ਲਾ ਦਿੰਦਾ ਹੈ, ਕੰਬਣੀ ਲਾ ਦਿੰਦਾ ਹੈ, ਕੰਬਣੀ ਲਾ ਦਿੰਦਾ ਹੈ।''[1]

ਇਸ ਗੀਤ ਨੂੰ ਪਹਿਲੀ ਵਾਰ ਸੁਣਨ ਤੇ ਹੋ ਸਕਦਾ ਹੈ ਕਿ ਸਾਡਾ ਜਵਾਬ ਹੋਵੇ, ''ਕਿੰਨਾ ਬੇਤੁਕਾ ਸਵਾਲ ਹੈ! ਯਿਸੂ ਦੀ ਮੌਤ ਤਾਂ ਮੇਰੇ ਜੰਮਣ ਤੋਂ ਦੋ ਹਜ਼ਾਰ ਸਾਲਾਂ ਨਾਲੋਂ ਵੀ ਵੱਧ ਪਹਿਲਾਂ ਹੋ ਗਈ ਸੀ। ਮੈਂ ਉੱਥੇ ਕਿਵੇਂ ਹੋ ਸਕਦਾ ਹਾਂ?'' ਪਰ ਗੀਤ ਸਾਨੂੰ ਉਨ੍ਹਾਂ ਲੋਕਾਂ ਵਿਚ ਆਪਣੇ ਅੰਦਰ ਝਾਕਣ ਦੀ ਚੁਣੌਤੀ ਦਿੰਦਾ ਹੈ, ਜਿਨ੍ਹਾਂ ਨੇ ਉਸ ਵਕਤ ਮਸੀਹ ਦੀ ਮੌਤ ਨੂੰ ਵੇਖਿਆ ਸੀ। ਜੇ ਇਮਾਨਦਾਰੀ ਨਾਲ ਅਸੀਂ ਆਪਣੀਆਂ ਜ਼ਿੰਦਗੀਆਂ ਨੂੰ ਗਲਗਥਾ ਤੇ ਖਲੋਤੇ ਉਨ੍ਹਾਂ ਲੋਕਾਂ ਨਾਲ ਮਿਲਾਈਏ ਤਾਂ ਸਚਮੁਚ ਇਹ ਸਾਨੂੰ ''ਕੰਬਣੀ ਲਾ ਦਏਗਾ, ਕੰਬਣੀ ਲਾ ਦਏਗਾ!''

ਹੇਠਾਂ ਕੁਝ ਲੋਕਾਂ ਬਾਰੇ ਦੱਸਿਆ ਗਿਆ ਹੈ ਜਿਹੜੇ ਉਸ ਵਕਤ ਸਲੀਬ ਦੇ ਕੋਲ ਸਨ। ਭਲਾ ਤੁਹਾਨੂੰ ਲਗਦਾ ਹੈ ਕਿ ਇਨ੍ਹਾਂ ਵਿਚ ਕੋਈ ਤੁਹਾਡੇ ਵਰਗਾ ਹੈ? ''ਜਦ ਪ੍ਰਭੂ ਨੂੰ ਸਲੀਬ ਦਿੱਤਾ ਗਿਆ, ਤਾਂ ਤੁਸੀਂ ਉੱਥੇ ਹੀ ਸੀ?''

**ਬੇਪਰਵਾਹ ਸਿਪਾਹੀ[2]**

ਪਤਰਸ ਨੇ ਉਨ੍ਹਾਂ ਨੂੰ ''ਬੁਰਿਆਰ'' ਆਖਿਆ (ਰਸੂਲਾਂ ਦੇ ਕੰਮ 2:23)। ਉਹ ਸਰਕਾਰੀ ਨੌਕਰੀ ਕਰਨ ਵਾਲੇ ਕਰਮਚਾਰੀ ਸਨ ਜਿਨ੍ਹਾਂ ਨੂੰ ਅਧਿਕਾਰੀਆਂ ਵੱਲੋਂ ਦਿੱਤੇ ਕੰਮ ਨੂੰ ਪੂਰਾ ਕਰਦਿਆਂ ਦਰਦ ਅਤੇ ਮੌਤ ਨੂੰ ਵੇਖਣ ਦੀ ਆਦਤ ਪੈ ਗਈ ਸੀ। ਮਸੀਹ ਨੂੰ ਸਲੀਬ ਤੇ ਖੜਾ ਕਰਦਿਆਂ ਉਨ੍ਹਾਂ ਦੇ ਮਨ ਵਿਚ ਕਿਸੇ ਤਰ੍ਹਾਂ ਦੀ ਕੋਈ ਭਾਵਨਾ ਨਹੀਂ ਆਈ ਸੀ। ਬਹੁਤ ਸਾਰੇ ਲੋਕ ਅੱਜ ਯਿਸੂ ਅਤੇ ਉਸਦੀ ਕੁਰਬਾਨੀ ਬਾਰੇ ਬੇਪਰਵਾਹ ਹਨ।

**ਬੇਅਦਬ ਭੀੜ ''ਯਹੂਦੀ ਅਗਵਾਈ ਦੇ ਮਗਰ ਲੱਗਣ ਵਾਲੀ''**

ਕੁਝ ਲੋਕ ਨਫ਼ਰਤ ਕਰਕੇ ਅਤੇ ਕੁਝ ਅਗਿਆਨਤਾ ਕਰਕੇ ਯਿਸੂ ਨੂੰ ਠੱਠੇ ਕਰ ਰਹੇ ਸਨ। ਦੋਵੇਂ ਹੀ ਤਰੀਕਿਆਂ ਨਾਲ ਉਹ ਖ਼ੁਦਾ ਦੇ ਨਿਹਕਲੰਕ ਪੁੱਤਰ ਦਾ ਅਪਮਾਨ ਕਰ ਰਹੇ ਸਨ। ਲੋਕ ਅੱਜ ਵੀ ਸਾਡੇ ਪ੍ਰਭੂ ਨੂੰ ਸਮਝਣ ਵਿਚ ਨਾਕਾਮ ਰਹਿੰਦੇ ਹਨ, ਕੁਝ ਤਾਂ ਨਫ਼ਰਤ ਕਰਕੇ, ਅਤੇ ਬਹੁਤੇ ਅਗਿਆਨਤਾ ਕਰਕੇ।

**ਅਪਸ਼ਚਾਤਾਪੀ ਅਤੇ ਪਸ਼ਚਾਤਾਪੀ ਡਾਕੂ**

ਕੁਝ ਲੋਕਾਂ ਦੇ ਮਨ ਤੇ ਸਲੀਬ ਦਾ ਕੋਈ ਅਸਰ ਨਹੀਂ ਹੁੰਦਾ (ਉਹ ਉਸ ਅਪਸ਼ਚਾਤਾਪੀ ਡਾਕੂ ਵਾਂਗ ਹਨ), ਭਾਵੇਂ ਉਨ੍ਹਾਂ ਦੀ ਜ਼ਿੰਦਗੀ ਵਿਚ ਦੁਖਾਂਤ ਵੀ ਹੋ ਜਾਵੇ। ਖ਼ੁਦਾ ਦਾ ਸ਼ੁਕਰ ਹੋਵੇ ਕਿ ਅਜਿਹੇ ਲੋਕ ਹਨ ਜਿਹੜੇ ਮੁਸ਼ਕਿਲ ਦੇ ਵਕਤ ਉਹਦੇ ਕੋਲ ਮੁੜ ਆਉਂਦੇ ਹਨ (ਪਸ਼ਚਾਤਾਪੀ ਡਾਕੂ ਵਾਂਗ)।

**ਅਦੁੱਤੇ ਸੋਗ ਕਰਨ ਵਾਲੇ**

ਅਜਿਹੇ ਖ਼ਾਸ ਲੋਕ ਅੱਜ ਵੀ ਹਨ ਜੋ ਆਪਣੀਆਂ ਅੱਖਾਂ ਵਿਚ ਹੰਝੂ ਲਏ ਬਗੈਰ ਸਲੀਬ ਦਾ ਅਪਮਾਨ ਕਰਦੇ ਹਨ।

**ਅਣਜਾਣ ਢੀਠ**

ਜਦ ਯਿਸੂ ਨੇ ''ਏਲੀ'' ਪੁਕਾਰਿਆ ਤਾਂ ਉਨ੍ਹਾਂ ਨੂੰ ਲੱਗਾ ਕਿ ਉਸ ਨੇ ''ਏਲੀਯਾਹ'' ਆਖਿਆ ਹੈ ਅਤੇ ਇਹ ਵੇਖਣ ਲਈ ਰੁਕ ਗਏ ਕਿ ਏਲਿਯਾਹ ਕਦੋਂ ਆਉਂਦਾ ਹੈ। ਜਦ ਲੋਕ ਥਿਓਲੋਜੀ ਵਿਚ ਉਲਝ ਜਾਂਦੇ ਹਨ ਤਾਂ ਉਹ ਵਿਹਾਰ ਵਿਚ ਵੀ ਉਲਝ ਜਾਣਗੇ।

**ਪ੍ਰਭਾਵ ਪਾਉਣ ਦੇ ਯੋਗ ਦਰਸਕ**

ਸੂਬੇਦਾਰ ਅਤੇ ਸਿਪਾਹੀ ਯਿਸੂ ਦੀ ਮੌਤ ਅਤੇ ਉਸ ਦੇ ਬਾਅਦ ਆਏ ਭੁਚਾਲ ਤੋਂ ਪ੍ਰਭਾਵਿਤ ਹੋਏ ਸਨ। ਭੀੜ ਦੇ ਲੋਕਾਂ ਨੇ ਸਿਆਪਾ ਕੀਤਾ ਸੀ। ਕੀ ਤੁਸੀਂ ਸਲੀਬ ਨੂੰ ਵੇਖ ਕੇ ਪ੍ਰਭਾਵਿਤ ਹੋਏ ਬਗੈਰ ਰਹਿ ਸਕਦੇ ਹੋ?

ਜਦ ਯਿਸੂ ਗਲਗਥਾ ਨੂੰ ਆਇਆ
ਉਨ੍ਹਾਂ ਉਸ ਨੂੰ ਰੁੱਖ ਉੱਤੇ ਟੰਗ ਦਿੱਤਾ।
ਉਨ੍ਹਾਂ ਉਹਦੇ ਹੱਥਾਂ ਅਤੇ ਪੈਰਾਂ ਵਿਚ ਮੇਖਾਂ ਠੋਕ ਦਿੱਤੀਆਂ
ਹਾਂ ਕਲਵਰੀ ਤੇ।
ਉਨ੍ਹਾਂ ਉਸ ਨੂੰ ਕੰਡਿਆਂ ਤਾ ਤਾਜ ਪੁਆ ਦਿੱਤਾ।
ਉਹਦੇ ਜ਼ਖ਼ਮ ਲਾਲ ਸੂਹੇ ਅਤੇ ਡੂੰਘੇ ਸਨ
ਕਿਉਂ ਜੋ ਉਹ ਅਸੱਭਿਅ ਅਤੇ ਜ਼ਾਲਿਮ ਦਿਨ ਸਨ
ਅਤੇ ਇਨਸਾਨ ਦੇ ਮਾਸ ਦੀ ਕਦਰ ਨਹੀਂ ਸੀ।

ਜਦ ਯਿਸੂ ਆਪਣੇ ਸ਼ਹਿਰ ਨੂੰ ਆਇਆ
ਉਹ ਬਸ ਉਹਦੇ ਕੋਲੋਂ ਦੀ ਲੰਘ ਗਏ,
ਉਨ੍ਹਾਂ ਉਸ ਦਾ ਵਾਲ ਤਕ ਵਿੰਗਾ ਨਾ ਕੀਤਾ,
ਉਨ੍ਹਾਂ ਉਸ ਨੂੰ ਸਿਰਫ਼ ਮਾਰ ਦਿੱਤਾ।
ਲੋਕ ਹੁਣ ਵਧ ਗਏ ਅਤੇ ਨਾਜ਼ੁਕ ਹੋ ਗਏ ਹਨ
ਅਤੇ ਉਹ ਉਸ ਨੂੰ ਤਕਲੀਫ਼ ਨਹੀਂ ਦੇਣਗੇ।
ਉਹ ਸਿਰਫ਼ ਗਲੀ ਵਿੱਚੋਂ ਦੀ ਨਿਕਲ ਗਏ
ਅਤੇ ਉਸ ਬਾਰਿਸ਼ ਵਿਚ ਛੱਡ ਗਏ।

ਯਿਸੂ ਫੇਰ ਵੀ ਪੁਕਾਰਿਆ, ''ਇਨ੍ਹਾਂ ਨੂੰ ਮਾਫ਼ ਕਰ ਦੇ
ਕਿਉਂ ਜੋ ਇਹ ਨਹੀਂ ਜਾਣਦੇ ਕਿ ਕੀ ਕਰਦੇ ਹਨ,''
ਅਤੇ ਸਿਆਲ ਦੀ ਬਾਰਿਸ਼ ਫੇਰ ਵੀ ਹੋਈ
ਅਤੇ ਉਸ ਨੂੰ ਪੂਰਾ ਗੜੁੱਚ ਕਰ ਗਈ।
ਭੀੜ ਘਰ ਨੂੰ ਚਲੀ ਗਈ ਅਤੇ ਗਲੀਆਂ ਨੂੰ ਬਿਨਾਂ ਰੂਹ ਦੇ

ਉਸ ਨੂੰ ਵੇਖਣ ਲਈ ਛੱਡ ਗਈ।
ਅਤੇ ਯਿਸੂ ਕੰਧ ਵਲ ਨੂੰ ਝੁਕਿਆ ਅਤੇ ਕਲਵਰੀ ਲਈ ਪੁਕਾਰਿਆ।

ਜੀ. ਏ. ਸਟੱਡਰਟ– ਕੈਨੇਡੀ[3]

---

ਟਿੱਪਣੀਆਂ

[1]ਬਾਰਟਨ'ਜ਼ ਓਲਡ ਪਲੈਂਟੇਸ਼ਨ ਹਿੰਮਜ਼, 1899; ਪ੍ਰੇਜ਼ ਫ਼ਾਰ ਦ ਲੌਰਡ, ਸੰਪਾ. ਜੌਨ ਪੀ. ਵਿਅਗੈ ੰਡ (ਨੈਸ਼ਵਿੱਲੇ: ਪ੍ਰੇਜ਼ ਪ੍ਰੈੱਸ, 1997) ਵਿਚ ਦੁਹਰਾਇਆ ਗਿਆ। [2]ਤੁਹਾਨੂੰ ਚਾਹੀਦਾ ਹੈ ਕਿ ਰੋਮੀ ਸਿਪਾਹੀਆਂ ਨੂੰ ਉਨ੍ਹਾਂ ਦੀਆਂ ਰੰਗਦਾਰ ਵਰਦੀਆਂ ਵਿਚ, ਯਹੂਦੀ ਆਗੂਆਂ ਨੂੰ ਉਨ੍ਹਾਂ ਦੇ ਪ੍ਰਭਾਵਸ਼ਾਲੀ ਚੋਗਿਆਂ ਵਿਚ ਵਿਖਾਉਂਦੇ ਹੋਏ ਕੁਝ ਵਰਗਾਂ ਦੇ ਸ਼ਬਦ ਚਿੱਤਰ ਬਣਾਓ। [3] ਮੈਕ ਲਿਓਨ, *ਇਨ ਸਰਚ ਆਫ਼ ਦ ਲੌਰਡ'ਜ਼ ਵੇ* (ਅਕਤੂਬਰ, 1999), 18–19 ਤੋਂ ਲਏ ਗਏ ਪ੍ਰੋਗਰਾਮ ਟ੍ਰਾਂਸਕ੍ਰਿਪਟ ਵਿਚ ਦੁਹਰਾਇਆ ਗਿਆ।

# ਯਿਸੂ ਕਿਸ ਦਿਨ ਮਰਿਆ ਸੀ?

*ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ਯਿਸੂ ਦੇ ਜੀ ਉੱਠਣ ਬਾਰੇ ਵਿਸਤਾਰ ਨਾਲ ਅਧਿਐਨ ਕਰਨ ਲਈ ਇਸ ਵਿਸ਼ੇ ਤੇ ਹੋਰ ਵਿਚਾਰ ਦੇ ਵਾਅਦੇ ਨਾਲ ''ਤਿੰਨ ਦਿਨ ਅਤੇ ਤਿੰਨ ਰਾਤਾਂ'' (ਮੱਤੀ 12:40) ਨਾਮਕ ਇਕ ਲੇਖ ਸੀ। ਹੋਰ ਥਾਂਵਾਂ ਤੇ ਵੀ ਅਸੀਂ ਆਖ਼ਰੀ ਹਫ਼ਤੇ ਦੇ ਕਾਲਕ੍ਰਮ, ਖ਼ਾਸ ਕਰਕੇ ਯਿਸੂ ਦੀ ਮੌਤ ਦੇ ਦਿਨ ਅਤੇ ਉਸ ਦੇ ਕਬਰ ਵਿਚ ਰਹਿਣ ਦੇ ਸਮੇਂ ਦੀ ਚਰਚਾ ਦੀ ਗੱਲ ਕੀਤੀ ਸੀ। ਪਿਛਲੇ ਅਧਿਐਨ ਵਿਚ ਅਸੀਂ ਯਿਸੂ ਦੇ ਕਬਰ ਵਿਚ ਰਹਿਣ ਦੇ ਸਮੇਂ ਨਾਲ ਸਬੰਧਤ ਆਇਤਾਂ ਵਿਚ ਵੇਖਿਆ ਸੀ, ਪਰ ਇਸ ਵਾਰ ਅਸੀਂ ਪੂਰੇ ਵਿਸ਼ੇ ਦੀ ਹੀ ਸਮੀਖਿਆ ਕਰਾਂਗੇ।

ਸਾਡੀ ਚਰਚਾ ਇਸ ਤੱਥ ਨਾਲ ਸ਼ੁਰੂ ਹੁੰਦੀ ਹੈ ਕਿ *ਯਿਸੂ ਹਫ਼ਤੇ ਦੇ ਪਹਿਲੇ ਦਿਨ ਜੀ ਉੱਠਿਆ।* ਮਰਕੁਸ ਲਿਖਦਾ ਹੈ ਕਿ ਯਿਸੂ ''ਹਫ਼ਤੇ ਦੇ ਪਹਿਲੇ ਦਿਨ ਤੜਕੇ'' ਜੀ ਉੱਠਿਆ (ਮਰਕੁਸ 16:9)[1] ਅਤੇ ਇੰਜੀਲ ਦੇ ਹੋਰ ਵਿਰਤਾਂਤ ਵੀ ਇਹੀ ਗੱਲ ਆਖਦੇ ਹਨ।[2] ਅੱਗੇ ਵਧਣ ਤੋਂ ਪਹਿਲਾਂ ਸਾਡੇ ਲਈ ਇਹ ਬੁਨਿਆਦੀ ਸਚਿਆਈ ਨੂੰ ਮੰਨਣਾ ਜ਼ਰੂਰੀ ਹੈ।

ਇਹ ਮੰਨਦੇ ਹੋਏ ਕਿ ਅਸੀਂ ਉਸ ਦੇ *ਜੀ ਉੱਠਣ* ਦੇ ਦਿਨ ਤੇ ਸਹਿਮਤ ਹਾਂ, ਸਾਡਾ ਮੂਲ ਸਵਾਲ ਉਹੀ ਰਹਿੰਦਾ ਹੈ ਕਿ ''ਯਿਸੂ ਕਿਸ ਦਿਨ *ਮਰਿਆ?''* ਸਦੀਆਂ ਤੋਂ ਜ਼ਿਆਦਾਤਰ ਲੋਕਾਂ ਦਾ ਇਹੀ ਮੰਨਣਾ ਹੈ ਕਿ ਯਿਸੂ ਹਫ਼ਤੇ ਦੇ ਛੇਵੇਂ ਦਿਨ ਭਾਵ ਸ਼ੁੱਕਰਵਾਰ ਵਾਲੇ ਦਿਨ ਮਰਿਆ।[3] ਰੌਬਰਟ ਥੌਮਸ ਅਤੇ ਗੁੰਡਰੀ ਨੇ ਲਿਖਿਆ ਹੈ, ''... ਕਲੀਸੀਆ ਨੇ ਰਵਾਇਤੀ ਤੌਰ ਤੇ ਯਿਸੂ ਦੇ ਮਰਨ ਦਿਨ ਨੂੰ ਸ਼ੁੱਕਰਵਾਰ ਵਾਲੇ ਦਿਨ ਦੇ ਰੂਪ ਵਿਚ ਵੇਖਿਆ ਹੈ। ... ਬਾਈਬਲ ਦਾ ਸਭ ਤੋਂ ਵਧੀਆ ਸਬੂਤ ਸ਼ੁੱਕਰਵਾਰ ਵਾਲੇ ਦਿਨ ਸਲੀਬ ਤੇ ਜਾਣ ਦਾ ਹਮਾਇਤੀ ਹੈ।''[4] ਮਸੀਹ ਦੀ ਸੇਵਕਾਈ ਦੇ ਆਖ਼ਰੀ ਹਫ਼ਤੇ ਦੀ ਮੇਰੀ ਇਕਸੁਰਤਾ ਵੀ ਇਸੇ ਨਿਚੋੜ ਤੇ ਅਧਾਰਿਤ ਹੈ।

ਪਰ ਸਦੀਆਂ ਤੋਂ ਵੱਖੋ ਵੱਖ ਵਿਚਾਰ ਬਣੇ ਹਨ। ਉਦਾਹਰਣ ਲਈ, ਦੂਜੀ ਸਦੀ ਵਿਚ ਕਲੀਸੀਆ ਦਾ ਇਕ ਧੜਾ ਮਸੀਹ ਵੱਲੋਂ ਪਸਾਹ ਦਾ ਭੋਜ ਖਾਧੇ ਜਾਣ ਵਾਲੇ ਦਿਨ ਨੂੰ ਮਨਾਉਣ ਲੱਗਾ। ਇਸ ਦੇ ਵਿਰੋਧ ਵਿਚ ਕੁਝ ਲੋਕਾਂ ਨੇ ਇਨਕਾਰ ਕੀਤਾ ਕਿ ਯਿਸੂ ਨੇ ਅਸਲ ਵਿਚ ਪਸਾਹ ਖਾਧਾ ਸੀ। ਇਸ ਤੱਥ ਨਾਲ ਕਿ ਯਿਸੂ ਉਸੇ ਦਿਨ ਮਰਿਆ ਜਿਸ ਦਿਨ ਉਸ ਨੇ ਭੋਜ ਖਾਧਾ ਸੀ। (ਇਹ ਜੋ ਵੀ ਸੀ) ਪਰ ਮਸੀਹ ਦੇ ਮਰਨ ਦੇ ਦਿਨ ਦੀ ਉਨ੍ਹਾਂ ਦੀ ਸਿੱਖਿਆ ਪ੍ਰਭਾਵਿਤ ਹੋਈ।

ਕੁਝ ਲੋਕ ਅੱਜ ਇਹ ਸੋਚਦੇ ਹਨ ਕਿ ਯਿਸੂ ਸ਼ੁੱਕਰਵਾਰ ਵਾਲੇ ਦਿਨ ਨਹੀਂ ਮਰਿਆ ਸੀ। ਯੂਨਾਨੀ ਵਿਦਵਾਨ ਬੀ. ਐਫ਼. ਵੈਸਟਕੌਟ ਨੇ ਦਲੀਲ ਦਿੱਤੀ ਕਿ ਮਸੀਹ ਵੀਰਵਾਰ ਵਾਲੇ ਦਿਨ ਸਲੀਬ ਤੇ ਦਿੱਤਾ ਗਿਆ ਸੀ।[5] ਮਸ਼ਹੂਰ *ਨੈਰੇਟਡ ਬਾਈਬਲ* ਵਿਚ ਸੁਝਾਅ ਹੈ ਕਿ ਯਿਸੂ ਵੀਰਵਾਰ ਵਾਲੇ ਦਿਨ ਮਰਿਆ ਹੋਵੇਗਾ।[6] ਮੇਰੀਆਂ ਫ਼ਾਈਲਾਂ ਵਿਚ ਇਕ ਕਿਤਾਬਚਾ ਹੈ ਜੋ ਮੈਨੂੰ ਕਿਸੇ ਭਾਈ ਨੇ ਵਿਦੇਸ਼ ਤੋਂ ਭੇਜਿਆ ਸੀ, ਉਸ ਵਿਚ ਜ਼ੋਰ ਦਿੱਤਾ ਗਿਆ ਹੈ ਕਿ ਪ੍ਰਭੂ ਦੀ ਮੌਤ ਬੁੱਧਵਾਰ ਨੂੰ ਹੋਈ ਸੀ।

ਇਸ ਸਵਾਲ ਦੇ ਨਿਚੋੜ ਤੇ ਪਹੁੰਚਣਾ *ਵਿਸ਼ਵਾਸ ਦੀ ਗੱਲ ਨਹੀਂ* ਹੈ। ਜਦ ਤਕ ਅਸੀਂ ਇਸ ਗੱਲ ਤੇ ਸਹਿਮਤ ਹਾਂ ਕਿ *ਯਿਸੂ ਪਹਿਲੇ ਦਿਨ ਜੀ ਉੱਠਿਆ ਸੀ,* ਅਸੀਂ ਆਪਣੀ ਸੰਗਤੀ ਤੇ ਅਸਹਿਮਤੀ ਦਾ ਪ੍ਰਭਾਵ ਦਿੱਤੇ ਬਗੈਰ ਉਸ ਦੀ ਮੌਤ ਦੇ ਦਿਨ ਤੇ ਅਸਹਿਮਤ ਹੋ ਸਕਦੇ ਹਾਂ। ਇਹ ਸਵਾਲ ਮੁੱਖ ਤੌਰ ਤੇ ਯਿਸੂ ਦੀ ਆਮ ਸੇਵਕਾਈ ਦੇ ਆਖ਼ਰੀ ਹਫ਼ਤੇ ਦੀਆਂ ਘਟਨਾਵਾਂ ਨੂੰ ਸਾਡੇ ਤਰਤੀਬਬੱਧ ਕਰਨ ਦੇ ਢੰਗ ਦਾ ਹੈ। ਤਾਂ ਵੀ ਇਸ ਨਾਲ ਕੁਝ ਲੋਕਾਂ ਨੂੰ ਫ਼ਰਕ ਪੈਂਦਾ ਹੈ, ਇਸ ਕਰਕੇ ਅਸੀਂ ਕੁਝ ਦੇਰ ਲਈ ਇਸ ਤੇ ਚਰਚਾ ਕਰਾਂਗੇ।

## ਸ਼ੁੱਕਰਵਾਰ ਵਾਲੇ ਦਿਨ ਉਸਦੀ ਮੌਤ ਹੋਣ ਨੂੰ ਮੰਨਣ ਦੇ ਕਾਰਣ

ਪਹਿਲਾਂ ਤਾਂ ਮੈਂ ਤੁਹਾਨੂੰ ਦੋ ਕਾਰਣ ਦੱਸਣਾ ਚਾਹੁੰਦਾ ਹਾਂ ਕਿ ਯਿਸੂ ਦੇ ਸ਼ੁੱਕਰਵਾਰ ਵਾਲੇ ਦਿਨ ਮੌਤ ਦੀ ਗੱਲ ਨੂੰ ਮੈਂ ਕਿਉਂ ਮੰਨਦਾ ਹਾਂ। (ਇਸ ਲੇਖ ਦੀਆਂ ਟਿੱਪਣੀਆਂ ਵਿਚ ਵਾਧੂ ਜਾਣਕਾਰੀ ਲਈ ਤੁਹਾਨੂੰ ਪਿਛਲੇ ਪਾਠਾਂ ਵਿਚ ਵੇਖਣ ਲਈ ਕਿਹਾ ਜਾਵੇਗਾ)।

(1) ਮੇਰਾ ਮੰਨਣਾ ਹੈ ਕਿ ਯਿਸੂ ਨੇ ਅਸਲ ਵਿਚ ਪਸਾਹ ਖਾਧਾ, ਭਾਵ ''ਪਸਾਹ ਵਰਗਾ'' ਕੁਝ ਨਹੀਂ ''ਬਲਕਿ ਪਸਾਹ'' ਦਾ ਭੋਜ ਹੀ ਖਾਧਾ।[7] ਇਹ ਸਵਾਲ ਕਿ ਯਿਸੂ ਨੇ ਅਸਲ ਵਿਚ ਪਸਾਹ ਖਾਧਾ ਜਾਂ ਨਹੀਂ, ਇਸ ਚਰਚਾ ਦਾ ਜ਼ਰੂਰੀ ਹਿੱਸਾ ਹੈ। ਲੂਕਾ ਨੇ ਲਿਖਿਆ, ''ਪਤੀਰੀ ਰੋਟੀ ਦਾ ਦਿਨ ਆਇਆ ਜਿਸ ਵਿਚ *ਪਸਾਹ* ਦੇ ਲਈ ਬਲੀਦਾਨ ਦੇਣਾ ਸੀ'' (ਲੂਕਾ 22:7)। ਮੱਤੀ ਨੇ ਕਿਹਾ ਕਿ ''ਪਤੀਰੀ ਰੋਟੀ ਦੇ ਤਿਉਹਾਰ ਦੇ ਪਹਿਲੇ ਦਿਨ ਚੇਲਿਆਂ ਨੇ ਯਿਸੂ ਕੋਲ ਆਣ ਕੇ ਆਖਿਆ, ਤੂੰ ਕਿੱਥੇ ਚਾਹੁੰਦਾ ਹੈਂ ਜੋ ਅਸੀਂ ਤੇਰੇ ਖਾਣ ਲਈ *ਪਸਾਹ* ਤਿਆਰ ਕਰੀਏ'' (ਮੱਤੀ 26:17)। ਯਿਸੂ ਨੇ ਚੇਲਿਆਂ ਨੂੰ ਦੱਸਿਆ, ''ਸ਼ਹਿਰ ਵਿਚ ਫਲਾਣੇ ਕੋਲ ਜਾ ਕੇ ਉਹਨੂੰ ਕਹੋ ਕਿ ਭਈ ਗੁਰੂ ਆਖਦਾ ਹੈ ਕਿ ਮੇਰਾ ਵੇਲਾ ਨੇੜੇ ਆ ਗਿਆ। ਮੈਂ ਆਪਣੇ ਚੇਲਿਆਂ ਨਾਲ ਤੇਰੇ ਘਰ *ਪਸਾਹ* ਦਾ ਤਿਓਹਾਰ ਕਰਾਂਗਾ'' (ਮੱਤੀ 26:18 )। ਫਿਰ ''ਚੇਲਿਆਂ ਨੂੰ ਜਿਸ ਤਰ੍ਹਾਂ ਯਿਸੂ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਸੀ ਉਸੇ ਤਰ੍ਹਾਂ ਕੀਤਾ ਅਤੇ ਪਸਾਹ ਦੀ ਤਿਆਰ ਕੀਤੀ'' (ਮੱਤੀ 26:19)। ''ਜਾਂ ਸੰਝ ਹੋਈ *[*ਪਸਾਹ ਦੀ ਸ਼ੁਰੂਆਤ ਦੇ ਦਿਨ ਦੀ ਤਿਆਰੀ ਕਰ ਲੈਣ ਦੇ ਬਾਅਦ ਸੂਰਜ ਡੁੱਬਣ ਵੇਲੇ*]* ਤਾਂ ਉਹ ਬਾਰ੍ਹਾਂ ਚੇਲਿਆਂ ਸਣੇ ਬੈਠਾ ਖਾਂਦਾ ਸੀ'' (ਮੱਤੀ 26:20)। ਖਾਣ ਲਈ ਆਪਣੇ ਚੇਲਿਆਂ ਨਾਲ ਝੁਕੇ ਹੋਏ, ''ਉਸ ਨੇ ਉਨ੍ਹਾਂ ਨੂੰ ਕਿਹਾ ਕਿ ਮੈਂ ਵੱਡੀ ਇੱਛਿਆ ਨਾਲ ਚਾਹਿਆ ਜੋ ਆਪਣੇ ਕਸ਼ਟ ਭੋਗਣ ਤੋਂ ਪਹਿਲਾਂ ਇਹ ਪਸਾਹ ਤੁਹਾਡੇ ਨਾਲ ਖਾਵਾਂ'' (ਲੂਕਾ 22:15)। ਇਨ੍ਹਾਂ ਆਇਤਾਂ ਵਿੱਚੋਂ ਮੈਂ ਇਹ ਨਿਚੋੜ ਕੱਢਦਾ ਹਾਂ ਕਿ ਯਿਸੂ ਨੇ ਪਸਾਹ ਦਾ ਭੋਜ ਖਾਧਾ।[8] ਯਿਸੂ ਉਸੇ ਦਿਨ ਮਰਿਆ ਜਿਸ ਦਿਨ ਉਸ ਨੇ ਭੋਜ ਖਾਧਾ ਸੀ ਅਤੇ ਆਮ ਸਹਿਮਤੀ ਪਾਈ ਜਾਂਦੀ ਹੈ ਕਿ ਦੋ ਕੁ ਸਾਲ ਪਸਾਹ ਸ਼ੁੱਕਰਵਾਰ ਵਾਲੇ ਦਿਨ ਆਇਆ ਇਸ ਕਰਕੇ ਇਸ ਤੋਂ ਭਾਵ ਇਹ ਹੋਵੇਗਾ ਕਿ ਯਿਸੂ ਸ਼ੁੱਕਰਵਾਰ ਵਾਲੇ ਦਿਨ ਹੀ ਮਰਿਆ ਸੀ।

(2) ਮੇਰਾ ਮੰਨਣਾ ਹੈ ਕਿ ਯਿਸੂ ਸਤਵੇਂ ਦਿਨ ਵਾਲੇ ਸੱਬਤ ਤੋਂ ਪਹਿਲਾਂ ਮਰਿਆ ਸੀ। ਇੰਜੀਲ ਦੇ ਸਭ ਵਿਰਤਾਂਤਾਂ ਵਿਚ ਸੰਕੇਤ ਹੈ ਕਿ ਯਿਸੂ ''ਤਿਆਰੀ ਦੇ ਦਿਨ'' ਮਰਿਆ (ਯੂਹੰਨਾ 19:31; ਵੇਖੋ ਮਰਕੁਸ 15:42; ਲੂਕਾ 23:54; ਵੇਖੋ ਮੱਤੀ 27:62)। ਇਹ ਸੱਬਤ ਦੀ ਦਿਆਰੀ ਦਾ ਦਿਨ ਸੀ। ਮਰਕੁਸ ਨੇ ਲਿਖਿਆ ਕਿ ''ਉਹ ਤਿਆਰੀ ਦਾ ਦਿਨ ਸੀ ਅਰਥਾਤ ਉਹ ਜਿਹੜਾ ਸੱਬਤ ਤੋਂ ਇਕ ਦਿਨ ਪਹਿਲਾਂ ਹੁੰਦਾ ਹੈ'' (ਮਰਕੁਸ 15:42; ਵੇਖੋ ਲੂਕਾ 23:54; ਯੂਹੰਨਾ 19:31)। ਕੁਝ ਲੋਕਾਂ ਨੇ ਸਤਵੇਂ ਦਿਨ ਤੋਂ ਇਲਾਵਾ ਸੰਝ ਦੇ ਦੌਰਾਨ ਇਸ ''ਸੱਬਤ'' ਨੂੰ ਖ਼ਾਸ ''ਅਰਾਮ ਦਾ ਦਿਨ'' ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਕਬਰ ਤੇ ਦੋ ਔਰਤਾਂ ਵਾਲੇ ਲੂਕਾ ਦਾ ਕਾਲਕ੍ਰਮ ਅਜਿਹੇ ਕਿਸੇ ਵੀ ਨਿਚੋੜ ਨੂੰ ਖਾਰਜ ਕਰਦਾ ਨਜ਼ਰ ਆਉਂਦਾ ਹੈ।

- ਯੂਸੁਫ਼ ਅਤੇ ਨਿਕੁਦੇਮੁਸ ਵੱਲੋਂ ਯਿਸੂ ਨੂੰ ਦਫ਼ਨਾਏ ਜਾਣ ਬਾਰੇ ਲੂਕਾ ਨੇ ਲਿਖਿਆ, ''ਉਹ ਤਿਆਰੀ ਦਾ ਦਿਨ ਸੀ ਅਤੇ ਸੱਬਤ ਦਾ ਦਿਨ ਨੇੜੇ ਆ ਪਹੁੰਚਿਆ'' (ਲੂਕਾ 23:54)। ਜਦ ਇਹ ਦੋਵੇਂ ਯਿਸੂ ਦੀ ਦੇਹ ਨੂੰ ਤਿਆਰ ਕਰ ਰਹੇ ਸਨ ਤਾਂ ਦੋ ਔਰਤਾਂ ਉਨ੍ਹਾਂ ਨੂੰ ਮਿਲੀਆਂ ਸਨ (ਲੂਕਾ 23:55)।
- ਸੂਰਜ ਡੁੱਬਣ ਅਤੇ ਸੱਬਤ ਸ਼ੁਰੂ ਹੋਣ ਤਕ, ਦੋਹਾਂ ਔਰਤਾਂ ਨੇ ''ਮੁੜ *[*ਉਸ ਇਲਾਕੇ ਵਿੱਚੋਂ ਜਾ ਰਹੀਆਂ ਸਨ*]* ਕੇ ਸੁਗੰਧਾਂ ਅਤੇ ਅਤਰ ਤਿਆਰ ਕੀਤਾ'' (ਲੂਕਾ 23:56ੳ)। ਫਿਰ ''*ਸੱਬਤ ਦੇ ਦਿਨ* ਉਨ੍ਹਾਂ ਨੇ ਹੁਕਮ ਮੂਜਬ ਅਰਾਮ ਕੀਤਾ'' (ਲੂਕਾ 23:56ਅ; )।

- ''*ਪਰ ਹਫ਼ਤੇ ਦੇ ਪਹਿਲੇ ਦਿਨ* ਅੰਮ੍ਰਿਤ ਵੇਲੇ ਉਹ ਉਨ੍ਹਾਂ ਸੁਗੰਧਾਂ ਨੂੰ ਜਿਹੜੀਆਂ ਤਿਆਰ ਕੀਤੀਆਂ ਸਨ ਲੈ ਕੇ ਕਬਰ ਉੱਤੇ ਆਈਆਂ'' (ਲੂਕਾ 24:1)।

ਲੂਕਾ 24:1 ਵਿਚ ਲੂਕਾ 23:56 ਦੀ ਗੱਲ ਅੱਗੇ ਕੀਤੀ ਹੈ। ਸੰਕੇਤ ਇਹ ਹੈ ਕਿ ''ਹਫ਼ਤੇ ਦਾ ਪਹਿਲਾ ਦਿਨ'' ਸੱਬਤ ਤੋਂ ਅਗਲਾ ਦਿਨ ਹੈ, ਜਦ ਉਨ੍ਹਾਂ ਨੇ ਅਰਾਮ ਕੀਤਾ (ਵੇਖੋ ਮੱਤੀ 28:1) ਜੋ ਸੱਬਤ ਨੂੰ ਆਮ ਸਤਵੇਂ ਦਿਨ ਦਾ ਸੱਬਤ ਬਣਾਉਂਦਾ ਹੈ। ਇਸ ਦਾ ਮਕਸਦ ਇਹ ਹੋਇਆ ਕਿ ਸੱਬਤ ਤੋਂ ਪਹਿਲਾਂ ਵਾਲੇ ਜਿਸ ਦਿਨ ਮਸੀਹ ਮਰਿਆ ਹਫ਼ਤੇ ਦਾ ਪਹਿਲਾ ਦਿਨ ਸੀ ਜੋ ਇਸ ਨੂੰ ਕਿਹਾ ਜਾਂਦਾ ਹੈ।

## ਇਤਰਾਜ਼ ਨੰ. 1: ਤਿੰਨ ਰਾਤਾਂ ਦਾ ਮਤਲਬ "72 ਘੰਟੇ"

ਸ਼ੁੱਕਰਵਾਰ ਵਾਲੇ ਦਿਨ ਯਿਸੂ ਦੇ ਮਰਨ ਦੀ ਗੱਲ ਤੇ ਵੱਡਾ ਇਤਰਾਜ਼ ਮੱਤੀ 12:40 ਵਿਚ ਮਸੀਹ ਦੀ ਗੱਲ ਹੈ ਕਿ ਜਿਵੇਂ ''ਯੂਨਾਹ ਤਿੰਨ ਦਿਨ ਅਤੇ ਤਿੰਨ ਰਾਤ ਮੱਛੀ ਦੇ ਢਿੱਡ ਵਿਚ ਸੀ ਉਸੇ ਤਰ੍ਹਾਂ ਮਨੁੱਖ ਦਾ ਪੁੱਤਰ ਤਿੰਨ ਦਿਨ ਅਤੇ ਤਿੰਨ ਰਾਤ ਧਰਤੀ ਦੇ ਅੰਦਰ ਹੋਵੇਗਾ'' (ਮੱਤੀ 12:40)। ਕੁਝ ਲੋਕ ''ਤਿੰਨ ਦਿਨ ਅਤੇ ਤਿੰਨ ਰਾਤ'' ਸ਼ਬਦਾਂ ਨੂੰ ਲੈ ਕੇ ਇਹ ਪੱਕਾ ਕਰਨ ਲਈ ਕਿ ਉਹ ਕਿਸ ਦਿਨ ਮਰਿਆ, ਹਫ਼ਤੇ ਦੇ ਪਹਿਲੇ ਦਿਨ ਤੋਂ ਜਿਸ ਦਿਨ ਮਸੀਹ ਜੀ ਉੱਠਿਆ, ਪਿੱਛੇ ਨੂੰ ਗਿਣਤੀ ਕਰਦੇ ਹਨ। ਫਿਰ ਉਹ ਇਸ ਨੂੰ ਆਪਣੇ ਨਿਚੋੜ ਦੇ ਮੁਤਾਬਿਕ ਬਣਾਉਣ ਲਈ ਲਿਖਤ ਦੇ ਹੋਰ ਵੇਰਵਿਆਂ ਨੂੰ ਜੋੜਦੇ ਹਨ।

ਸਵਾਲ ਇਹ ਹੈ ਕਿ ਯਿਸੂ ''ਤਿੰਨ ਦਿਨ ਅਤੇ ਤਿੰਨ ਰਾਤ'' ਸ਼ਬਦਾਂ ਦਾ ਮਤਲਬ ਬਹੱਤਰ ਘੰਟਿਆਂ ਦੇ ਤਿੰਨ ਕਾਲਾਂ ਦੇ ਰੂਪਾਂ ਵਿਚ ਲੈਣਾ ਚਾਹੁੰਦਾ ਸੀ ਜਾਂ ਨਹੀਂ।[9] ਇਸ ਗੱਲ ਤੋਂ ਕਿ ਉਹ ਆਮ ਤੌਰ ਤੇ ''ਤੀਜੇ ਦਿਨ'' ਜੀ ਉੱਠਣ ਦੀ ਗੱਲ ਕਰਦਾ ਸੀ, ਅਜਿਹਾ ਨਹੀਂ ਲਗਦਾ (ਮੱਤੀ 16:21; 17:23; 20:19; ਲੂਕਾ 24:7, 21, 46)। ਖ਼ੁਦਾ ਦੀ ਪ੍ਰੇਰਣਾ ਨਾਲ ਪੌਲੁਸ ਨੇ ਮੁੱਢਲੀ ਕਲੀਸੀਆ ਦੇ ਵਿਸ਼ਵਾਸ ਨੂੰ ਵਿਖਾਇਆ ਜਦ ਉਸਨੇ ਕਿਹਾ ਕਿ ਯਿਸੂ ''ਤੀਜੇ ਦਿਹਾੜੇ ਜੀ ਉੱਠੇਗਾ'' (1 ਕੁਰਿੰਥੀਆਂ 15:4)। ''ਤਿੰਨ ਦਿਨ ਅਤੇ ਤਿੰਨ ਰਾਤ'' ਦੇ ਵਿਹਾਰ ਵਿਚ ਜੀ ਉੱਠਣਾ ''ਤੀਜੇ ਦਿਨ ਨਹੀਂ ਬਲਕਿ ਚੌਥੇ ਦਿਨ'' ਹੋਣਾ ਸੀ।[10]

ਪੁਰਾਣੇ ਨੇਮ ਵਿਚ ਅਜਿਹੀ ਹੀ ਸ਼ਬਦਾਵਲੀ ਲਈ ਵੇਖੋ ਅਸਤਰ 4:16 ਅਤੇ 5:1 ਵਿਚ ਅਸਤਰ ਨੇ ਮਾਰਦਕਈ ਅਤੇ ਹੋਰ ਯਹੂਦੀਆਂ ਨੂੰ ''ਤਿੰਨ ਦਿਨ ਤਕ ਦਿਨ ਰਾਤ'' ਰੋਜ਼ਾ ਰੱਖਣ ਲਈ ਕਿਹਾ ਸੀ ਅਤੇ ਕਿਹਾ ਸੀ ਕਿ ਉਹ ਅਤੇ ਉਸ ਦੀਆਂ ਸਹੇਲੀਆਂ ਵੀ ਅਜਿਹਾ ਹੀ ਕਰਨਗੀਆਂ। ਤਿੰਨ ਦਿਨਾਂ ਬਾਅਦ ਉਸ ਨੇ ਰਾਜੇ ਕੋਲ ਜਾਣਾ ਸੀ। ਪਰ 5:1 ਵਿਚ ਲਿਖਿਆ ਹੈ ਕਿ ''ਤੀਜੇ ਦਿਨ'' ਰਾਣੀ ਅਸਤਰ ਦੇ ਬਾਦਸ਼ਾਹ ਕੋਲ ਗਈ।

ਮੱਤੀ 12 ਅਤੇ ਅਸਤਰ 4 ਅਤੇ 5 ਵਿਚ ''ਤਿੰਨ ਦਿਨਾਂ'' ਸ਼ਬਦਾਂ ਦੀ ਵਰਤੋਂ ਨੂੰ ਅਸੀਂ ਕਿਵੇਂ ਸਮਝਾ ਸਕਦੇ ਹਾਂ? ਕਈ ਵਿਦਵਾਨ ਸਹਿਮਤ ਹਨ ਕਿ ''ਯਹੂਦੀ ਲੋਕ ਦਿਨ ਦੇ ਇਕ ਹਿੱਸੇ ਨੂੰ ਸ਼ੁਰੂ ਜਾਂ ਅਖ਼ੀਰ ਵਿਚ ਆਉਣ ਤੇ ਇਕ ਪੂਰਾ ਦਿਨ ਮੰਨਦੇ ਸਨ।''[11] ਸਮੇਂ ਦੀ ਇਹ ਕੁਝ ਬਦਲਣਸ਼ੀਲ ਵਰਤੋਂ ਇਸ ਚਰਚਾ ਦੀਆਂ ਮੁੱਖ ਆਇਤਾਂ ਵਿਚ ਵੇਖੀ ਜਾ ਸਕਦੀ ਹੈ:

- ਕਈ ਵਾਰ ਲਿਖਤ ਵਿਚ ਯਿਸੂ ਦੇ *ਤੀਜੇ ਦਿਨ* ਦੇ ਬਾਅਦ (ਯੂ.: meta) ਜੀ ਉੱਠਣ ਦੀ ਗੱਲ ਮਿਲਦੀ ਹੈ (ਮੱਤੀ 27:63; ਮਰਕੁਸ 8:31; ਵੇਖੋ ਮਰਕੁਸ 9:31; 10:34[12])।
- ਦੂਜੇ ਪਾਸੇ ਲਿਖਤ ਵਿਚ ਇਹ ਵੀ ਸੰਕੇਤ ਮਿਲਦਾ ਹੈ ਕਿ ਯਿਸੂ ਨੇ *ਤੀਜੇ* ਦਿਨ ਜੀ ਉੱਠਣਾ ਸੀ (ਮੱਤੀ 16:21; 17:23; 20:19; ਲੂਕਾ 9:22; 18:33; 24:7,

46; ਵੇਖੋ 1 ਕੁਰਿੰਥੀਆਂ 15:4)।

- ਜੀ ਉੱਠਣ ਤੇ ਸਮਾਨਾਂਤਰ ਆਇਤਾਂ ਤੇ ਇਕ ਵਾਰ ''ਬਾਅਦ'' ਅਤੇ ''ਪਰ'' ਸ਼ਬਦਾਂ ਦੀ ਵਰਤੋਂ ਇਕ ਦੂਜੇ ਦੀ ਥਾਂ ਵਿਚ ਕੀਤੀ ਜਾਣੀ ਸੀ। ਉਦਾਹਰਣ ਲਈ ਮਰਕੁਸ ਨੇ ਲਿਖਿਆ ''ਤਿੰਨਾਂ ਦਿਨਾਂ *ਪਿੱਛੋਂ*'' ਉਹ ''ਜੀ ਉੱਠੇ'' (ਮਰਕੁਸ 8:31), ਜਦਕਿ ਮੱਤੀ ਅਤੇ ਲੂਕਾ ਅਨੁਸਾਰ ਉਸ ਨੇ ਕਿਹਾ ਕਿ ਉਹ ''*ਤੀਏ* ਦਿਨ ਜੀ ਉੱਠੇਗਾ'' (ਮੱਤੀ 16:21; ਲੂਕਾ 9:22;)।
- ਮਸੀਹ ਦੇ ਵੈਰੀਆਂ ਨੇ ਯਿਸੂ ਦੀ ਗੱਲ ਨੂੰ ਦੁਹਰਾਉਂਦਿਆਂ ਇਹ ਕਿਹਾ, ''ਮੈਂ ਤਿੰਨਾਂ ਦਿਨਾਂ ਪਿੱਛੋਂ ਜੀ ਉੱਠਾਂਗਾ'' (ਮੱਤੀ 27:63;), ਪਰ ਉਨ੍ਹਾਂ ਨੂੰ ''ਤਿੰਨ ਦਿਨਾਂ'' ਦਾ ਮਤਲਬ ਬਹੱਤਰ ਘੰਟਿਆਂ ਦੇ ਕਾਲ ਦੀ ਸਮਝ ਨਹੀਂ ਸੀ ਬਲਕਿ ਉਨ੍ਹਾਂ ਦੀ ਚਿੰਤਾ ''ਤੀਏ ਦਿਨ ਤੀਕ ਕਬਰ ਦੀ ਰਾਖੀ'' ਕਰਨ ਦੀ ਸੀ (ਮੱਤੀ 27:64)।[13]

ਯਿਸੂ ਦੀ ਮੌਤ ਲਈ ਕੋਈ ਭਾਂਵੇਂ ਜਿਹੜਾ ਵੀ ਦਿਨ ਚੁਨੇ, '' 'ਤਿੰਨ ਦਿਨ ਅਤੇ ਤਿਨ ਰਾਤ' ਦਾ ਮਤਲਬ ਇੰਜੀਲ ਦੇ ਵਿਰਤਾਂਤਾਂ ਵਿੱਚੋਂ ਬਹੱਤਰ ਘੰਟਿਆਂ ਦੇ ਰੂਪ ਵਿਚ ਨਹੀਂ ਕੱਢਿਆ ਜਾ ਸਕਦਾ।''[14] ਇਹ ਸੰਭਾਵਨਾ ਬੇਹਤਰ ਹੈ ਕਿ ਮੱਤੀ 12:40 ਵਿਚ ਯਿਸੂ ''ਕਾਲਕ੍ਰਮ ਵਿਚ ਹਿਸਾਬ ਵਾਂਗ ਜਵਾਬ ਪਾਉਣ'' ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ।[15] ਬਲਕਿ ਉਸ ਵੱਡੀ ਮੱਛੀ ਦੇ ਢਿੱਡ ਵਿਚ ਯੂਨਾਹ ਦੀ ਘਟਨਾ ਦੀ ਵਰਤੋਂ ਕਬਰ ਵਿਚ ਆਪਣੇ ਰਹਿਣ ਦੇ ਰੂਪ ਵਿਚ ਕਰ ਰਿਹਾ ਸੀ।

## ਇਤਰਾਜ਼ ਨੰ. 2: ਯੂਹੰਨਾ ਵਿਚ ਤਰਤੀਬ ਇੰਜੀਲ ਦੇ ਹੋਰ ਸਹਿਦਰਸ਼ੀ ਵਿਰਤਾਂਤਾਂ ਨਾਲੋਂ .ਫ਼ਰਕ ਹੈ

ਮੱਤੀ 12:40 ਦੇ ਬਾਅਦ ਸ਼ੁੱਕਰਵਾਰ ਵਾਲੇ ਦਿਨ ਸਲੀਬ ਦਿੱਤੇ ਜਾਣ ਦੀ ਗੱਲ ਤੇ ਸਭ ਤੋਂ ਆਮ ਗੱਲ ਇਹ ਹੈ ਕਿ ਯੂਹੰਨਾ ਦੇ ਵਿਰਤਾਂਤ ਦੀਆਂ ਪੰਜ ਆਇਤਾਂ ਇੰਜੀਲ ਦੇ ਸਹਿਦਰਸ਼ੀ ਵਿਰਤਾਂਤਾਂ ਵਿਚ ਮਸੀਹ ਦੀ ਜ਼ਿੰਦਗੀ ਵਿਚ ਆਖ਼ਰੀ ਘਟਨਾਵਾਂ ਨਾਲੋਂ ਫ਼ਰਕ ਹਨ। ਏ. ਟੀ. ਰੌਬਰਟਸਨ ਨੇ ਇਨ੍ਹਾਂ ਆਇਤਾਂ ਨਾਲ ਵਿਸਤਾਰ ਸਹਿਤ ਚਰਚਾ ਕੀਤੀ ਹੈ: ''ਇਨ੍ਹਾਂ ਅਇਤਾਂ ਵਿੱਚੋਂ ਹਰੇਕ ਦੀ ਧਿਆਨ ਨਾਲ ਪਰਖ ਕਰਨ ਤੇ ਪਤਾ ਲੱਗ ਜਾਵੇਗਾ ਕਿ ਯੂਹੰਨਾ ਇਹ ਨਹੀਂ ਕਹਿੰਦਾ ਕਿ ਯਿਸੂ ਨੇ ਆਮ ਸਮੇਂ ਤੋਂ ਇਕ ਦਿਨ ਪਹਿਲਾਂ ਪਸਾਹ ਦਾ ਭੋਜ ਖਾ ਲਿਆ, ਬਲਕਿ ਇਸ ਤੋਂ ਬਿਲਕੁਲ ਉਲਟ ਹੈ।''[16] ਕਾਗਜ਼ ਦੀ ਕਮੀ ਇਸ ਸਵਾਲ ਦੀਆਂ ਕੁਝ ਆਇਤਾਂ ਨਾਲ ਸੰਖੇਪ ਟਿੱਪਣੀਆਂ ਦੇਣ ਦੀ ਇਜਾਜ਼ਤ ਦਵੇਗੀ।[17]

- ਯੂਹੰਨਾ 13:1 ਵਿਚ ''ਪਸਾਹ ਦੇ ਤਿਉਹਾਰ ਤੋਂ ਪਹਿਲਾਂ'' ਹੈ, ਜਦਕਿ ਅਗਲੀ ਆਇਤ ''ਖਾਣ ਦੇ ਵੇਲੇ'' ਸ਼ਬਦਾਂ ਨਾਲ ਖਤਮ ਹੁੰਦੀ ਹੈ। ਸ਼ੁੱਕਰਵਾਰ ਨੂੰ ਸਲੀਬ ਦੀ ਗੱਲ ਨੂੰ ਨਕਾਰਨ ਵਾਲੇ ਲੋਕ ਇਹ ਇਲਜ਼ਾਮ ਲਾਉਂਦੇ ਹਨ ਕਿ ਯੂਹੰਨਾ 13:2 ਤੋਂ ਸਾਬਤ ਹੁੰਦਾ ਹੈ ਕਿ ਚੁਬਾਰੇ ਵਿਚ ਖਾਧਾ ਗਿਆ ਭੋਜਨ ਪਸਾਹ ਨਹੀਂ ਹੋ ਸਕਦਾ। ਪਰ ਯੂਹੰਨਾ ਦੇ ਵਿਰਤਾਂਤ ਨੂੰ ਸਹਿਦਰਸ਼ੀ ਵਿਸਤਾਂਤਾਂ ਨਾਲ ਮਿਲਾਉਣ ਦੇ ਲਈ, ਯੂਹੰਨਾ 13:1, 2 ਪਸਾਹ ਦੇ ਝੱਟ ਪਹਿਲਾਂ ਦੇ ਸਮੇਂ ਦੀ ਗੱਲ ਕਰਦਾ ਲਗਦਾ ਹੈ ਜਦਕਿ ਆਇਤ 2 ਦੇ ਅਖ਼ੀਰ ਵਿਚ ਪਸਾਹ ਦੇ ਖਾਣੇ ਦੀ ਗੱਲ ਹੈ।
- ਚੁਬਾਰੇ ਵਾਲੇ ਕਮਰੇ ਵਿਚ ਭੋਜ ਵੇਲੇ ਯਿਸੂ ਨੇ ਯਹੂਦਾ ਨੂੰ ਕਿਹਾ, ''ਜੋ ਤੂੰ ਕਰਨਾ ਹੈ ਉਹ ਛੇਤੀ ਕਰ'' (ਯੂਹੰਨਾ 13:27)। ਹੋਰਨਾਂ ਰਸੂਲਾਂ ਨੂੰ ਲੱਗਾ ਕਿ ਯਿਸੂ ਉਸ ਨੂੰ ਕਹਿ ਰਿਹਾ ਹੈ ਕਿ ''ਤਿਉਹਾਰ ਦੇ ਲਈ ਜੋ ਕੁਝ ਸਾਨੂੰ ਲੋੜੀਂਦਾ ਹੈ ਸੋ ਮੁੱਲ ਲਿਆ'' (ਯੂਹੰਨਾ 13:29)।

ਸ਼ੁੱਕਰਵਾਰ ਵਾਲੇ ਦਿਨ ਸਲੀਬ ਦਿੱਤੇ ਜਾਣ ਦੀ ਗੱਲ ਨੂੰ ਨਕਾਰਨ ਵਾਲਿਆਂ ਦਾ ਮੰਨਣਾ ਹੈ ਕਿ ''ਤਿਉਹਾਰ'' ਪਸਾਹ ਨੂੰ ਕਿਹਾ ਗਿਆ ਹੈ ਅਤੇ ਇਸ ਕਰਕੇ ਯਿਸੂ ਅਤੇ ਰਸੂਲ ਪਸਾਹ ਨਹੀਂ ਖਾ ਸਕਦੇ ਸਨ। ਇਹ ਬੇਲੋੜਾ ਜੋੜ ਹੈ। ਇਕ ਦਿਨ ਦੇ ਪਸਾਹ ਦੇ ਤਿਉਹਾਰ ਦੇ ਬਾਅਦ ਹਫ਼ਤਾ ਭਰ ਚੱਲਣ ਵਾਲਾ ਪਤੀਰੀ ਰੋਟੀ ਦਾ ਤਿਉਹਾਰ ਹੀ ਕੀਤਾ ਸੀ। ਦੂਜੇ ਰਸੂਲਾਂ ਨੂੰ ਇਹ ਲੱਗਾ ਹੋਵੇਗਾ ਕਿ ਯਹੂਦਾ ਬਾਅਦ ਲਈ ਤਿਆਰੀ ਕਰਨ ਵਾਲਾ ਹੈ।

- ਯਿਸੂ ਨੂੰ ਪਿਲਾਤੁਸ ਕੋਲ ਲਿਆਉਣ ਵਾਲੇ ''ਆਪ ਕਚਹਿਰੀ ਦੇ ਅੰਦਰ ਨਾ ਗਏ ਭਈ ਕਿਤੇ ਭਰਿਸ਼ਟ ਨਾ ਹੋ ਜਾਣ ਅਰ ਪਸਾਹ ਦਾ ਭੋਜਨ ਖਾ ਸਕਣ'' (ਯੂਹੰਨਾ 18:28)। ਸ਼ੁੱਕਰਵਾਰ ਨੂੰ ਸਲੀਬ ਦਿੱਤੇ ਜਾਣ ਦੀ ਗੱਲ ਨੂੰ ਨਕਾਰਨ ਵਾਲੇ ਇਹੀ ਨਿਚੋੜ ਕੱਢਦੇ ਹਨ ਕਿ ਇਹ ਗੱਲ ਚੁਬਾਰੇ ਵਾਲੇ ਕਮਰੇ ਵਿਚ ਖਾਣ ਦੇ ਬਾਅਦ ਵਿਚ ਕਹੀ ਗਈ ਸੀ, ਇਸ ਕਰਕੇ ਪਹਿਲਾਂ ਵਾਲਾ ਖਾਣਾ ਪਸਾਹ ਨਹੀਂ ਹੋਵੇਗਾ। ਰੌਬਰਟਸਨ ਨੇ ਲਿਖਿਆ ਹੈ:

> ਪਹਿਲੀ ਨਜ਼ਰੇ ਇਹ ਵਿਰੋਧਾਭਾਸ ਲਗਦਾ ਹੈ। ... ਪਰ ਨਵੇਂ ਨੇਮ ਵਿਚ ''ਪਸਾਹ'' ਸ਼ਬਦ ਦੀ ਵਰਤੋਂ ਪਸਕਲ ਭੋਜ, ਪਸਕਲ ਮੇਲਾ ਜਾਂ ਪਸਕਲ ਪਰਬ ਦੇ ਤਿੰਨ ਅਰਥਾਂ ਵਿਚ ਕੀਤੀ ਗਈ ਹੈ। ਯੂਹੰਨਾ ਵਿਚ ਇਸ ਘਟਨਾ ਦੇ ਇਲਾਵਾ ਇਸ ਸ਼ਬਦ ਦੀ ਵਰਤੋਂ ਅੱਠ ਵਾਰ ਹੋਈ ਹੈ ਅਤੇ ਹਰ ਵਾਰ ਇਸ ਦਾ ਮਤਲਬ ਪਸਾਹ ਦਾ ਤਿਉਹਾਰ ਹੀ ਹੈ।[18]

- ਇੰਜੀਲ ਦੇ ਸਹਿਦਰਸ਼ੀ ਵਿਰਤਾਂਤਾਂ ਦੇ ਲੇਖਕਾਂ ਮੁਤਾਬਿਕ, ਪਸਕਲ ਦਾ ਭੋਜ ਪਹਿਲਾਂ ਸ਼ਾਮ ਨੂੰ ਖਾ ਲਿਆ ਗਿਆ ਸੀ (ਮੱਤੀ 26:17–19; ਮਰਕੁਸ 14:12, 14, 16; ਲੂਕਾ 22:8, 11, 13, 15), ਜਿਸ ਕਰਕੇ ਮਹਾਂਸਭਾ ਦੇ ਨੁਮਾਇੰਦਿਆਂ ਦੇ ਮਨ ਵਿਚ ਜ਼ਾਹਿਰ ਤੌਰ ਤੇ ਅੱਠ ਦਿਨਾਂ ਦੇ ਪਰਬ ਦੇ ਸਬੰਧ ਵਿਚ ਖਾਧੇ ਜਾਣ ਵਾਲਾ ਭੋਜਨ ਰਿਹਾ ਹੋਵੇਗਾ।[19]
- ਯੂਹੰਨਾ ਨੇ ਯਿਸੂ ਦੀ ਪਰੀਖਿਆ ਦੇ ਸਮੇਂ ਨੂੰ ''ਪਸਾਹ ਦੀ ਤਿਆਰੀ ਦਾ ਦਿਨ'' ਆਖਿਆ (ਯੂਹੰਨਾ 19:14)। ਸ਼ੁੱਕਰਵਾਰ ਵਾਲੇ ਦਿਨ ਸਲੀਬ ਤੇ ਜਾਣ ਦੀ ਗੱਲ ਦਾ ਇਨਕਾਰ ਕਰਨ ਵਾਲੇ ਇਹ ਮੰਨਦੇ ਹਨ ਕਿ ''ਤਿਆਰੀ ਦਾ ਦਿਨ'' ਵਾਕ ਅੰਸ਼ ਪਸਾਹ ਦੇ ਭੋਜ ਦੀ ਤਿਆਰੀ ਦੇ ਦਿਨ ਲਈ ਹੈ, ਪਰ ਯਹੂਦੀਆਂ ਵੱਲੋਂ ਇਸ ਸ਼ਬਦ ਦੀ ਵਰਤੋਂ ਸੱਬਤ ਦੀ ਤਿਆਰੀ ਲਈ ਹੈ (ਵੇਖੋ ਮੱਤੀ 27:62; ਮਰਕੁਸ 15:42; ਲੂਕਾ 23:54; ਯੂਹੰਨਾ 19:31, 42)।[20] ਇਸ ਆਇਤ ਵਿਚ ''ਪਸਾਹ'' ਸ਼ਬਦ ਦਾ ਅਰਥ ਤਿਉਹਾਰ ਲਈ ਲਿਆ ਜਾਣਾ ਚਾਹੀਦਾ ਹੈ, ਨਾ ਕਿ ਯੂਹੰਨਾ 18:28 ਦੇ ਖਾਣੇ ਲਈ। NIV ਵਿਚ ''ਪਸਾਹ ਦੇ ਹਫ਼ਤੇ ਦੀ ਤਿਆਰੀ ਦਾ ਦਿਨ'' ਹੈ। [ਦੂਜੇ ਸ਼ਬਦਾਂ ਵਿਚ ਪਸਾਹ ਵਾਲੇ ਹਫ਼ਤੇ ਵਿਚ ਆਉਣ ਵਾਲੇ ਸੱਬਤ]।
- ਯੂਹੰਨਾ 19:31 ਵਿਚ ਸੰਕੇਤ ਹੈ ਕਿ ਯਿਸੂ ਦੀ ਮੌਤ ਦਾ ਅਗਲਾ ਦਿਨ ''ਸੱਬਤ'' ਸੀ ਪਰ ਇਸ ਨੂੰ ''ਵੱਡਾ ਦਿਨ'' ਮੰਨਿਆ ਗਿਆ ਹੈ। ਸ਼ੁੱਕਰਵਾਰ ਨੂੰ ਸਲੀਬ ਦੀ ਗੱਲ ਤੇ ਇਤਰਾਜ਼ ਕਰਨ ਵਾਲੇ ਇਸ ਦਾ ਮਤਲਬ ਇਹ ਕੱਢਦੇ ਹਨ ਕਿ ਇਹ ਆਮ [ਸਤਵਾਂ ਦਿਨ] ਭਾਵ ਸੱਬਤ ਨਹੀਂ ਬਲਕਿ ਪਸਾਹ ਦੇ ਦੌਰਾਨ ਮਨਾਏ ਜਾਣ ਵਾਲੇ ਅਰਾਮ ਦੇ ਹੋਰ ਦਿਨਾਂ ਵਿਚ ਹੀ ਹੈ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਲੂਕਾ ਦੇ ਕਾਲਕ੍ਰਮ ਵਿਚ ਇਹ ਸੰਕੇਤ ਮਿਲਦਾ ਹੈ ਕਿ ਇਹ ਆਮ ਸੱਤ ਦਿਨਾਂ ਦਾ ਸੱਬਤ ਸੀ ਅਤੇ ਸੰਦਰਭ ਵਿਚ ਇਸ ਤੋਂ ਇਲਾਵਾ ਹੋਰ ਕੋਈ ਸੰਕੇਤ ਨਹੀਂ ਹੈ। ਇਹ ਤੱਥ ਕਿ ਇਹ ਸੱਬਤ ਅਠ ਦਿਨ ਚੱਲਣ ਵਾਲੇ ਪਰਬ ਵਿਚ ਆਇਆ, ਇਸ ਨੂੰ ''ਬੇਹੱਦ ਖ਼ਾਸ'' ਬਣਾ ਦਿੰਦਾ ਹੈ।[21]

## ਵਿਸ਼ਵਾਸ ਦੀ ਗੱਲ ?

ਸ਼ੁੱਕਰਵਾਰ ਨੂੰ ਸਲੀਬ ਦਿੱਤੇ ਜਾਣ ਤੇ ਹੋਰ ਇਤਰਾਜ਼ਾਂ ਦੀ ਗੱਲ ਕੀਤੀ ਜਾ ਸਕਦੀ ਹੈ,[22] ਪਰ ਮੈਂ ਇਸ ਵਿਸ਼ੇ ਤੇ ਕਾਫ਼ੀ ਸਮਾਂ ਅਤੇ ਕਾਗਜ਼ ਲੈ ਲਿਆ ਹੈ। ਮੈਂ ਹੇਸਟਰ ਨਾਲ ਸਹਿਮਤ ਹਾਂ, ਜਿਸ ਨੇ ਆਖਿਆ ਸੀ, ''ਮੇਰਾ ਸਭ ਤੱਥਾਂ ਦੀ ਰੌਸ਼ਨੀ ਵਿਚ, ਇਹ ਮੰਨਣਾ ਤਰਕਸੰਗਤ ਲਗਦਾ ਹੈ ਕਿ [ਯਿਸੂ] ਸ਼ੁੱਕਰਵਾਰ ਨੂੰ ਸ਼ਾਮ ਤੋਂ ਐਤਵਾਰ ਤੜਕੇ ਤਕ ਕਬਰ ਵਿਚ ਰਿਹਾ ਸੀ। ਇਹ ਵਿਚਾਰ ਇੰਜੀਲ ਦੀਆਂ ਸਭ ਸ਼ਰਤਾਂ ਨਾਲ ਮੇਲ ਖਾਂਦਾ ਹੈ।''[23] ਪਰ ਸਬੂਤ ਨੂੰ ਨਾਪ ਕੇ ਆਪਣਾ ਨਿਚੋੜ ਕੱਢਣਾ ਮੈਂ ਤੁਹਾਡੇ ਤੇ ਛੱਡਦਾ ਹਾਂ। ਮੈਂ ਤੁਹਾਨੂੰ ਸਿਰਫ਼ ਇਹੀ ਯਾਦ ਰੱਖਣ ਦੀ ਬੇਨਤੀ ਕਰਦਾ ਹਾਂ ਕਿ ਇਹ ਵਿਸ਼ਾ ਵਿਸ਼ਵਾਸ ਦਾ *ਨਹੀਂ* ਹੈ। ਜੇ ਤੁਹਾਡਾ ਨਿਚੋੜ ਮੇਰੇ ਨਿਚੋੜ ਨਾਲੋਂ ਫ਼ਰਕ ਹੋਏ ਤਾਂ ਵੀ ਮੈਂ ਤੁਹਾਨੂੰ ਆਪਣਾ ਭਰਾ ਹੀ ਮੰਨਾਂਗਾ ਅਤੇ ਮੈਨੂੰ ਉਮੀਦ ਹੈ ਕਿ ਤੁਸੀਂ ਵੀ ਮੈਨੂੰ ਅਜਿਹੀ ਹੀ ਮੰਨੋਗੇ।

---

ਟਿੱਪਣੀਆਂ


[1]ਮਕਰੁਸ 16:9 ਮਰਕੁਸ ਦੀ ਕਿਤਾਬ ਦਾ ਝਗੜੇ ਭਰਿਆ ਅੰਤ ਹੈ। ਇਸ ਝਗੜੇ ਭਰੇ ਅੰਤ ਦੇ ਇਸ ਕਿਤਾਬ ਵਿਚ ਅੱਗੇ ਲੇਖ ਵੇਖਾਂਗੇ। [2]ਜੀ ਉੱਠਣ ਤੇ ਇਸ ਕਿਤਾਬ ਵਿਚ ਪਹਿਲਾਂ ਆਈ ਚਰਚਾ ਵੇਖੋ। [3]ਯਾਦ ਰੱਖੋ ਕਿ ਯਹੂਦੀਆਂ ਦੇ ਦਿਨ ਦੀ ਸ਼ੁਰੂਆਤ ਸੂਰਜ ਡੁੱਬਣ ਤੋਂ ਸੂਰਜ ਚੜ੍ਹਨ ਤਕ ਹੁੰਦੀ ਸੀ। [4]ਰੌਬਰਟ ਐਲ. ਥੌਮਸ, ਸੰਪਾ. ਅਤੇ ਸਟੈਨਲੀ ਐਲ. ਗੁੰਡਰੀ, ਸਹਿ ਸੰਪਾ. *ਏ ਹਾਰਮਨੀ ਆਫ਼ ਦ ਗੌਸਪਲਜ਼* (ਸ਼ਿਕਾਗੋ: ਮੂਡੀ ਪ੍ਰੈੱਸ, 1978), 320. [5]ਆਰ. ਸੀ. ਫ਼ੋਸਟਰ, *ਸਟੱਡੀਜ਼ ਇਨ ਦ ਲਾਈਫ਼ ਆਫ਼ ਕ੍ਰਾਈਸਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1971), 187. [6]ਐਫ਼. ਲੇਗਡਰ ਸਮਿਥ, *ਦ ਨੈਰੇਟਡ ਬਾਈਬਲ ਇਨ ਕ੍ਰੋਨੋਲਿਜੀਕਲ ਆਡਰ* (ਯੂਜੀਨ, ਓਰਿਗਨ: ਹਾਰਵੈਸਟ ਹਾਊਸ ਪਬਲਿਸ਼ਰਜ਼, 1984), 1454–56. [7]*ਮਸੀਹ ਦੀ ਜ਼ਿੰਦਗੀ, 6* ਕਿਤਾਬ ਵਿਚ ''ਤਿਆਰ ਹੋਣਾ'' ਪਾਠ ਵੇਖੋ। [8]ਯੂਹੰਨਾ ਦਾ ਚੇਲਾ ਪੋਲੀਕਾਰਪ ਇਸ ਮਾਨਤਾ ਨੂੰ ਵਿਖਾਉਂਦਾ ਹੈ ਕਿ ਯਿਸੂ ਨੇ ਪਸਾਹ ਖਾਧਾ (ਏ. ਟੀ. ਰੌਬਰਟਸਨ, *ਏ ਹਾਰਮਨੀ ਆਫ਼ ਦ ਗੌਸਪਲਜ਼ ਫ਼ਾਰ ਸਟੂਡੈਂਟਸ ਲਾਈਫ਼ ਆਫ਼ ਕ੍ਰਾਈਸਟ* [ਨਿਊ ਯਾਰਕ: ਹਾਰਪਰ ਐਂਡ ਰੋਅ, 1950], 280)। [9]ਇਸ ਆਇਤ ਤੇ ਵਧੇਰੇ ਚਰਚਾ ਲਈ, *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਤਿੰਨ ਦਿਨ ਅਤੇ ਤਿੰਨ ਰਾਤਾਂ'' ਪਾਠ ਵੇਖੋ। [10]ਫ਼ੋਸਟਰ, 192.

[11]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿਪ ਵਾਈ ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 306, ਉਦਹਾਰਣ ਲਈ ਵੇਖੋ ਉਤਪਤ 42:17, 18; 1 ਸਮੂਏਲ 30:12, 13; 1 ਰਾਜਿਆਂ 20:29; 2 ਇਤਿਹਾਸ 10:5, 12. ਇਬਰਾਨੀਆਂ 11:30 ਨੂੰ ਵੀ ਯਹੋਸ਼ੁਆ 6:15 ਨਾਲ ਮਿਲਾਓ। [12]ਮੂਲ ਲਿਖਤ ਵਿਚ, ਮਰਕੁਸ 9:31 ਅਤੇ 10:34 ''ਤਿੰਨ ਦਿਨਾਂ ਬਾਅਦ [ਯੂ.: ***meta***]'' ਹੈ; ਪਰ NASB ਵਿਚ ਇਸਦਾ ਅਨੁਵਾਦ ''ਤਿੰਨ ਦਿਨਾਂ ਬਾਅਦ'' ਹੋਇਆ ਹੈ। ਇਕ ਹੋਰ ਉਪਸਰਗ (***dia***) ਹੈ ਜਿਸ ਤੋਂ ਭਾਵ ''ਬਾਅਦ'' ਹੈ ਅਤੇ ਇਹ ਮੱਤੀ 26:61 ਅਤੇ ਮਰਕੁਸ 14:58 ਵਿਚ ਵਰਤਿਆ ਗਿਆ ਹੈ। [13]ਇਸ ਕਿਤਾਬ ਵਿਚ ਪਹਿਲਾਂ ਆਇਆ ਪਾਠ ''ਇਤਿਹਾਸ ਦੇ ਤਿੰਨ ਸਭ ਤੋਂ ਖ਼ਾਸ ਦਿਨ'' ਵੇਖੋ। [14]ਫ਼ੋਸਟਰ, 191. ਸਲੀਬ ਦਿੱਤੇ ਜਾਣ ਨੂੰ ਬੁੱਧਵਾਰ ਵਾਲੇ ਦਿਨ ਤੇ ਬਹੱਤਰ ਘੰਟਿਆਂ *ਤੋਂ ਵੱਧ* ਹੋ ਜਾਂਦਾ ਹੈ ਜਦਕਿ ਵੀਰਵਾਰ ਵਾਲੇ ਰੱਖਣ ਨਾਲ ਇਹ ਦੋ ਦਿਨ ਅਤੇ ਤਿੰਨ ਰਾਤਾਂ ਦਾ *ਹਿੱਸਾ* ਬਣ ਜਾਂਦਾ ਹੈ, ਪਰ ਪੂਰੇ ਬਹੱਤਰ ਘੰਟੇ ਵਿਚ। [15]ਉਹੀ। [16]ਰੌਬਰਟਸਨ, 281–84. [17]ਰੌਬਰਟਸਨ ਨੇ ਹੋਰ ਵਿਸਤਾਰ ਸਹਿਤ ਚਰਚਾ ਸ਼ਾਮਿਲ ਕੀਤੀ। ਥੌਮਸ ਅਤੇ ਗੁੰਡਰੀ ਨੇ ਇਕ ਵੱਖਰਾ ਢੰਗ ਵਰਤਿਆ, ਜਿਨ੍ਹਾਂ ਨੇ ਕਿਹਾ ਕਿ ਮਸੀਹ ਸ਼ੁੱਕਰਵਾਰ ਵਾਲੇ ਦਿਨ ਮਰਿਆ ਸੀ। ਉਨ੍ਹਾਂ ਨੇ ਯੂਹੰਨਾ ਅਤੇ ਇੰਜੀਲ

ਦੇ ਸਹਿਦਰਸ਼ੀ ਵਿਰਤਾਂਤਾਂ ਨੂੰ ਇਹ ਸੁਝਾਅ ਦਿੰਦਿਆਂ ਮਿਲਾਇਆ ਕਿ ਸਮੇਂ ਅਤੇ ਦਿਨਾਂ ਦਾ ਸੰਕੇਤ ਦੇਣ ਲਈ ਲੇਖਕ ਵੱਖੋ–ਵੱਖ ਢੰਗਾਂ ਦੀ ਵਰਤੋਂ ਕਰ ਰਹੇ ਸਨ (ਥੌਮਸ ਐਂਡ ਗੰਡਰੀ , 321–22)। [18]ਰੌਬਰਟਸਨ, 282–83.ਇੰਜੀਲ ਦੇ ਸਹਿਦਰਸ਼ੀ ਵਿਰਤਾਂਤਾਂ ਦੇ ਲੇਖਕਾਂ ਨੇ ਪਸਕਲ ਦੇ ਖਾਣੇ ਲਈ ''ਪਸਾਹ'' ਸ਼ਬਦ ਦੀ ਵਰਤੋਂ ਕੀਤੀ, ਪਰ ਸਾਡੀ ਦਿਲਚਸਪੀ ਇਸ ਵਿਚ ਹੈ ਕਿ *ਯੂਹੰਨਾ* ਨੇ ਇਸ ਸ਼ਬਦ ਦੀ ਵਰਤੋਂ ਕਿਵੇਂ ਕੀਤੀ। [19]ਇਹ ਸਾਬਤ ਕਰਨ ਲਈ ਕਿ ਇਸ ਆਇਤ ਵਿਚ ''ਪਸਾਹ'' ਤੋਂ ਭਾਵ ਪਸਕਲ ਦਾ ਭੋਜ ਨਹੀਂ ਹੈ, ਇਕ ਹੋਰ ਤਰੀਕਾ ਇਹ ਹੈ ਕਿ ਮਹਿਲ ਵਿਚ ਦਾਖ਼ਲੇ ਨਾਲ ਆਗੂ ਸਿਰਫ਼ ਸੂਰਜ ਡੁੱਬਣ ਤਕ ਅਸ਼ੁੱਧ ਹੁੰਦੇ ਹੋਣ। (ਰਵਾਇਤੀ ਸ਼ੁੱਧਤਾ ਦੇ ਰਹਿਣ ਲਈ ਵੇਖੋ ਲੇਵੀਆਂ ਦੀ ਪੋਥੀ 15:1–24; 17:15, 16)। ਇਸ ਕਰਕੇ ਜੇ ਸਵਾਲ ਵਿਚਲਾ ਦਿਨ ਪਸਾਹ ਤੋਂ ਪਹਿਲਾਂ ਵਾਲਾ ਹੈ ਤਾਂ ਉਹ ਸੂਰਜ ਡੁੱਬਣ ਦੇ ਬਾਅਦ ਵੀ ਪਸਕਲ ਦਾ ਭੋਜ ਖਾ ਸਕਦੇ ਸਨ। ਉਨ੍ਹਾਂ ਨੂੰ ਪਸਕਲ ਦੇ ਭੋਜ ਦੀ ਫ਼ਿਕਰ ਨਹੀਂ ਹੋਵੇਗੀ ਪਰ ਕਿਸੇ ਹੋਰ ਵੀ ਖਾਣੇ ਦੀ ਹੋਵੇਗੀ। [20]ਯਿਸੂ ਦੇ ਸ਼ੁੱਕਰਵਾਰ ਵਾਲੇ ਦਿਨ ਮਰਨ ਨੂੰ ਮੰਨਣ ਲਈ ਮੇਰਾ ਦੂਜਾ ਕਾਰਣ (ਇਸ ਪਾਠ ਤੋਂ ਪਹਿਲਾਂ ਦਿੱਤਾ ਗਿਆ) ਵੇਖੋ।

[21]ਇਸ ਕਿਤਾਬ ਵਿਚ ਪਹਿਲਾਂ ਆਇਆ ਪਾਠ ''ਇਤਿਹਾਸ ਦੇ ਤਿੰਨ ਸਭ ਤੋਂ ਖ਼ਾਸ ਦਿਨ'' ਵੇਖੋ। [22]ਉਦਾਹਰਣ ਲਈ, ਇਕ ਯਥਾਰਥ ਤਰਕ ਹੈ ਜਿਸ ਤੇ ਪੁਰਾਣਾ ਨੇਮ ਪਸਾਹ ਦੀ ਸਿੱਖਿਆ ਦਿੰਦਾ ਹੈ। ਇਕ ਕਾਲਪਨਿਕ ਤਰਕ ਵਿਚ ਸੁਝਾਅ ਹੈ ਕਿ ਮਸੀਹ ਲਈ ਹੈਕਲ ਵਿਚ ਕੁਰਬਾਨ ਕੀਤੇ ਜਾਣ ਵਾਲੇ ਪਸਕਲ ਦੇ ਲੇਲਿਆਂ ਨਾਲ ਹੀ ਵੀਰਵਾਰ ਵਾਲੇ ਦਿਨ ਸਲੀਬ ਤੇ ਕੁਰਬਾਨ ਕੀਤਾ ਜਾਣਾ ਸਹੀ ਸੀ। [23]ਐਚ. ਆਈ. ਹੇਸਟਰ, *ਦ ਹਾਰਟ ਆਫ਼ ਦ ਨਿਊ ਟੈਸਟਾਮੈਂਟ* (ਲਿਬਰਟੀ, ਮਿਜ਼ੋਰੀ: ਕਵਾਲਟੀ ਪ੍ਰੈੱਸ, 1963), 224.

## ਯਿਸੂ ਦੀ ਮੌਤ ਅਤੇ ਜੀ ਉੱਠਣ ਸਮੇ ਯਰੂਸ਼ਲਮ



# ਕਈ ਦੇਸ਼ਾਂ ਤੋਂ ਆਏ ਯਹੂਦੀ ਯਰੂਸ਼ਲਮ ਵਿਚ ਇਕੱਠੇ ਹੋਏ

ਇਸ ਤਰ੍ਹਾਂ ਦੀ ਕਹਾਵਤ, ''ਸਾਰੇ ਰਸਤੇ ਰੋਮ ਨੂੰ ਜਾ ਸਕਦੇ ਹਨ।'' ਰੋਮ ਰੋਮੀ ਹਕੂਮਤ ਦਾ ਕੇਂਦਰ ਸੀ ਪਰ ਯਿਸੂ ਦੀ ਮੌਤ ਅਤੇ ਜੀ ਉੱਠਣ ਦੇ ਵਕਤ ਯਹੂਦੀਆਂ ਦਾ ਫ਼ੋਕਸ ਕਿਤੇ ਹੋਰ ਹੀ ਸੀ। ਯਹੂਦੀ ਲੋਕ ਪਸਾਹ ਮਨਾਉਣ ਲਈ ''ਹਰੇਕ ਦੇਸ਼ ਜੋ ਅਕਾਸ਼ ਦੇ ਹੇਠ ਹੈ,'' ਭਾਵ ਪਾਰਥ, ਮੇਦ, ਕਰੇਤ ਅਤੇ ਅਰਬ ਵਿੱਚੋਂ ਆਉਂਦੇ ਹਨ। ਇਨ੍ਹਾਂ ਇਲਾਕਿਆਂ ਦੇ ਲੋਕ ਹੀ ਪਸਾਹ ਵਾਲੇ ਦਿਨ ਯਰੂਸ਼ਲਮ ਵਿਚ ਚਿੱਲਾਏ ਸਨ ਕਿ ''ਇਸ ਨੂੰ ਸਲੀਬ ਦਿਓ'': ਪਾਰਥ, ਮੇਦ, ਇਲਾਮ, ਮੈਸੋਪਟਾਮੀਆ, ਯਹੂਦੀਆ, ਕੱਪਦੁਕੀਆ, ਪੁੰਤੁਸ, ਅਸੀਆ, ਫ਼ਰੂਗੀਆ, ਪੰਫ਼ੂਲੀਆ, ਮਿਸਰ, ਲੀਬੀਆ (ਕੁਰੇਨੇ), ਰੋਮ, ਕਰੇਤ ਅਤੇ ਅਰਬ (ਵੇਖੋ ਰਸੂਲਾਂ ਦੇ ਕੰਮ 2:9–11)।

ਪਸਾਹ ਦੇ ਪੰਜਾਹ ਦਿਨਾਂ ਬਾਅਦ ਪੈਂਟੀਕਾਸਟ ਵਾਲੇ ਦਿਨ ਇਕ ਹੋਰ ਭੀੜ ਜਮ੍ਹਾ ਹੋਈ ਸੀ, ਜਿਸ ਵਿਚ ਯਿਸੂ ਦੀ ਮੌਤ ਅਤੇ ਜੀ ਉੱਠਣ ਵਾਲੇ ਵਕਤ ਦੇ ਵੀ ਲੋਕ ਸਨ। ਪਤਰਸ ਅਤੇ ਹੋਰ ਰਸੂਲਾਂ ਰਾਹੀਂ ਇੰਜੀਲ ਦੇ ਪਹਿਲੇ ਉਪਦੇਸ਼ ਵਿਚ ਇਨ੍ਹਾਂ ਯਹੂਦੀਆਂ ਨੂੰ ਦੱਸਿਆ ਗਿਆ ਸੀ, ''... ਇਸੇ ਯਿਸੂ ਨੂੰ ਜਿਹਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪਰਮੇਸ਼ੁਰ ਨੇ ਉਸ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ'' (ਰਸੂਲਾਂ ਦੇ ਕੰਮ 2:36)। ''ਜਾਂ ਉਨ੍ਹਾਂ ਨੇ ਇਹ ਸੁਣਿਆ ਤਾਂ ਉਨ੍ਹਾਂ ਦੇ ਦਿਲ ਛਿਦ ਗਏ ਅਤੇ ... ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ?'' (ਰਸੂਲਾਂ ਦੇ ਕੰਮ 2:37)। ਉਨ੍ਹਾਂ ਨੂੰ ਦੱਸਿਆ ਗਿਆ, ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਂਅ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕੰਮ 2:38)। ਤਿੰਨ ਹਜ਼ਾਰ ਦੇ ਕਰੀਬ ਲੋਕਾਂ ਨੇ ਇਨ੍ਹਾਂ ਹੁਕਮਾਂ ਨੂੰ ਮੰਨਿਆ ਅਤੇ ਕਲੀਸੀਆ ਕਾਇਮ ਹੋ ਗਈ।

ਇਸ ਦਿਨ ਇਤਿਹਾਸ ਦਾ ਕੇਂਦਰ ਯਰੂਸ਼ਲਮ ਸੀ। ਕਲੀਸੀਆ ਦੀ ਸ਼ੁਰੂਆਤ ਹੋਣ ਤੋਂ ਕਈ ਨਵੇਂ ਮਸੀਹੀ ਯਰੂਸ਼ਲਮ ਵਿਚ ਰੁਕੇ ਰਹੇ, ਜਦ ਤਕ ਉਨ੍ਹਾਂ ਨੂੰ ਨਿਕਲਣ ਲਈ ਮਜਬੂਰ ਨਹੀਂ ਹੋਣਾ ਪਿਆ। ਬਾਅਦ ਵਿਚ ਉਨ੍ਹਾਂ ਵਿੱਚੋਂ ਕੁਝ ਕਈ ਦੇਸ਼ਾਂ ਨੂੰ ਵਾਪਸ ਚਲੇ ਗਏ ਅਤੇ ਆਪਣੇ ਨਾਲ ਇੰਜੀਲ ਵੀ ਲੈ ਗਏ।

# ਸਲੀਬ ਤੇ ਔਰਤਾਂ

ਸਲੀਬ ਤੇ ਮਸੀਹ ਦੇ *ਪਹਿਲੇ* ਤਿੰਨ ਘੰਟਿਆਂ ਦੌਰਾਨ ਯੂਹੰਨਾ ਦੀ ਸੂਚੀ ਮੁਤਾਬਿਕ ਇਹ ਔਰਤਾਂ ਜਿਨ੍ਹਾਂ ਵਿਚ ''ਉਹਦੀ ਮਾਤਾ *[ਮਰੀਅਮ]* ਅਰ ਉਹਦੀ ਮਾਸੀ ਕਲੋਪਾਸ ਦੀ ਪਤਨੀ ਮਰੀਅਮ ਅਤੇ ਮਰੀਅਮ ਮਗਦਲੀਨੀ'' ਵੀ ਸਨ (ਯੂਹੰਨਾ 19:25) ''ਯਿਸੂ ਦੀ ਸਲੀਬ ਦੇ ਮੁੱਢ'' ਸਨ। ਇਹ ਹੋ ਸਕਦਾ ਹੈ ਕਿ ''ਕਲੋਪਾਸ ਦੀ ਪਤਨੀ ਮਰੀਅਮ'' ਯਿਸੂ ਦੀ ਮਾਤਾ ਦੀ ਭੈਣ ਹੋਵੇ, ਪਰ ਸਾਨੂੰ ਸ਼ਾਇਦ ਇਹ ਸਮਝਣਾ ਜ਼ਰੂਰੀ ਹੈ ਕਿ ਦੋਵੇਂ ਵੱਖੋ ਵੱਖ ਸਨ। ਜੇ. ਡਬਲਯੂ. ਮੈਕਗਰਵੇ ਨੇ ਇਸ ਨਿਚੋੜ ਲਈ ਇਸ ਸੂਚੀ ਸਣੇ ਕਈ ਕਾਰਨ ਦੱਸੇ ਹਨ।[1] (1) ਅਜਿਹਾ ਲਗਦਾ ਨਹੀਂ ਹੈ ਕਿ ਦੋਹਾਂ ਭੈਣਾਂ ਦਾ ਨਾਂਅ ਮਰੀਅਮ ਹੀ ਹੋਵੇ– (2) ''ਯੂਹੰਨਾ ਔਰਤਾਂ ਦੇ ਜੋੜਿਆਂ ਬਾਰੇ ਦੱਸਦਾ ਹੈ ਜਿਨ੍ਹਾਂ ਵਿੱਚੋਂ ਹਰ ਜੋੜੇ ਨਾਲ '' 'ਅਰ' ਲੱਗਾ ਹੈ। ਪਹਿਲਾ ਜੋੜਾ ਯਿਸੂ ਦਾ ਸਾਕ ਹੈ ਅਤੇ ਅਨਾਮ ਹੈ ਅਤੇ ਦੂਜੇ ਜੋੜੇ ਨਾਲ ਮਿਲਦਾ ਹੈ ਜੋ ਰਿਸ਼ਤੇਦਾਰ ਨਹੀਂ ਹੈ, ਅਤੇ ਜਿਸ ਦੇ ਨਾਂਅ ਦਿੱਤੇ ਗਏ ਹਨ। ਇਬਰਾਨੀ ਲੇਖਕ ਅਕਸਰ ਇੱਕੋ ਜਿਹੇ ਸ਼ਬਦਾਂ ਦੀ ਵਰਤੋਂ ਕਰਦੇ ਸਨ।''[2] (3) ਮਰੀਅਮ ਦੀ ਭੈਣ ਨੂੰ ਅਨਾਮ ਰਹਿਣ ਦੇਣ ਨਾਲ ਆਪਣੇ ਪਰਿਵਾਰ ਵਿੱਚੋਂ ਕਿਸੇ ਦਾ ਨਾਮ ਨਾ ਲੈਣ ਦੀ ਯੂਹੰਨਾ ਦੀ ਗੱਲ ਨਾਲ ਮੇਲ ਖਾਵੇਗਾ। (ਯੂਹੰਨਾ ਨੇ ਕਦੇ ਆਪਣਾ, ਆਪਣੇ ਭਰਾ ਯਾਕੂਬ ਦਾ ਜਾਂ ਆਪਣੀ ਮਾਤਾ ਦਾ ਨਾਂਅ ਨਹੀਂ ਲਿਆ; ਨਾ ਹੀ ਉਸ ਨੇ ਯਿਸੂ ਦੀ ਮਾਤਾ ਦਾ ਨਾਂਅ ਲਿਆ ਜੋ ਰਿਸ਼ਤੇ ਵਿਚ ਉਸਦੀ ਮਾਸੀ ਹੋਵੇਗੀ।) ਅਸੀਂ ਇਹ ਨਿਚੋੜ ਕੱਢਦੇ ਹਾਂ ਕਿ ਯੂਹੰਨਾ ਨੇ *ਚਾਰ* ਔਰਤਾਂ ਦੇ ਨਾਂਅ ਦਿੱਤੇ।

ਸਲੀਬ ਤੇ ਯਿਸੂ ਦੇ *ਆਖ਼ਰੀ* ਤਿੰਨ ਘੰਟਿਆਂ ਦੌਰਾਨ, ਭਾਵ ਯਿਸੂ ਦੀ ਮਾਤਾ ਦੇ ਚਲੇ ਜਾਣ ਦੇ ਬਾਅਦ (ਯੂਹੰਨਾ 19:26, 27), *ਤਿੰਨ* ਔਰਤਾਂ ਦੀ ਟੋਲੀ ਵਿਚ ਅਜੇ ਵੀ ਸਲੀਬ ਨੂੰ ''ਦੂਰੋਂ ਵੇਖ ਰਹੀਆਂ ਸਨ'' (ਮੱਤੀ 27:55; ਮਰਕੁਸ 15:40)। ਇਨ੍ਹਾਂ ਔਰਤਾਂ ਦੇ ਮੱਤੀ ਵੱਲੋਂ ਦਿੱਤੇ ਨਾਂਅ ਇਸ ਤਰ੍ਹਾਂ ਹਨ: ''ਮਰੀਅਮ ਮਗਦਲੀਨੀ ਅਤੇ ਯਾਕੂਬ ਅਰ ਯੋਸੇਸ ਦੀ ਮਾਤਾ ਮਰੀਅਮ ਅਤੇ ਜ਼ਬਦੀ ਦੇ ਪੁੱਤਰਾਂ ਦੀ ਮਾਤਾ'' (ਮੱਤੀ 27:56)। ਮਰਕੁਸ ਨੇ ''ਮਰੀਅਮ ਮਗਦਲੀਨੀ ਅਤੇ ਛੋਟੇ ਯਾਕੂਬ ਅਰ ਯੋਸੇਸ ਦੀ ਮਾਤਾ ਮਰੀਅਮ ਅਤੇ ਸਲੋਮੀ'' (ਮਰਕੁਸ 15:40) ਦਾ ਨਾਂਅ ਦਿੱਤਾ ਹੈ। ਮੱਤੀ ਅਤੇ ਮਰਕੁਸ ਦੀਆਂ ਸੂਚੀਆਂ ਵਿਚ ਮਰੀਅਮ ਮਗਦਲੀਨੀ ਅਤੇ (ਛੋਟੇ ਯਾਕੂਬ ਅਤੇ ਯੂਸੁਫ਼) ਯੋਸੇਸ ਦੀ ਮਾਤਾ ਮਰੀਅਮ ਦੇ ਦੋ ਨਾਂਅ ਮਿਲਦੇ ਜੁਲਦੇ ਹਨ। ਇਸ ਤੋਂ ਇਹ ਸੰਕੇਤ ਮਿਲੇਗਾ ਕਿ ਮਰਕੁਸ ਦੀ ਸੂਚੀ ਵਾਲੀ ''ਸਲੋਮੀ'' ਮੱਤੀ ਦੀ ਸੂਚੀ ਵਾਲੀ ''ਜ਼ਬਦੀ ਦੇ ਪੁੱਤਰਾਂ ਦੀ ਮਾਤਾ'' ਹੀ ਹੈ। ਦੂਜੇ ਸ਼ਬਦਾਂ ਵਿਚ, ਸਲੋਮੀ ਹੀ ਯਾਕੂਬ ਅਤੇ ਯੂਹੰਨਾ ਦੀ ਮਾਤਾ ਸੀ।

ਮਰੀਅਮ ਮਗਦਲੀਨੀ ਯੂਹੰਨਾ ਦੀ ਪਹਿਲੀ ਅਤੇ ਮੱਤੀ ਅਤੇ ਮਰਕੁਸ ਦੀ ਬਾਅਦ ਦੀ ਸੂਚੀ ਵਿਚ ਮਿਲਦੀ ਹੈ, ਜਿਸ ਕਰਕੇ ਬਹੁਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਨਾਂਅ ਉਨ੍ਹਾਂ ਹੀ ਔਰਤਾਂ ਦੇ ਹਨ। ਜੇ ਇਸ ਤਰ੍ਹਾਂ ਹੈ ਤਾਂ ਪਿਛਲੀਆਂ ਦੋ ਆਇਤਾਂ ਨੂੰ ਧਿਆਨ ਵਿਚ ਰੱਖਦਿਆਂ ਇਨ੍ਹਾਂ ਸੂਚੀਆਂ ਦੀ ਰਚਨਾ ਇਸ ਤਰ੍ਹਾਂ ਹੈ:

| *ਯੂਹੰਨਾ ਦੀ ਸੂਚੀ* | *ਮੱਤੀ ਅਤੇ ਮਰਕੁਸ ਦੀ ਸੂਚੀ* |
|---|---|
| ਯਿਸੂ ਦੀ ਮਾਤਾ ਮਰੀਅਮ | (ਦ੍ਰਿਸ਼ ਤੋਂ ਚਲੀ ਗਈ) |
| ਯਿਸੂ ਦੀ ਮਾਤਾ ਦੀ ਭੈਣ | ਜ਼ਬਦੀ ਦੀ ਪਤਨੀ ਸਲੋਮੀ |
| ਕਲੋਪਾਸ ਦੀ ਪਤਨੀ ਮਰੀਅਮ | ਯਾਕੂਬ ਅਤੇ ਯੂਸੁਫ਼ ਦੀ ਮਾਤਾ ਮਰੀਅਮ |
| ਮਰੀਅਮ ਮਗਦਲੀਨੀ | ਮਰੀਅਮ ਮਗਦਲੀਨੀ |

‘‘ਹੋਰ ਵੀ ਬਥੇਰੀਆਂ’’ ਔਰਤਾਂ ਸਨ (ਮਰਕੁਸ 15:41), ਇਸ ਕਰਕੇ ਇਸ ਵਿਚਾਰ ਬਾਰੇ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਸਲੋਮੀ ਯਿਸੂ ਦੀ ਮਾਤਾ ਮਰੀਅਮ ਦੀ ਭੈਣ ਸੀ; ਬਲਕਿ ਕਾਫ਼ੀ ਸੰਭਾਵਨਾ ਹੈ ਕਿ ਇਸੇ ਤਰ੍ਹਾਂ ਹੀ ਸੀ। ਜਿਵੇਂ ਕਿ ਪਹਿਲਾਂ ਧਿਆਨ ਦੁਆਇਆ ਗਿਆ ਸੀ, ਇਸ ਦਾ ਮਤਲਬ ਇਹ ਹੋਇਆ ਕਿ ਯਾਕੂਬ ਰਸੂਲ ਅਤੇ ਯੂਹੰਨਾ ਮਾਸੀ ਦੇ ਪੁੱਤਰ ਭਰਾ ਸਨ।

---

ਟਿੱਪਣੀਆਂ

[1]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 225. [2]ਉਹੀ।

# ਸਰਮਨ ਨੋਟਸ:
# ''ਅਤੇ ... ਉਹਨੂੰ ਦਫ਼ਨਾ ਦਿੱਤਾ ਗਿਆ''

ਮਸੀਹ ਦੀ ਮੌਤ ਦਫ਼ਨਾਏ ਜਾਣਾ ਅਤੇ ਜੀ ਉੱਠਣਾ ਇੰਜੀਲ ਦੇ ਤਿੰਨ ਦੁਨਿਆਵੀ ਤੱਥ ਹਨ। ਯਿਸੂ ਨੇ ਬਾਰ ਬਾਰ ਆਪਣੀ ਮੌਤ ਅਤੇ ਜੀ ਉੱਠਣ ਦੀ ਭਵਿੱਖਵਾਣੀ ਕੀਤੀ ਸੀ (ਮੱਤੀ 16:21; 17:22, 23; ਲੂਕਾ 18:31–33)। ਉਸ ਨੇ ਆਪਣੇ ਦਫ਼ਨਾਏ ਜਾਣ ਦਾ ਐਲਾਨ ਵੀ ਕੀਤਾ ਸੀ। ਯੂਨਾਹ ਦੇ ''ਤਿੰਨ ਦਿਨ ਅਤੇ ਤਿੰਨ ਰਾਤ ਮੱਛੀ ਦੇ ਟਿਡ ਵਿਚ'' ਰਹਿਣ ਦੀ ਮਿਸਾਲ ਦਿੰਦਿਆਂ ਉਸ ਨੇ ਕਿਹਾ ਕਿ ''... ਉਸੇ ਤਰ੍ਹਾਂ ਮਨੁੱਖ ਦਾ ਪੁੱਤਰ ਤਿੰਨ ਦਿਨ ਅਤੇ ਤਿੰਨ ਰਾਤ ਧਰਤੀ ਦੇ ਅੰਦਰ ਰਹੇਗਾ'' (ਮੱਤੀ 12:40)। ਬੇਤਨਈਆ ਵਿਚ ਮਰੀਅਮ ਵੱਲੋਂ ਉਸ ਉਸ ਦਾ ਮਸਹ ਕੀਤੇ ਜਾਣ ਤੇ ਉਸ ਨੇ ਆਪਣੇ ਦਫ਼ਨਾਏ ਜਾਣ ਦੀ ਗੱਲ ਸਾਫ਼ ਦਸ ਦਿੱਤੀ ਸੀ। ਉਸ ਨੇ ਆਖਿਆ, ''ਜੋ ਉਸ ਤੋਂ ਬਣ ਪਿਆ ਉਸ ਨੇ ਕੀਤਾ ਉਸ ਨੇ ਅੱਗੋ ਹੀ ਮੇਰੇ ਸ਼ਰੀਰ ਉੱਤੇ ਦਫ਼ਨਾਉਣ ਲਈ ਅਤਰ ਪਾ ਦਿੱਤਾ'' (ਮਰਕੁਸ 14:8; ਵੇਖੋ ਮੱਤੀ 26:12; ਯੂਹੰਨਾ 12:7)।

ਦਫ਼ਨਾਏ ਜਾਣਾ ਆਪਣੇ ਆਪ ਵਿਚ ਹੀ ਦੋ ਹੋਰ ਮੁਖ ਤੱਥਾਂ ਵਾਂਗ ਅਹਿਮ ਹੈ। ਪਰ ਯਿਸੂ ਦੇ ਦਫ਼ਨਾਏ ਜਾਣ ਵਿਚ ਉਸ ਤੋਂ ਪਹਿਲਾਂ (ਉਸ ਦੀ ਮੌਤ) ਦੀ ਯਾਦਗਾਰੀ ਘਟਨਾ ਅਤੇ ਉਸ ਦੇ ਬਾਅਦ ਦੀ ਦਿਲ ਟੁੰਬਵੀਂ ਘਟਨਾ (ਉਸ ਦਾ ਜੀ ਉੱਠਣਾ) ਹੈ। ਯਿਸੂ ਦੇ ਦਫ਼ਨਾਏ ਜਾਣ ਦਾ ਕੀ ਮਹੱਤਵ ਹੈ? ਇੰਜੀਲ ਦੀ ਕਹਾਣੀ ਵਿਚ ਇਸ ਦਾ ਕੀ ਯੋਗਦਾਨ ਹੈ। ਉਸ ਦੇ ਦਫ਼ਨਾਏ ਜਾਣ ਨਾਲ ਸਾਡੀਆਂ ਜ਼ਿੰਦਗੀਆਂ ਤੇ ਕੀ ਪ੍ਰਭਾਵ ਪੈਂਦਾ ਹੈ? ਆਓ ਇਨ੍ਹਾਂ ਸਵਾਲਾਂ ਤੇ ਹੋਰ ਕੁਝ ਸਮਾਂ ਦੇਵੋ।

## ਅਤੀਤ ਵਿਚ ਉਸ ਦਾ ਦਫ਼ਨਾਇਆ ਜਾਣਾ

ਯਿਸੂ ਨੂੰ ਮੁਰਦਾ ਐਲਾਨ ਕਰ ਦਿੱਤੇ ਜਾਣ ਤੇ, ਅਰਿਮਥਯਾਹ ਦੇ ਯੂਸੁਫ਼ ਨੇ ਉਸ ਦੀ ਦੇਹ ਨੂੰ ਲਿਜਾਣ ਲਈ ਪਿਲਾਤੁਸ ਤੋਂ ਇਜਾਜ਼ਤ ਮੰਗੀ। ਨਿਕੁਦੇਮੁਸ ਦੀ ਮਦਦ ਨਾਲ ਯੂਸੁਫ਼ ਨੇ ਯਿਸੂ ਦੀ ਦੇਹ ਨੂੰ ਕਪੜੇ ਵਿਚ ਲਵੇਟ ਕੇ ਆਪਣੀ ਹੀ ਨਵੀਂ ਕਬਰ ਵਿਚ ਰੱਖ ਦਿੱਤਾ (ਮੱਤੀ 27:59, 60; ਮਰਕੁਸ 15:46; ਲੂਕਾ 23:50–53; ਯੂਹੰਨਾ 19:38–40)।

*ਦਫ਼ਨਾਇਆ ਜਾਣਾ ਇਕ ਪ੍ਰੇਮ ਭਰਿਆ ਕਾਰਜ ਸੀ।* ਜੇ ਯੂਸੁਫ਼ ਯਿਸੂ ਦੀ ਦੇਹ ਨੂੰ ਨਾ ਬਚਾਉਂਦਾ ਤਾਂ ਉਸ ਨੂੰ ਮੁਜ਼ਰਮਾਂ ਲਈ ਬਣਾਈ ਗਈ ਗੁਮਨਾਮ ਕਬਰ ਵਿਚ ਸੁਟ ਦਿੱਤਾ ਜਾਣਾ ਸੀ।[1]

*ਇਹ ਇਕ ਦਲੇਰੀ ਭਰਿਆ ਕਮ ਸੀ।* ਯੂਸੁਫ਼ ਅਤੇ ਨਿਕੁਦੇਮੁਸ ਨੇ ਯਿਸੂ ਦੀ ਲਾਸ਼ ਦਾ ਦਾਅਵਾ ਕਰਕੇ ਅਤੇ ਉਸ ਨੂੰ ਦਫ਼ਨਾ ਕੇ ਬਹੁਤ ਵੱਡਾ ਜੋਖ਼ਿਮ ਚੁੱਕਿਆ ਸੀ।

*ਇਹ ਇਕ ਜ਼ਰੂਰੀ ਕਾਰਜ ਸੀ।* ਸ਼ਰਾ ਦੇ ਮੁਤਾਬਿਕ ਯਿਸੂ ਨੂੰ ਸੂਰਜ ਡੁੱਬਣ ਤੋਂ ਪਹਿਲਾਂ ਦਫ਼ਨਾਇਆ ਜਾਣਾ ਜ਼ਰੂਰੀ ਸੀ। ਇਸ ਨਾਲੋਂ ਵੀ ਵੱਧ *ਇਹ ਸਾਬਤ ਕਰਨਾ ਜ਼ਰੂਰੀ ਸੀ ਕਿ ਯਿਸੂ ਸਚਮੁਚ ਮਰ ਚੁੱਕਿਆ ਹੈ, ਜੋ ਇਹ ਦੱਸਣ ਲਈ ਜ਼ਰੂਰੀ ਸੀ ਕਿ ਉਹ ਸਚਮੁਚ ਜੀ ਉੱਠੇਗਾ।*

*ਇਹ ਇਕ ਢੁਕਵਾਂ ਕਾਰਜ ਸੀ।* ਲੱਖਾਂ ਲੋਕ ਮਰੇ ਹਨ, ਜਿਨ੍ਹਾਂ ਦੀਆਂ ਲਾਸ਼ਾ ਜ਼ਮੀਨ ਵਿਚ ਪਈਆਂ ਹਨ। ''ਸਭਨੀਂ ਗੱਲੀਂ ਆਪਣੇ ਭਾਈਆਂ ਵਰਗਾ'' ਬਣਨ ਲਈ (ਇਬਰਾਨੀਆਂ 2:17) ਜ਼ਰੂਰੀ ਸੀ

ਕਿ ਮਸੀਹ ਨੂੰ ਵੀ ''ਧਰਤੀ ਦੇ ਅੰਦਰ'' (ਮੱਤੀ 12:40) ਰੱਖਿਆ ਜਾਂਦਾ। ਇਹ ਵੀ ਢੁਕਵਾਂ ਸੀ ਕਿ ਜਿਗਿਆਸੂ ਅੱਖਾਂ ਦੁਨੀਆਂ ਦੇ ਸਭ ਤੋਂ ਵੱਡੇ ਮੋਅਜਜ਼ੇ ਨੂੰ ਨਾ ਵੇਖਣ।

*ਇਸ ਕੰਮ ਦੀ ਉਮੀਦ ਸੀ।* ਯੂਸੁਫ਼ ਅਤੇ ਨਿਕੁਦੇਮੁਸ ਨੂੰ ਸਮਝ ਨਹੀਂ ਸੀ ਪਰ ਯਿਸੂ ਦਾ ਦਫ਼ਨਾਇਆ ਜਾਣਾ ਤਿੰਨ ਕਦਮਾਂ ਵਾਲੀ ਯੋਜਨਾ ਦਾ ਦੂਜਾ ਕਦਮ ਸੀ। ਇਹ ਅਖ਼ੀਰ ਨਹੀਂ ਬਲਕਿ ਸ਼ੁਰੂਆਤ ਦਾ ਅਹਿਸਾਸ ਸੀ।

## ਵਰਤਮਾਨ ਵਿਚ ਉਸ ਦਾ ਦਫ਼ਨਾਇਆ ਜਾਣਾ

*ਵਰਤਮਾਨ ਵਿਚ ਸਾਡਾ ਦਫ਼ਨਾਇਆ ਜਾਣਾ।* ਆਪਣੇ ਦਫ਼ਨਾਏ ਜਾਣ ਦੀ ਗੱਲ ਕਰਦਿਆਂ ਮੈਂ ਜਿਸਮਾਨੀ ਤੌਰ ਤੇ ਮਰਨ ਵਾਲਿਆਂ ਦੀ ਨਹੀਂ ਬਲਕਿ ਬਪਤਿਸਮੇ ਵਿਚ ਮਸੀਹ ਦੇ ਨਾਲ ਦਫ਼ਨਾਏ ਜਾਣ ਦੀ ਗੱਲ ਕਰਦਾ ਹਾਂ। ਨਵਾਂ ਨੇਮ ਬਪਤਿਸਮੇ ਅਤੇ ਮਸੀਹ ਦੀ ਕੁਰਬਾਨੀ ਦੇ ਸਬੰਧ ਵਿਚ ਜ਼ੋਰ ਦਿੰਦਾ ਹੈ (ਰੋਮੀਆਂ 6:3, 4; ਕੁਲੁੱਸੀਆਂ 2:12)।

*ਇਹ ਇਕ ਪ੍ਰੇਮ ਭਰਿਆ ਕਾਰਜ ਹੋਣਾ ਹੈ।* ਜੇ ਅਸੀਂ ਯਿਸੂ ਨਾ ਪਿਆਰ ਕਰਦੇ ਹਾਂ ਤਾਂ ਬਪਤਿਸਮਾ ਲੈਣ ਦੇ ਹੁਕਮ ਨੂੰ ਵੀ ਮੰਨਣਾ ਜ਼ਰੂਰੀ ਹੈ (ਯੂਹੰਨਾ 14:15)।

*ਇਹ ਇਕ ਦਲੇਰੀ ਭਰਿਆ ਕੰਮ ਹੈ।* ਬਪਤਿਸਮਾ ਲੈਣ ਲਈ ਹਿੰਮਤ ਦੀ ਅਤੇ ਕਈ ਵਾਰ ਬਹੁਤ ਹਿੰਮਤ ਦੀ ਲੋੜ ਹੁੰਦੀ ਹੈ।

*ਇਹ ਇਕ ਜ਼ਰੂਰੀ ਕੰਮ ਹੈ।* ਬਾਈਬਲ ਦਸਦੀ ਹੈ ਕਿ ਪ੍ਰਭੂ ਦਾ ਹੁਕਮ ਮੰਨਣ ਅਤੇ ਬਚਾਏ ਜਾਣ ਦੀਆਂ ਬਰਕਤਾਂ ਪਾਉਣ ਲਈ ਬਪਤਿਸਮਾ ਇਕ ਜ਼ਰੂਰੀ ਹਿੱਸਾ ਹੈ (ਮਰਕੁਸ 16:15, 16; ਰਸੂਲਾਂ ਦੇ ਕੰਮ 2:38; ਗਲਾਤੀਆਂ 3:26, 27)।

*ਇਹ ਇਕ ਢੁਕਵਾਂ ਕੰਮ ਹੈ।* ਯਿਸੂ ਦਾ ਸਲੀਬ ਚੁਕ ਕੇ (ਵੇਖੋ ਮੱਤੀ 16:24), ਸਾਡੇ ਲਈ ''ਉਸ ਦੇ ਨਾਲ ਦਫ਼ਨਾਏ'' ਜਾਣਾ ਵੀ ਜ਼ਰੂਰੀ ਹੈ (ਰੋਮੀਆਂ 6:4)। ਸਾਡੇ ਪਾਣੀ ਵਿਚ ਸਚਮੁਚ ਦਫ਼ਨਾਏ ਜਾਣ (ਡੁਬਕੀ) ਦਾ ਹੋਣਾ ਵੀ ਢੁਕਵਾਂ ਹੈ, ਨਾ ਕਿ ਸਿਰ ਤੇ ਪਾਣੀ ਉੱਪਰੋਂ ਉੱਪਰੋਂ ਛਿੜਕਣ ਨਾਲ।

*ਇਸ ਕੰਮ ਦੀ ਉਮੀਦ ਹੁੰਦੀ ਹੈ।* ਪਾਣੀ ਵਿਚ ਸਾਡਾ ਦਫ਼ਨਾਇਆ ਜਾਣਾ ਸਿਰਫ਼ ਦੂਜਾ ਕਦਮ ਹੈ।[2] ਤੀਜਾ ਕਦਮ ''ਨਵੇਂ ਜੀਵਨ ਦੀ ਚਾਲ ਚੱਲਣ'' ਲਈ ਪਾਣੀ ਰੂਪੀ ਕਬਰ ਵਿੱਚੋਂ ਜੀ ਉੱਠਣਾ ਹੈ (ਰੋਮੀਆਂ 6:4)। ਜੇ ਅਸੀਂ ਮਸੀਹੀ ਜ਼ਿੰਦਗੀ ਬਿਤਾਉਂਦੇ ਹਾਂ ਤਾਂ ਸਾਨੂੰ ਰੋਮਾਂਚ ਭਰੀ ਉਮੀਦ ਮਿਲਦੀ ਹੈ ਕਿ ਧਰਤੀ ਅੰਦਰ ਸਾਡੀਆਂ ਦੇਹਾਂ ਦਾ ਦਫ਼ਨਾਇਆ ਜਾਣਾ ਅਖ਼ਰੀ ਨਹੀਂ ਹੈ। ਇਕ ਦਿਨ, ਅਸੀਂ ਵੀ ਮੁਰਦਿਆਂ ਵਿੱਚੋਂ ਜੀ ਉੱਠਾਂਗੇ (1 ਕੁਰਿੰਥੀਆਂ 15:20, 23)!

---

ਟਿੱਪਣੀਆਂ

[1]ਵਾਧੂ ਵਰੇਵਿਆਂ ਲਈ, ਇਸ ਕਿਤਾਬ ਵਿਚ ਪਹਿਲਾਂ ਆਏ ਲੇਖ ''ਇਤਿਹਾਸ ਦੇ ਤਿੰਨ ਸਭ ਤੋਂ ਖ਼ਾਸ ਦਿਨ'' ਵੇਖੋ। [2]ਪਹਿਲਾ ਕਦਮ ''ਆਪਣੇ'' ਲਈ ਮਰ ਜਾਣਾ ਹੈ (ਵੇਖੋ ਰੋਮੀਆਂ 6:6)।

# ਯਿਸੂ ਦੀ ਜੀ ਉੱਠੀ ਦੇਹ

ਜੀ ਉੱਠਣ ਦੇ ਨਾਲ ਕਈ ਭੇਤ ਜੁੜੇ ਹੋਏ ਹਨ। ਇਕ ਛੋਟਾ ਜਿਹਾ ਭੇਤ ਯਿਸੂ ਦੀ ਜੀ ਉੱਠੀ ਦੇਹ ਦੀ ਵਿਸ਼ੇਸ਼ਤਾ ਹੈ।

ਪਹਿਲਾਂ ਤਾਂ ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ *ਇਹ ਇਕ ਦੇਹ ਸੀ।* ਰਸੂਲ ਸਭ ਨੂੰ ਇਹ ਦੱਸਣਾ ਚਾਹੁੰਦੇ ਸਨ ਕਿ ਜੀ ਉੱਠਿਆ ਪ੍ਰਭੂ ਉਨ੍ਹਾਂ ਦੀ ਕਲਪਨਾ ਨਹੀਂ ਸੀ। ਉਨ੍ਹਾਂ ਨੇ ਕੋਈ ਖ਼ਾਬ ਜਾਂ ਦਰਸ਼ਣ ਨਹੀਂ ਵੇਖਿਆ ਸੀ ਅਤੇ ਨਾ ਹੀ ਕਿਸੇ ਆਤਮਾ ਜਾਂ ਭੂਤ ਨੂੰ ਉਨ੍ਹਾਂ ਨੇ ਵੇਖਿਆ ਸੀ। ਜੀ ਉੱਠਣ ਦੇ ਬਾਅਦ ਯਿਸੂ ਦੀ ਦੇਹ ਸੀ ਅਤੇ ਉਸ ਨੂੰ ਵੇਖਿਆ ਜਾ ਸਕਦਾ ਸੀ (ਯੂਹੰਨਾ 20:14, 20; ਰਸੂਲਾਂ ਦੇ ਕੰਮ 10:40)। ਉਸ ਦੀ ਦੇਹ ਵਿਚ ''ਮਾਸ ਅਰ ਹੱਡੀਆਂ'' ਸਨ (ਲੂਕਾ 24:39)। ਉਹ ਉਸ ਦੇਹ ਨਾਲ ਧਰਤੀ ਤੇ ਵਿਚਰ ਸਕਦਾ ਸੀ (ਲੂਕਾ 24:15) ਅਤੇ ਉਸ ਨੂੰ ਛੁਹਿਆ ਜਾ ਸਕਦਾ ਸੀ (ਮੱਤੀ 28:9; ਲੂਕਾ 24:39)। ਉਸ ਦੀ ਦੇਹ ਗੱਲ ਕਰ ਸਕਦੀ ਸੀ (ਲੂਕਾ 24:17) ਅਤੇ ਖਾਣਾ ਪਚਾ ਸਕਦੀ ਸੀ (ਲੂਕਾ 24:41–43; ਰਸੂਲਾਂ ਦੇ ਕੰਮ 10:41)। ਉਸ ਦੀ ਦੇਹ ਤੇ ਸਲੀਬ ਉਤਲੇ ਉਸ ਦੇ ਅਨੁਭਵ ਦੇ ਜ਼ਖ਼ਮ ਅਜੇ ਵੀ ਸਨ (ਯੂਹੰਨਾ 20:20, 25, 27)।

ਇਸ ਦੇ ਨਾਲ ਹੀ ਇਹ ਇਕ *ਗੈਰ ਮਾਮੂਲੀ* ਦੇਹ ਸੀ। ਜਦ ਚੇਲੇ ਬੰਦ ਦਰਵਾਜ਼ਿਆਂ ਪਿੱਛੇ, ਤਾਲੇ ਮਾਰ ਕੇ ਲੁਕੇ ਹੋਏ ਸਨ ਤਾਂ ਯਿਸੂ ਅਚਾਨਕ ਉਨ੍ਹਾਂ ਦੇ ''ਵਿਚਕਾਰ'' ਆ ਖਲੋਤਾ ਸੀ (ਯੂਹੰਨਾ 20:19, 26)। ਇਸਦਾ ਮਤਲਬ ਇਹ ਹੈ ਕਿ ਉਸ ਦੀ ਦੇਹ ਉਸ ਲੱਕੜ ਵਿੱਚੋਂ ਦੀ ਨਿਕਲ ਸਕਦੀ ਸੀ![1] ਹੋਮੇਰ ਹੇਲੀ ਨੇ ਲਿਖਿਆ ਹੈ,

> *[* ਯੂਹੰਨਾ 20:19, 26 *]* ਵਿਚ ''ਵਜੇ'' ਸ਼ਬਦ ***kleio*** ਤੋਂ ਲਿਆ ਗਿਆ ਹੈ ਜਿਸਦਾ ਅਰਥ ''ਤਾਲਾ'' ''ਬੰਦ ਕਰਨਾ'' ਹੈ। (ਅਰੰਡਟ ਐਂਡ ਗਿੰਗਰਿਕ[2])। ਨਵੇਂ ਨੇਮ ਵਿਚ ਇਸ ਸ਼ਬਦ ਦੀ ਆਮ ਵਰਤੋਂ ਕਿਸੇ ਚੀਜ਼ ਦੇ ਬੰਦ ਹੋਣ ਅਤੇ ਖੁੱਲ੍ਹਣ ਵਿਚ ਅਸਮਰਥ ਹੋਣ ਦਾ ਸੰਕੇਤ ਦਿੰਦੀ ਹੈ ਇਸ ਲਈ ਇਹ ਤਾਲਾ ਲੱਗਿਆ ਜਾਂ ਬੰਦ ਹੋਇਆ ਹੈ (ਵੇਖੋ ਮੱਤੀ 25:10; ਲੂਕਾ 11:7; ਰਸੂਲਾਂ ਦੇ ਕੰਮ 21:30; ਪ੍ਰਕਾਸ਼ ਦੀ ਪੋਥੀ 3:7, 8; 20:3; 21:25)। ਵਿਰਤਾਂਤ ਤੋਂ ਕਮਰੇ ਵਿਚ ਯਿਸੂ ਦੇ ਅਚਾਨਕ ਪਰਗਟ ਹੋਣ ਦਾ ਸੰਕੇਤ ਮਿਲਦਾ ਹੈ, ਜਿਵੇਂ ਉਹ ਦਰਵਾਜ਼ੇ ਰਾਹੀਂ ਨਾ ਆਇਆ ਹੋਵੇ।[3]

ਕਲਿਉਪਸ ਅਤੇ ਉਸ ਦੇ ਸਾਥੀ ਰਾਹੀਂ ਯਿਸੂ ਨੂੰ ਪਛਾਣ ਲੈਣ ਤੇ, ''ਉਹ ਉਨ੍ਹਾਂ ਤੋਂ ਅਲੋਪ ਹੋ ਗਿਆ'' (ਲੂਕਾ 24:31)। ਜੌਨ ਐਫ਼. ਕਾਰਟਰ ਨੇ ਲਿਖਿਆ ਹੈ, ''ਯਿਸੂ ਦੇ ਜੀ ਉੱਠਣ ਦੇ ਬਾਅਦ, ਉਸ ਦੀ ਦੇਹ ਵਿਚ ਉਹ ਗੁਣ ਅਤੇ ਸ਼ਕਤੀਆਂ ਸਨ, ਜੋ ਉਸ ਦੀ ਮੌਤ ਤੋਂ ਪਹਿਲਾਂ ਇਸ ਵਿਚ ਨਹੀਂ ਸਨ ਜਾਂ ਉਨ੍ਹਾਂ ਦੀ ਵਰਤੋਂ ਨਹੀਂ ਕੀਤੀ ਗਈ ਸੀ।''[4] ਦਿੱਤੀਆਂ ਗਈਆਂ ਉਦਾਹਰਣਾਂ ਦੇ ਇਲਾਵਾ ਕਾਰਟਰ ਨੇ ਜੋੜਿਆ ਹੈ, ''ਨਿੱਜੀ ਲੋਕਾਂ ਜਾਂ ਟੁਕੜੀਆਂ ਨੂੰ ਥੋੜ੍ਹੀ ਥੋੜ੍ਹੀ ਦੇਰ ਬਾਅਦ ਵਿਖਾਈ ਦੇਣ ਜਾਂ ਕਿਸੇ ਹੋਰ ਨੂੰ ਵਿਖਾਈ ਦੇਣ ਤਕ ਪਹਿਲਾਂ ਕਈ ਦਿਨ ਤਕ ਅਦਿੱਖ ਰਹਿਣ ਦਾ ਢੰਗ ਹੈ।''[5]

ਇਹ ਵੀ ਸੰਭਵ ਹੈ ਕਿ ਯਿਸੂ ਦੀ ਦੇਹ ਆਪਣਾ ਮਕਸਦ ਪੂਰਾ ਕਰ ਲੈਣ ਦੇ ਬਾਅਦ ਪਹਿਲਾਂ ਨਾਲੋਂ ਕੁਝ ਫ਼ਰਕ ਨਜ਼ਰ ਆਈ ਹੋਵੇਗੀ।[6] ਮਰਕੁਸ 16:12 ਦੇ ਅਨੁਸਾਰ ਇੰਮਾਉਸ ਦੇ ਰਾਹ ਤੇ ''ਉਹਨੇ ਹੋਰ ਰੂਪ ਵਿਚ ਹੋ ਕੇ ਉਨ੍ਹਾਂ ਵਿੱਚੋਂ ਦੋ ਜਣਿਆਂ ਨੂੰ ... ਵਿਖਾਲੀ ਦਿੱਤੀ।'' ਕੁਝ ਅਨੁਵਾਦਾਂ ਵਿਚ ''ਇਕ ਹੋਰ ਰੂਪ ਵਿਚ'' ਹੈ (RSV)। ਨਿਊ ਸੈਂਚੁਰੀ ਵਰਜ਼ਨ ਵਿਚ ਕਿਹਾ ਗਿਆ ਹੈ ਕਿ ''ਉਹ ਪਹਿਲਾਂ ਇਵੇਂ ਵਿਖਾਈ ਨਹੀਂ ਦਿੰਦਾ ਸੀ।'' ਨਿਊ ਲਿਵਿੰਗ ਟ੍ਰਾਂਸਲੇਸ਼ਨ ਵਿਚ ''ਉਸ ਨੇ ਆਪਣਾ ਰੂਪ

ਬਦਲ ਲਿਆ ਸੀ'' ਹੈ। ਜੋ ਵੀ ਹੋਵੇ, ਆਪਣੀ ਮੌਤ ਤੋਂ ਪਹਿਲਾਂ ਯਿਸੂ ਨੂੰ ਜਾਣਨ ਵਾਲੇ ਕੁਝ ਲੋਕਾਂ ਨੇ ਉਸ ਨੂੰ ਜੀ ਉੱਠਣ ਦੇ ਬਾਅਦ ਪਹਿਲੀ ਵਾਰ ਨਹੀਂ ਪਛਾਣਿਆ (ਲੂਕਾ 24:16; ਯੂਹੰਨਾ 20:14)।

ਕਾਰਟਰ ਨੇ ਨਿਚੋੜ ਕੱਢਿਆ ਹੈ ਕਿ ''ਇਸ [ਮਸੀਹ ਦੀ ਜੀ ਉੱਠੀ ਦੇਹ] ਵਿਚ ਉਹ ਇਸ ਜ਼ਿੰਦਗੀ ਵਿਚ ਪੁਰਖਾਂ ਅਤੇ ਔਰਤਾਂ ਵਾਲੀਆਂ ਹੱਦਾਂ ਵਿਚ ਨਹੀਂ ਸੀ–ਜਿਸ ਵਿਚ ਉਹ ਮੌਤ ਤੋਂ ਪਹਿਲਾਂ ਸੀ।''[7] ਰੌਬਰਟ ਕਲਵਰ ਨੇ ਲਿਖਿਆ ਹੈ ਕਿ ''ਉਸ ਦੀ ਦੇਹ *eschatological*[8] ਭਾਵ ਹਮੇਸ਼ਾ ਤਕ ਜ਼ਿੰਦਾ ਰਹਿਣ ਲਈ ਜਾਂ ਇਹ ਕਹੋ ਕਿ ਜਲਾਲੀ ਦੇਹ ਵਿਚ ਬਦਲ ਗਈ ਸੀ।''[9] ਕਲਵਰ ਦੀ ਸ਼ਬਦਾਵਲੀ ਫ਼ਿਲਿੱਪੀਆਂ 3:21 ਨਾਲੋਂ ਫ਼ਰਕ ਹੋ ਸਕਦੀ ਹੈ, ਜੋ ''ਤੇਜ ਦੇ ਸਰੀਰ'' ਦੀ ਗੱਲ ਕਰਦੀ ਹੈ। ਕਾਰਟਰ ਦਾ ਮੰਨਣਾ ਸੀ ਕਿ ''[ਮਸੀਹ ਦੀ ਜੀ ਉੱਠੀ ਦੇਹ ਦੇ] ਨਵੇਂ ਗੁਣ ਅਤੇ ਸ਼ਕਤੀਆਂ ਬੇਸ਼ੱਕ ਉਸ ਦੇ ਨਿਸ਼ਾਨ ਹਨ, ਜਿਨ੍ਹਾਂ ਨੂੰ ਪੌਲੁਸ ਨੇ ਆਤਮਿਕ ਦੇਹ ਆਖਿਆ ਸੀ (1 ਕੁਰਿੰਥੀਆਂ 5:44)।''[10]

ਯਿਸੂ ਦੀ ਜੀ ਉੱਠੀ ਦੇਹ ਅਤੇ ਰੂਹਾਨੀ ਦੇਹਾਂ ਵਿਚ ਇਕ ਨਜ਼ਦੀਕੀ ਰਿਸ਼ਤਾ ਹੈ, ਜੋ ਸਾਨੂੰ ਜੀ ਉੱਠਣ ਦੇ ਬਾਅਦ ਮਿਲੇਗਾ। ਰੂਹਾਨੀ ਦੇਹ ਤੇ ਪੌਲੁਸ ਦੀ ਸਿੱਖਿਆ ਦਾ ਸੰਖੇਪ ਵੇਰਵਾ ਹੈ: ਮੁਰਦਿਆਂ ਵਿੱਚੋਂ ਜੀ ਉੱਠ ਕੇ ਅਸੀਂ ਦੇਹ ਰਹਿਤ ਆਤਮਾਵਾਂ ਨਹੀਂ ਹੋਵਾਂਗੇ ਬਲਕਿ ਸਾਨੂੰ ਨਵੇਂ ਸਰੀਰ ਦਿੱਤੇ ਜਾਣਗੇ (ਵੇਖੋ 2 ਕੁਰਿੰਥੀਆਂ 4:16–5:4)।[11] 1 ਕੁਰਿੰਥੀਆਂ 15 ਵਿਚ ਪੌਲੁਸ ਨੇ ਜੀ ਉੱਠੀ ਦੇਹ ਦਾ ਵੇਰਵਾ ਦਿੱਤਾ ਹੈ (ਵੇਖੋ ਆਇਤ 35)। ਨਵੀਂ ''ਰੂਹਾਨੀ'' ਦੇਹ ਕਿਸੇ ਨਾ ਕਿਸੇ ਤਰ੍ਹਾਂ ਪੁਰਾਣੀ ''ਸੁਭਾਵਿਕ'' ਦੇਹ ਨਾਲ ਸਬੰਧਿਤ ਹੋਵੇਗੀ (ਆਇਤਾਂ 38–41)। ਬੀਜ ਦੇ ਰੂਪਕ ਦੀ ਵਰਤੋਂ ਕਰਦਿਆਂ ਪੌਲੁਸ ਨੇ ਲਿਖਿਆ:

> ਇਸੇ ਤਰ੍ਹਾਂ ਮੁਰਦਿਆਂ ਦੀ ਕਿਆਮਤ ਵੀ ਹੈ। ਉਹ ਨਾਸਵਾਨ ਬੀਜਿਆ ਜਾਂਦਾ ਹੈ ਪਰ ਅਵਿਨਾਸੀ ਜੀ ਉੱਠਦਾ ਹੈ। ਉਹ ਬੇਪੱਤ ਬੀਜਿਆ ਜਾਂਦਾ ਹੈ ਪਰੰਤੂ ਪਰਤਾਪਵਾਨ ਜੀ ਉੱਠਦਾ ਹੈ। ਉਹ ਨਿਰਬਲ ਬੀਜਿਆ ਜਾਂਦਾ ਹੈ ਪਰ ਬਲਵੰਤ ਜੀ ਉੱਠਦਾ ਹੈ। ਉਹ ਪ੍ਰਾਣਕ ਸਰੀਰ ਹੋ ਕੇ ਬੀਜਿਆ ਜਾਂਦਾ ਹੈ ਪਰ ਉਹ ਆਤਮਕ ਸਰੀਰ ਹੋ ਕੇ ਜੀ ਉੱਠਦਾ ਹੈ। ਜੇ ਪ੍ਰਾਣਕ ਸਰੀਰ ਹੈ ਤਾਂ ਆਤਮਕ ਸਰੀਰ ਵੀ ਹੈ (ਆਇਤਾਂ 42–44)।

ਮਸੀਹ ਦੇ ਵਾਪਸ ਆਉਣ ਤੇ ਸਾਡੇ ਸਰੀਰ ''ਹੋਰ ਦੇ ਹੋਰ ਹੋ ਜਾਣਗੇ'' ਭਾਵੇਂ ਅਸੀਂ ਮਰੇ ਹੋਏ ਹੋਈਏ ਜਾਂ ਜ਼ਿੰਦਾ (ਆਇਤਾਂ 51–54)। ਉਦੋਂ ਤੁਹਾਨੂੰ ਅਤੇ ਮੈਨੂੰ *ਆਪਣੇ* ਜੀ ਉੱਠੇ ਸਰੀਰ ਮਿਲਣਗੇ।

ਸਾਨੂੰ ਮਿਲਣ ਵਾਲੀ ਰੂਹਾਨੀ ਦੇਹ ਅਤੇ ਯਿਸੂ ਦੀ ਜੀ ਉੱਠੀ ਦੇਹ ਵਿਚ ਸਮਾਨਤਾ ਨੂੰ ਵੇਖਣਾ ਮੁਸ਼ਕਿਲ ਨਹੀਂ ਹੈ, ਪਰ ਇਕ ਸਾਫ਼ ਫ਼ਰਕ ਤੇ ਧਿਆਨ ਦੇਣਾ ਜ਼ਰੂਰੀ ਹੈ। ਯਿਸੂ ਨੇ ਜ਼ੋਰ ਦੇ ਕੇ ਆਖਿਆ ਕਿ ਉਸ ਦੇ ਜੀ ਉੱਠੇ ਸਰੀਰ ਵਿਚ ''ਮਾਸ ਅਤੇ ਹੱਡੀਆਂ'' ਸਨ (ਲੂਕਾ 24:39) ਜਦਕਿ ਪੌਲੁਸ ਨੇ ਲਿਖਿਆ ਹੈ ਕਿ ''ਮਾਸ ਅਤੇ ਲਹੂ ਪਰਮੇਸ਼ੁਰ ਦੇ ਰਾਜ ਦੇ ਅਧਿਕਾਰੀ ਨਹੀਂ ਹੋ ਸਕਦੇ'' (ਭਾਵ ਸੁਰਗ ਵਿਚ ਨਹੀਂ ਵੜ ਸਕਦੇ) (1 ਕੁਰਿੰਥੀਆਂ 15:50)। ਹੋ ਸਕਦਾ ਹੈ ਕਿ ਯਿਸੂ ਨੇ ''ਮਾਸ ਅਤੇ ਹੱਡੀਆਂ'' ਸ਼ਬਦਾਂ ਦੀ ਵਰਤੋਂ ਸਿਰਫ਼ ''ਸਲੀਬ'' ਦੇ ਅਰਥ ਵਿਚ ਕੀਤੀ ਹੋਵੇ।[12] ਇਹ ਵੀ ਹੋ ਸਕਦਾ ਹੈ ਕਿ ਚਾਲੀ ਦਿਨਾਂ ਦੌਰਾਨ ਮਸੀਹ ਰਾਹੀਂ ਵਰਤੀ ਜਾਣ ਵਾਲੀ ਦੇਹ ਉਸ ਦੀ ਜਲਾਲੀ ਦੇਹ ਹੀ ਸੀ, ਜੋ ਇਸ ਲਈ ਲੈ ਲਈ ਹੋਵੇਗੀ ਤਾਂ ਜੋ ਸੁਰਗ ਤੇ ਆਪਣੇ ਉਠਾਏ ਜਾਣ ਲਈ ਆਪਣੇ ਚੇਲਿਆਂ ਨੂੰ ਤਿਆਰ ਕਰਨ ਵੇਲੇ ਧਰਤੀ ਉੱਤੇ ਉਹ ਉਨ੍ਹਾਂ ਦੇ ਨਾਲ ਰਹਿ ਸਕੇ। ਅਜਿਹਾ ਹੋਣ ਤੇ ਉਸ ਦੀ ਜਲਾਲੀ ਦੇਹ ਵਿਚ ਆਖ਼ਰੀ ਅਤੇ ਪੂਰਣ ਬਦਲਾਅ ਆਪਣੇ ਪਿਤਾ ਕੋਲੋਂ ਉਸ ਦੇ ਉਠਾਏ ਜਾਣ ਤੇ ਹੀ ਆਏ ਹੋਣਗੇ।[13]

ਇਹ ਕਹਿ ਲੈਣ ਦੇ ਬਾਅਦ ਕਿ ਅਸੀਂ ਯਿਸੂ ਦੀ ਜੀ ਉੱਠੀ ਦੇਹ ਬਾਰੇ ਕੀ *ਜਾਣ* ਸਕਦੇ ਹਾਂ?

ਇਹ ਇਕ *ਗੈਰ ਮਾਮੂਲੀ* ਦੇਹ ਸੀ ਅਤੇ ਇਹ ਇਕ *ਅਸਲ* ਦੇਹ ਸੀ। ਅਸੀਂ ਵਿਸ਼ਵਾਸ ਨਾਲ ਜਾਣਦੇ ਹਾਂ ਕਿ ਉਹ *ਸਚਮੁਚ* ਮੁਰਦਿਆਂ ਵਿੱਚੋਂ ਜੀ ਉੱਠਿਆ ਸੀ। ਇਹੀ ਗੱਲ ਮੁੱਖ ਹੈ।

---

ਟਿੱਪਣੀਆਂ

[1]ਕਈਆਂ ਦਾ ਮੰਨਣਾ ਹੈ ਕਿ ਯਿਸੂ ਨੇ ਦਰਵਾਜ਼ਾ ਖੜਕਾਇਆ ਅਤੇ ਕਿਸੇ ਨੇ ਉਸ ਨੂੰ ਅੰਦਰ ਆਉਣ ਦਿੱਤਾ। ਅਜਿਹੇ ਦੁਨਿਆਵੀ ਦਾਖਲੇ ਨਾਲ ਲੂਕਾ 24:36, 37 ਦੀ ਪ੍ਰਤੀਕਿਰਿਆ ਨਹੀਂ ਹੋ ਸਕਦੀ ਸੀ। [2]ਵਾਲਟਰ ਹੇਲੀ ਦਾ ਹਵਾਲਾ ਵਾਲਟਰ ਬਾਉਰ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* 2 ਜੀ ਸੋਧ, ਵਿਲੀਅਮ ਐਫ਼. ਅਰੰਡਟ ਐਂਡ ਐਫ਼. ਬੀ. ਵਿਲਬਰ ਗਿੰਗਰਿਕ [ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1957]। [3]ਹੋਮੇਰ ਹੇਲੀ, *ਦੈਟ ਯੂ ਮੇ ਬਿਲੀਵ: ਸਟੱਡੀਜ਼ ਇਨ ਦ ਗੌਸਪਲ ਆਫ਼ ਜੌਨ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1973), 145. [4]ਜੌਨ ਫ੍ਰੈਂਕਲਿਨ ਕਾਰਟਰ, *ਏ ਲੇਮੈਨ'ਜ਼ ਹਾਰਮਨੀ ਆਫ਼ ਦ ਗੌਸਪਲਜ਼* (ਨੈਸ਼ਵਿੱਲੇ: ਬ੍ਰੌਡਮੈਨ ਪ੍ਰੈੱਸ, 1961), 341. [5]ਉਹੀ। [6]ਪਹਿਲੀ ਵਾਰ ਉਸ ਦਾ ਖ਼ੁਦਾ ਹੋਣਾ ''ਪਾਰਦਰਸ਼ੀ'' ਜਲਾਲੀ ਰੂਪ ਹੋਣ ਵੇਲੇ ਵਾਂਗ ਸੀ? [7]ਕਾਰਟਰ, 341. [8]***Eschatology*** ''ਐਸਕੇਟੋਲੋਜੀ'' ''ਆਖ਼ਰੀ'' (***eschatos***) ਗੱਲਾਂ ਦਾ ਅਧਿਐਨ (***logos***) (ਭਾਵ ਦੁਨੀਆਂ ਦੇ ਅਖ਼ੀਰ, ਨਿਆਂ, ਸੁਰਗ ਅਤੇ ਨਰਕ ਅਤੇ ਉਸ ਦੇ ਅੱਗੇ ਦਾ ਅਧਿਐਨ) ਹੈ। ''ਐਸਕੇਟੇਓਲੋਜਿਕਲ'' ਸ਼ਬਦ ਤੇ ਖ਼ਤਮ ਹੋਣ ਤੋਂ ਭਾਵ ''ਨਾਲ ਜੁੜਿਆ'' ਹੈ। ''ਐਸਕੇਟੇਓਲੋਜਿਕਲ'' ਅਜਿਹੀ ਹੈ ਜੋ ਸਾਨੂੰ ਮਸੀਹ ਦੇ ਵਾਪਸ ਆਉਣ ਤੇ ''ਅਖ਼ੀਰ ਵਿਚ'' ਮਿਲੇਗੀ। [9]ਰੌਬਰਟ ਡੰਕਨ ਕਲਵਰ, *ਦ ਲਾਈਫ਼ ਆਫ਼ ਕ੍ਰਾਈਸਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1976), 267. [10]ਕਾਰਟਰ, 341.

[11]ਮੈਨੂੰ ਆਤਮਾ ਅਤੇ ਆਤਮਿਕ ਦੇਹ ਜਾਂ ਰੂਹਾਨੀ ਦੇਹ ਵਿਚ ਫ਼ਰਕ ਪਤਾ ਨਹੀਂ ਹੈ, ਪਰ ਜ਼ਾਹਿਰ ਹੈ ਕਿ ਸਾਡੀਆਂ ਰੂਹਾਂ ਨੂੰ ਪੂਰੀ ਤਰ੍ਹਾਂ ਨਾਲ ਕੰਮ ਕਰਨ ਅਤੇ ਉਨ੍ਹਾਂ ਦੇ ਅਨਾਦੀਕਾਲ ਨੂੰ ਪੂਰਾ ਕਰਨ ਲਈ ਦੇਹਾਂ ਤਕ ''ਢੱਕੇ'' ਹੋਣਾ ਜ਼ਰੂਰੀ ਹੈ। [12]ਲੂਕਾ 24:39 ਦਾ ਲਿਵਿੰਗ ਬਾਈਬਲ ਦਾ ਅਨੁਵਾਦ ਹੈ, ''ਮੈਨੂੰ ਛੂਹੋ ਅਤੇ ਯਕੀਨੀ ਬਣਾਓ ਕਿ ਮੈਂ ਭੂਤ ਨਹੀਂ ਹਾਂ! ਕਿਉਂਕਿ ਭੂਤਾਂ ਦੀ ਦੇਹ ਨਹੀਂ ਹੁੰਦੀ, ਜਿਵੇਂ ਕਿ ਤੁਸੀਂ ਮੇਰੀ ਵੇਖੋਗੇ!'' [13]ਉੱਪਰ ਉਠਾਏ ਜਾਣ ਤੇ ਵਧੇਰੇ ਜਾਣਕਾਰੀ ਲਈ ਇਸ ਕਿਤਾਬ ਵਿਚ ਅੱਗੇ ''ਅਲਵਿਦਾ ਅਤੇ ਸਵਾਗਤ'' ਅਤੇ ''ਤੇਜ ਵਿਚ ਉਤਾਹਾਂ ਉਠਾ ਲਿਆ ਗਿਆ'' ਪਾਠ ਵੇਖੋ।

# ਜੀ ਉੱਠਣਾ ਕਿਸ ਗੱਲ ਦਾ ਐਲਾਨ ਹੈ

ਯਿਸੂ ਦੀ ਮੌਤ, ਦਫ਼ਨਾਇਆ ਜਾਣਾ ਅਤੇ ਜੀ ਉੱਠਣਾ ਸਾਡੇ ਵਿਸ਼ਵਾਸ ਅਤੇ ਖ਼ੁਦਾ ਨਾਲ ਸਾਡੇ ਸਬੰਧ ਦੀ ਬੁਨਿਆਦ ਹੈ (1 ਕੁਰਿੰਥੀਆਂ 15:1–4)। ਹਰ ਹਫ਼ਤੇ ਦੇ ਪਹਿਲੇ ਦਿਨ, ਪ੍ਰਭੂ ਦੀ ਮੇਜ਼ ਦੇ ਕੋਲ ਇਕੱਠੇ ਹੋ ਕੇ[1] ਅਸੀਂ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਨੂੰ ਯਾਦ ਕਰਦੇ ਹਾਂ। ਹੁਣ ਲਈ ਅਸੀਂ ਆਪਣੇ ਵਿਚਾਰ ਇਨ੍ਹਾਂ ਵਿੱਚੋਂ ਤੀਜੀ ਗੱਲ, ਜੀ ਉੱਠਣ ਤੇ ਕਰਾਂਗੇ। ਅਸੀਂ ''ਜੀ ਉੱਠਣ ਦਾ ਕੀ ਮਹੱਤਵ ਹੈ?'' ਅਤੇ ''ਇਹ ਵੱਡੀ ਘਟਨਾ ਕਿਸ ਗੱਲ ਦਾ ਐਲਾਨ ਹੈ?'' ਵਰਗੇ ਸਵਾਲਾਂ ਦਾ ਜਵਾਬ ਦੇਣਾ ਚਾਹੁੰਦੇ ਹਾਂ। ਇਸ ਦੇ ਕੁਝ ਬੁਨਿਆਦੀ ਸੰਦੇਸ਼ ਇਸ ਤਰ੍ਹਾਂ ਹਨ।

## ਯਿਸੂ ਖ਼ੁਦਾ ਦਾ ਬੇਟਾ ਹੈ

ਪਹਿਲਾਂ ਤਾਂ ਜੀ ਉੱਠਣਾ ਯਿਸੂ ਦੇ ਇਲਾਹੀ ਹੋਣ ਦਾ ਐਲਾਨ ਹੈ। ਰੋਮੀਆਂ 1:4 ਵਿਚ ਪੌਲੁਸ ਨੇ ਉਸ ਬਾਰੇ ਕਿਹਾ, ''ਪਵਿੱਤਰਤਾਈ ਦੇ ਆਤਮਾ ਦੇ ਸਰਬੰਧ ਕਰਕੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤਰ ਸਾਡਾ ਪ੍ਰਭੂ ਯਿਸੂ ਮਸੀਹ ਮਿਥਿਆ ਗਿਆ।'' ਜੀ ਉੱਠਣਾ ਇਹ ਸਾਬਤ ਕਰਦਾ ਹੈ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ।

ਜੀ ਉੱਠਣ ਵਾਲੀ ਸਵੇਰ ਕਬਰ ਤੇ ਸਭ ਤੋਂ ਪਹਿਲਾਂ ਜਾਣ ਵਾਲਿਆਂ ਵਿੱਚੋਂ ਉਹ ਔਰਤਾਂ ਸਨ ਜੋ ਮਸੀਹ ਦੀ ਦੇਹ ਨੂੰ ਖ਼ੁਸ਼ਬੂਦਾਰ ਚੀਜ਼ਾਂ ਨਾਲ ਮਸਹ ਕਰਨ ਦਾ ਕੰਮ ਪੂਰਾ ਕਰਨ ਲਈ ਆਈਆਂ ਸਨ। ਅਜਿਹਾ ਲਗਦਾ ਹੈ ਕਿ ਮਰੀਅਮ ਮਗਦਲੀਨੀ ਦੂਜੀਆਂ ਔਰਤਾਂ ਨੂੰ ਛੱਡ ਕੇ ਪਤਰਸ ਅਤੇ ਯੂਹੰਨਾ ਕੋਲ ਚਲੀ ਗਈ। ਮਰੀਅਮ ਦੇ ਡਰ ਨੂੰ ਸੁਣ ਕੇ ਦੋਵੇਂ ਰਸੂਲ ਪਤਾ ਲਾਉਣ ਲਈ ਕਬਰ ਵੱਲ ਨੂੰ ਨੱਸੇ ਸਨ। ਯੂਹੰਨਾ ਨੇ ਬਾਅਦ ਵਿਚ ਆਖਿਆ ਕਿ ਉਸ ਨੂੰ ਕਬਰ ਦੇ ਅੰਦਰ ਝਾਤੀ ਮਾਰਨ ਦੇ ਬਾਅਦ ਯਕੀਨ ਹੋਇਆ। ਪਹਿਲਾਂ ਇਸ ਗੱਲ ਤੋਂ ਅਣਜਾਨ ਕਿ ਕੀ ਯਕੀਨ ਕਰੇ, ਉਹ ਪਤਰਸ ਤੋਂ ਬਾਅਦ ਵਿਚ ਗਿਆ ਸੀ। ਫਿਰ ਉਸ ਨੇ ਵੇਖਿਆ ਕਿ ਕਬਰ ਵਿਚ ਕੀ ਹੈ। ਯੂਹੰਨਾ ਦੇ ਵਿਰਤਾਂਤ ਵਿਚ ਇਸ ਤਰ੍ਹਾਂ ਲਿਖਿਆ ਹੈ:

> ਤਦ ਸ਼ਮਊਨ ਪਤਰਸ ਵੀ ਉਹ ਦੇ ਮਗਰੋਂ ਆ ਪੁੱਜਿਆ ਅਤੇ ਕਬਰ ਦੇ ਅੰਦਰ ਜਾ ਕੇ ਕੀ ਵੇਖਦਾ ਹੈ ਜੋ ਕਤਾਨੀ ਕੱਪੜੇ ਪਏ ਹੋਏ ਹਨ। ਅਤੇ ਉਹ ਰੁਮਾਲ ਜਿਹੜਾ ਉਸ ਦੇ ਸਿਰ ਉੱਤੇ ਬੱਧਾ ਹੋਇਆ ਸੀ ਉਨ੍ਹਾਂ ਕਤਾਨੀ ਕੱਪੜਿਆਂ ਦੇ ਨਾਲ ਹੈ ਨਹੀਂ ਪਰ ਵਲ੍ਹੇਟਿਆ ਹੋਇਆ ਇਕ ਥਾਂ ਵੱਖਰਾ ਪਿਆ ਹੈ। ਸੋ ਤਦ ਉਹ ਦੂਆ ਚੇਲਾ[2] ਵੀ ਜੋ ਕਬਰ ਉੱਤੇ ਪਹਿਲਾਂ ਆਇਆ ਸੀ ਅੰਦਰ ਗਿਆ ਅਤੇ ਉਹ ਨੇ ਵੇਖ ਕੇ[3] ਪਰਤੀਤ ਕੀਤੀ (ਯੂਹੰਨਾ 20:6–8)।

ਯੂਹੰਨਾ ਨੇ ਕੀ ਵੇਖਿਆ ਜਿਸ ਨਾਲ ਉਸ ਨੂੰ ਵਿਸ਼ਵਾਸ ਹੋ ਗਿਆ? ਉਸ ਨੇ ਵੇਖਿਆ ਕਿ ''ਕਤਾਨੀ ਕੱਪੜੇ ਪਏ ਹੋਏ ਹਨ ਅਤੇ ਰੁਮਾਲ ਜਿਹੜਾ ਉਹਦੇ ਸਿਰ ਉੱਤੇ ਬੱਧਾ ਹੋਇਆ ਸੀ ... ਵਲੇਟਿਆ ਹੋਇਆ ਇਕ ਥਾਂ ਵੱਖਰਾ ਪਿਆ ਹੋਇਆ ਹੈ।'' ਜੇ ਲੋਕਾਂ ਨੇ ਯਿਸੂ ਦੀ ਦੇਹ ਤੋਂ ਕਾਹਲੀ ਨਾਲ ਉਸ ਨੂੰ ਲਾਹਿਆ ਸੀ,[4] ਤਾਂ ਉਹ ਰੁਮਾਲ ਲਾਹ ਕੇ ਤੈਅ ਕਰਕੇ ਰੱਖਣ ਵਿਚ ਅਤੇ ਕੱਪੜੇ ਲਾਹੁਣ ਵਿਚ ਸਮਾਂ ਬਰਬਾਦ ਨਾ ਕਰਦੇ। ਜੋ ਕੁਝ ਯੂਹੰਨਾ ਨੇ ਵੇਖਿਆ ਉਹ ਮਨੁੱਖੀ ਕੋਸ਼ਿਸ਼ ਨਾਲ ਮੇਲ ਨਹੀਂ ਖਾਂਦਾ, ਪਰ ਰੱਬੀ ਦਖਲ ਨਾਲ ਖਾਂਦਾ ਸੀ। ਇਹ ਉਸ ਜੀ ਉੱਠਣ ਨਾਲ ਮੇਲ ਖਾਂਦਾ ਸੀ, ਜਿਸ ਦੀ ਨਬੂਵਤ ਯਿਸੂ ਨੇ ਕਈ ਵਾਰ ਕੀਤੀ ਸੀ (ਮੱਤੀ 16:21; 17:23; 20:19; ਮਰਕੁਸ 8:31; 9:31; 10:34; ਲੂਕਾ 9:22; ਯੂਹੰਨਾ 2:19)।

ਜੇ ਤੁਸੀਂ ਅਤੇ ਮੈਂ ਸਮਾਂ ਕੱਢ ਕੇ ਉਸ ਸਬੂਤ ਨੂੰ ਧਿਆਨ ਨਾਲ ਵੇਖੀਏ ਤਾਂ ਸਾਡੇ ਮਨ ਵਿਚ ਵੀ ਉਵੇਂ ਹੀ ਵਿਸ਼ਵਾਸ ਆ ਜਾਵੇਗਾ ਜਿਵੇਂ ਯੂਹੰਨਾ ਦੇ ਮਨ ਵਿਚ ਆਇਆ ਸੀ। ਇਹ ਵਿਸ਼ਵਾਸ ਦੁਆਉਣ ਲਈ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ ਕਈ ਤਰਕ ਹਨ। ਉਦਾਹਰਣ ਲਈ, ਸੈਂਕੜੇ ਭਰੋਸੇਯੋਗ ਗਵਾਹਾਂ ਲਈ ਗਵਾਹਾਂ ਦੀ ਗਵਾਹੀ ਹੈ ਜਿਨ੍ਹਾਂ ਨੇ ਯਿਸੂ ਨੂੰ ਜੀ ਉੱਠਣ ਦੇ ਬਾਅਦ ਜ਼ਿੰਦਾ ਵੇਖਿਆ ਸੀ (1 ਕੁਰਿੰਥੀਆਂ 15:4–8)।

ਇਕ ਸਬੂਤ ਯਿਸੂ ਦੇ ਚੇਲਿਆਂ ਵਿਚ ਆਉਣ ਵਾਲੀ ਤਬਦੀਲੀ ਹੈ। ਉਸਦੀ ਗਿਰਫ਼ਤਾਰੀ ਅਤੇ ਪੇਸ਼ੀਆਂ ਦੌਰਾਨ ਮਸੀਹ ਦੇ ਚੇਲਿਆਂ ਦੇ ਵਿਹਾਰ ਤੋਂ ਕੋਈ ਪ੍ਰਭਾਵਿਤ ਨਹੀਂ ਹੋਇਆ ਹੋਵੇਗਾ। ਉਹ ਦਲੇਰ ਹੋਣ ਨੂੰ ਛੱਡ ਬਾਕੀ ਸਭ ਕੁਝ ਸਨ। ਜਾਂ ਤਾਂ ਉਹ ਆਪਣੀ ਜਾਨ ਬਚਾਉਣ ਲਈ ਭੱਜ ਗਏ ਸਨ ਜਾਂ ਉਨ੍ਹਾਂ ਨੇ ਖ਼ਤਰੇ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕੀਤੀ ਸੀ। ਪਤਰਸ ਯਿਸੂ ਨੂੰ ਜਾਣਨ ਤੋਂ ਵੀ ਮੁੱਕਰ ਗਿਆ। ਪਰ ਉਸਦੇ ਜੀ ਉੱਠਣ ਦੇ ਬਾਅਦ, ਉਹੀ ਲੋਕ ਖੁੱਲੇਆਮ ਅਤੇ ਦਲੇਰੀ ਨਾਲ ਯਿਸੂ ਦਾ ਪ੍ਰਚਾਰ ਕਰ ਰਹੇ ਸਨ। ਉਨ੍ਹਾਂ ਦੇ ਯਕੀਨ ਦੀ ਗੱਲ ਨਵੇਂ ਨੇਮ ਦੇ ਸਫ਼ਿਆਂ ਵਿਚ ਮਿਲਦੀ ਹੈ। ਉਨ੍ਹਾਂ ਨੂੰ ਕਿਸ ਗੱਲ ਦਾ ਯਕੀਨ ਹੈ? ਕਿ ਯਿਸੂ *ਜ਼ਿੰਦਾ* ਹੈ। ਇਸ ਯਕੀਨ ਨੇ ਰਸੂਲਾਂ ਦੀਆਂ ਜ਼ਿੰਦਗੀਆਂ ਬਦਲ ਦਿੱਤੀਆਂ ਹਨ। ਉਨ੍ਹਾਂ ਦੇ ਵਿਸ਼ਵਾਸ ਨੂੰ ਉਨ੍ਹਾਂ ਨੂੰ ਕੈਦ ਵਿਚ ਪਾ ਕੇ, ਕੁਟ ਕੇ, ਪੱਥਰ ਮਾਰ ਕੇ ਅਤੇ ਜਾਨੋਂ ਮਾਰ ਕੇ ਹਿਲਾਇਆ ਨਹੀਂ ਜਾ ਸਕਦਾ ਸੀ। ਕਮਜ਼ੋਰ, ਡਾਵਾਂਡੋਲ, ਅਤੇ ਬੇਵਿਸ਼ਵਾਸੇ ਲੋਕ ਐਨੀ ਸ਼ਕਤੀ ਨਾਲ ਭਰੇ ਲੋਕ ਬਣ ਗਏ ਹਨ ਜਿਵੇਂ ਦੁਨੀਆਂ ਨੇ ਇਸ ਤੋਂ ਪਹਿਲਾਂ ਕਦੇ ਨਹੀਂ ਵੇਖੇ ਸੀ। ਉਨ੍ਹਾਂ ਦੀ ਸਿੱਖਿਆ ਨੇ ਰੋਮੀ ਹਕੂਮਤ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਉਹ ਲੜਖੜਾ ਕੇ ਡਿੱਗ ਪਈ। ਇਨ੍ਹਾਂ ਲੋਕਾਂ ਵਿਚ ਆਏ ਬਦਲਾਅ ਨੂੰ ਜੀ ਉੱਠਣ ਤੋਂ ਵੱਖ ਕਰਕੇ ਨਹੀਂ ਦੱਸਿਆ ਜਾ ਸਕਦਾ। ਉਨ੍ਹਾਂ ਨੇ ਜੀ ਉੱਠੇ ਪ੍ਰਭੂ ਨੂੰ ਵੇਖਿਆ ਸੀ, ਜਿਸ ਕਰਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਹਮੇਸ਼ਾ ਹਮੇਸ਼ਾ ਲਈ ਬਦਲ ਗਈਆਂ।

ਜੀ ਉੱਠਣ ਨਾਲ ਬਹੁਤ ਪਹਿਲਾਂ ਇਹ ਸਾਬਤ ਹੋ ਚੁੱਕਿਆ ਹੈ ਕਿ ਯਿਸੂ ਖ਼ੁਦਾ ਦਾ ਬੇਟਾ ਹੈ, ਅਤੇ ਅੱਜ ਵੀ ਇਹ ਉਸੇ ਵੱਡੀ ਹਕੀਕਤ ਦਾ ਐਲਾਨ ਕਰਦਾ ਹੈ।

## ਯਿਸੂ ਦੀ ਕੁਰਬਾਨੀ ਕਬੂਲ ਕਰ ਲਈ ਗਈ ਸੀ

ਜੀ ਉੱਠਣਾ ਇਹ ਐਲਾਨ ਕਰਦਾ ਹੈ ਕਿ ਖ਼ੁਦਾ ਨੇ ਸਲੀਬ ਤੇ ਯਿਸੂ ਦੀ ਕੁਰਬਾਨੀ ਮੰਜ਼ੂਰ ਕਰ ਲਈ ਹੈ। ਮਸੀਹੀਅਤ ਸਲੀਬ ਤੇ ਟਿਕੀ ਹੈ। ਸਾਨੂੰ ''ਸਲੀਬ ਦੇ ਰਾਹੀਂ ... ਪਰਮੇਸ਼ੁਰ ਨਾਲ'' ਮਿਲਾਇਆ ਜਾਂਦਾ ਹੈ (ਅਫ਼ਸੀਆਂ 2:16)। ਯਿਸੂ ਦੀ ਕੁਰਬਾਨੀ ਦੇ ਰਾਹੀਂ ਖ਼ੁਦਾ ਦੇ ਨਿਆਂ ਨੂੰ ਸ਼ਾਂਤ ਕੀਤਾ ਗਿਆ,[5] ਅਤੇ ਸਾਨੂੰ ਹਮੇਸ਼ਾ ਦੀ ਜ਼ਿੰਦਗੀ ਦੀ ਉਮੀਦ ਮਿਲੀ ਹੈ। ਇਸੇ ਲਈ ਪੌਲੁਸ ਨੇ ਕਿਹਾ, ''ਮੈਂ ਇਹ ਠਾਣ ਲਿਆ ਕਿ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨਾ ... ਕਿਸੇ ਹੋਰ ਗੱਲ ਨੂੰ ਨਾ ਜਾਣਾ'' (1 ਕੁਰਿੰਥੀਆਂ 2:2)। ਜਦ ਹਫ਼ਤੇ ਦੇ ਹਰ ਪਹਿਲੇ ਦਿਨ ਅਸੀਂ ਪ੍ਰਭੂ ਦੀ ਮੇਜ਼ ਕੋਲ ਇਕੱਠੇ ਹੁੰਦੇ ਹਾਂ, ਤਾਂ ਇਹ ''ਪ੍ਰਭੂ ਦੀ ਮੌਤ ਦਾ ਪ੍ਰਚਾਰ'' ਕਰਨ ਲਈ ਹੀ ਹੁੰਦਾ ਹੈ (1 ਕੁਰਿੰਥੀਆਂ 11:26)।

ਪਰ ਜੇ ਉਹ ਮੁਰਦਿਆਂ ਵਿੱਚੋਂ ਜੀ ਨਾ ਉੱਠਿਆ ਹੁੰਦਾ, ਤਾਂ ਸਾਨੂੰ ਇਹ ਪਤਾ ਨਹੀਂ ਲੱਗਣਾ ਸੀ ਕਿ ਸਲੀਬ ਨਾਲ ਕੀ ਮਕਸਦ ਪੂਰਾ ਹੋਇਆ ਹੈ। ਜੀ ਉੱਠਣਾ ਇਹ ਐਲਾਨ ਕਰਦਾ ਹੈ ਕਿ ਖ਼ੁਦਾ ਨੇ ਅਸਲ ਵਿਚ ਸਾਡੇ ਪਾਪਾਂ ਲਈ ਯਿਸੂ ਦੀ ਕੁਰਬਾਨੀ ਕਬੂਲ ਕਰ ਲਈ ਹੈ। ਇਸ ਅਰਥ ਵਿਚ ਸਾਨੂੰ ਨਾ ਖ਼ੁਦ ਯਿਸੂ ਦੀ ਮੌਤ ਦੇ ਰਾਹੀਂ ਮੁਕਤੀ ਹੀ ਮਿਲਣੀ ਹੈ ਬਲਕਿ ਉਸ ਦੇ ਜੀ ਉੱਠਣ ਦੇ ਰਾਹੀਂ ਹੀ ਅਸੀਂ ਬਚਾਏ ਜਾਂਦੇ ਹਾਂ। ਇਸੇ ਕਰਕੇ ਪੌਲੁਸ ਨੇ ਯਿਸੂ ਵਾਸਤੇ ਕਿਹਾ ਕਿ ''ਜਿਹੜਾ ਸਾਡੇ ਅਪਰਾਧਾਂ ਦੇ ਕਾਰਣ ਫੜਵਾਇਆ ਗਿਆ ਅਤੇ ਸਾਨੂੰ *ਧਰਮੀ ਠਹਿਰਾਉਣ* ਲਈ *ਜਿਵਾਲਿਆ* ਗਿਆ'' (ਰੋਮੀਆਂ 4:25)।

## ਅਸੀਂ ਬਚਾਏ ਜਾ ਸਕਦੇ ਹਾਂ

ਯਿਸੂ ਦੀ ਕੁਰਬਾਨੀ ਨੂੰ ਖ਼ੁਦਾ ਵੱਲੋਂ ਕਬੂਲੇ ਜਾਣ ਦਾ ਰੋਮਾਂਚਕਾਰੀ ਨਤੀਜਾ ਇਹ ਹੈ ਕਿ ਤੁਸੀਂ ਅਤੇ ਮੈਂ ਬਚਾਏ ਜਾ ਸਕਦੇ ਹਾਂ। ਜੀ ਉੱਠਣਾ ਇਹ ਐਲਾਨ ਕਰਦਾ ਹੈ ਕਿ ਅਸੀਂ ਪਾਪ ਵਿਚ ਮੌਤ ਤੋਂ ਜ਼ਿੰਦਗੀ ਦੇ ਨਵੇਂਪਣ ਵਿਚ ਲਿਜਾਏ ਜਾ ਸਕਦੇ ਹਾਂ।

ਯਿਸੂ ਨੇ ਇਕ ਵਾਰ ਇਹ ਸਾਬਤ ਕਰਨ ਲਈ ਕਿ ਉਹਦੇ ਕੋਲ ''ਰੂਹਾਨੀ'' ਚੰਗਿਆਈ ਦੇਣ ਦੀ ਸ਼ਕਤੀ ਹੈ, *ਜਿਸਮਾਨੀ* ਚੰਗਿਆਈ ਦੀ ਵਰਤੋਂ ਕੀਤੀ ਸੀ (ਵੇਖੋ ਮੱਤੀ 9:6)। ਇਸੇ ਤਰ੍ਹਾਂ ਬਾਈਬਲ ਜ਼ੋਰ ਦਿੰਦੀ ਹੈ ਕਿ ਯਿਸੂ ਦੇ *ਸਰੀਰਕ* ਜੀ ਉੱਠਣ ਦਾ ਸਬੰਧ ਨਵੀਂ ਜ਼ਿੰਦਗੀ ਲਈ ਸਾਡੇ *ਆਤਮਿਕ* ਜੀ ਉੱਠਣ ਨਾਲ ਹੈ। ਰੋਮ ਦੇ ਮਸੀਹੀ ਲੋਕਾਂ ਦੇ ਨਾਂਅ ਲਿਖਦਿਆਂ ਪੌਲੁਸ ਨੇ ਕਿਹਾ:

> ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ, ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ। ਜਦੋਂ ਅਸੀਂ ਉਹ ਦੀ ਮੌਤ ਦੀ ਸਮਾਨਤਾ ਵਿਚ ਉਹ ਦੇ ਨਾਲ ਜੋੜੇ ਗਏ ਤਾਂ ਉਹ ਦੇ ਜੀ ਉੱਠਣ ਦੀ ਸਮਾਨਤਾ ਵਿਚ ਵੀ ਹੋਵਾਂਗੇ। ਕਿਉਂ ਜੋ ਅਸੀਂ ਇਹ ਜਾਣਦੇ ਹਾਂ ਜੋ ਸਾਡੀ ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ... (ਰੋਮੀਆਂ 6:4–6)।

ਅਫ਼ਸੀਆਂ ਦੇ ਨਾਂਅ ਲਿਖਦਿਆਂ ਪੌਲੁਸ ਉਨ੍ਹਾਂ ਦੀ ਮਨਬਦਲੀ ਨੂੰ ਇਨ੍ਹਾਂ ਸ਼ਬਦਾਂ ਵਿਚ ਸੰਕੇਤ ਕੀਤਾ, ''ਜਦੋਂ ਅਸੀਂ ਅਪਰਾਧਾਂ ਦੇ ਕਾਰਣ ਮੁਰਦੇ ਹੀ ਸਾਂ ਤਦੋਂ *[ਪਰਮੇਸ਼ੁਰ ਨੇ] ਮਸੀਹ ਦੇ ਨਾਲ* ਜਿਵਾਲਿਆ'' (ਅਫ਼ਸੀਆਂ 2:5)। ਖ਼ੁਦਾ ਦੀਆਂ ਬਰਕਤਾਂ ''ਉਹਦੀ ਵੱਡੀ ਸ਼ਕਤੀ ਦੇ ਪ੍ਰਭਾਵ ਅਨੁਸਾਰ ਜਿਹੜਾ ਉਹਨੇ ਮਸੀਹ ਵਿਚ ਕੀਤਾ *ਜਦ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ''* (1:19ਅ, 20ੳ)।

## ਸਾਡਾ ਜ਼ਿੰਦਾ ਮੁਕਤੀਦਾਤਾ ਹੈ

ਆਪਣੇ ਪਾਪਾਂ ਤੋਂ ਬਚਾਏ ਜਾਣ ਤੇ ਸਾਨੂੰ ਮਸੀਹੀ ਜ਼ਿੰਦਗੀ ਜੀਣ ਵਿਚ ਮਦਦ ਦੀ ਲੋੜ ਹੈ। ਜੀ ਉੱਠਣਾ ਇਹ ਐਲਾਨ ਕਰਦਾ ਹੈ ਕਿ ਸਾਡਾ ਇਕ ਮੁਕਦੀਦਾਤਾ ਹੈ ਜਿਹੜਾ ਸਾਡੇ ਲਈ ''ਸਿਫ਼ਾਰਸ਼ ਕਰਨ ਨੂੰ ਸਦਾ ਜੀਉਂਦਾ ਹੈ'' (ਇਬਰਾਨੀਆਂ 7:25)। ਸਾਡੀ ਵਫ਼ਾਦਾਰੀ ਕਿਸੇ ਮੁਰਦਾ ਉਪਦੇਸ਼ਕ ਨਾਲ ਨਹੀਂ ਬਲਕਿ ਜ਼ਿੰਦਾ ਸ਼ਖ਼ਸੀਅਤ ਵਿਚ ਹੈ।

ਯਿਸੂ ਨੇ ਹਮੇਸ਼ਾ ਸਾਡੇ ਨਾਲ ਹੋਣ ਦਾ ਵਾਅਦਾ ਕੀਤਾ ਹੈ (ਮੱਤੀ 28:20)। ਉਸ ਨੇ ਸਾਨੂੰ ਯਕੀਨ ਦੁਆਇਆ ਹੈ ਕਿ ਜਦ ਅਸੀਂ ਇਕੱਠੇ ਹੁੰਦੇ ਹਾਂ ਤਾਂ ਉਹ ਉੱਥੇ ਹੁੰਦਾ ਹੈ (ਮੱਤੀ 18:20)। ਇਬਰਾਨੀਆਂ ਦੀ ਕਿਤਾਬ ਸਾਨੂੰ ਦੱਸਦੀ ਹੈ ਕਿ ਉਹ ਸਾਡਾ ''ਦਿਆਲੂ ਅਤੇ ਮਾਤਬਰ ਪ੍ਰਧਾਨ ਜਾਜਕ'' ਹੈ ਜੋ ''ਸਾਡੀਆਂ ਦੁਰਬਲਤਾਈਆਂ ਵਿਚ ਸਾਡਾ ਦਰਦੀ'' ਹੋ ਸਕਦਾ ਹੈ ਅਤੇ ਅਜ਼ਮਾਇਸ਼ ਦੇ ਵਕਤ ਸਾਡੀ ਮਦਦ ਕਰਨ ਲਈ ਆ ਜਾਂਦਾ ਹੈ (2:17; 4:15; 2:18)। ਉਸ ਦੇ ਰਾਹੀਂ ਸਾਨੂੰ ''ਦਯਾ ਪ੍ਰਾਪਤ'' ਹੁੰਦੀ ਹੈ ਤਾਂ ਜੋ ਉਹ ''ਵੇਲੇ ਸਿਰ ਸਾਡੀ ਸਹਾਇਤਾ ਕਰੇ'' (ਇਬਰਾਨੀਆਂ 4:16)।

ਯਿਸੂ ਦੀ ''ਮੌਤ ਦੇ ਵਸੀਲੇ'' ਅਸੀਂ ''ਪਰਮੇਸ਼ੁਰ ਨਾਲ ਮਿਲਾਏ'' ਹੀ ਨਹੀਂ ਗਏ ਬਲਕਿ ''ਉਹਦੇ ਜੀਵਨ ਦੇ ਦੁਆਰਾ ਬਚ'' ਵੀ ਜਾਂਦੇ ਹਾਂ (ਰੋਮੀਆਂ 5:10)। ਅਜਿਹੇ ਜੀਉਂਦੇ ਅਤੇ ਪਰਵਾਹ ਕਰਨ ਵਾਲੇ ਮੁਕਤੀਦਾਤੇ ਲਈ ਖ਼ੁਦਾ ਦਾ ਸ਼ੁਕਰ ਹੈ!

## ਇਕ ਦਿਨ ਨੂੰ ਵੱਖ ਕੀਤਾ ਗਿਆ ਹੈ

ਜੀ ਉੱਠਣਾ ਇਹ ਵੀ ਐਲਾਨ ਕਰਦਾ ਹੈ ਕਿ ਇਹ ਮਕਸਦ ਇਕ ਖ਼ਾਸ ਦਿਨ ਠਹਿਰਾਇਆ

ਗਿਆ ਹੈ। ਜਦ ਮੈਂ ''ਇਕ ਖ਼ਾਸ ਮਕਸਦ ਲਈ ਠਹਿਰਾਇਆ ਗਿਆ ਖ਼ਾਸ ਦਿਨ'' ਆਖ਼ਦਾ ਹਾਂ ਤਾਂ ਮੇਰੇ ਕਹਿਣ ਤੋਂ ਭਾਵ ਕਿਸੇ ਖ਼ਾਸ ਮਸੀਹੀ ਪਰਬ ਨੂੰ ਮਨਾਉਣ ਲਈ ਇਕ ਜਾਂ ਦੋ ਦਿਨ ਠਹਿਰਾਏ ਜਾਣਾ ਨਹੀਂ ਹੈ (ਵੇਖੋ ਗਲਾਤੀਆਂ 4:10)। ਨਾ ਹੀ ਮੇਰੇ ਮਨ ਵਿਚ ਹਫ਼ਤੇ ਦਾ ਸਤਵਾਂ ਦਿਨ (ਸੱਬਤ) ਹੈ, ਜੋ ਪੁਰਾਣੇ ਨੇਮ ਵਿਚ ਠਹਿਰਾਇਆ ਗਿਆ ਸੀ (ਕੂਚ 20:8–11; ਵਿਵਸਥਾਸਾਰ 5:12–15)।

ਬਲਕਿ ਮੈਂ ਹਫ਼ਤੇ ਦੇ ਪਹਿਲੇ ਦਿਨ ਦੀ ਗੱਲ ਕਰਦਾ ਹਾਂ, ਭਾਵ ਉਸ ਦਿਨ ਦੀ ਜਿਸ ਨੂੰ ਅਸੀਂ ''ਐਤਵਾਰ'' ਆਖਦੇ ਹਾਂ। ਹਫ਼ਤੇ ਦੇ ਪਹਿਲੇ ਦਿਨ, ਮੁੱਢਲੀ ਕਲੀਸੀਆ ਬੰਦਗੀ ਲਈ, ਭਾਵ ਪ੍ਰਭੂ ਭੋਜ ਵਿਚ ਭਾਗ ਲੈਣ (ਰਸੂਲਾਂ ਦੇ ਕੰਮ 20:7) ਅਤੇ ਆਪਣੀ ਕਮਾਈ ਵਿੱਚੋਂ ਦੇਣ (1 ਕੁਰਿੰਥੀਆਂ 16:2) ਲਈ ਇਕੱਠੀ ਹੁੰਦੀ ਸੀ। ਰਸੂਲ ਯੂਹੰਨਾ ਇਸ ਪਹਿਲੇ ਦਿਨ ਨੂੰ ''ਪ੍ਰਭੂ ਦਾ ਦਿਨ'' ਆਖਦਾ ਹੈ (ਪ੍ਰਕਾਸ਼ ਦੀ ਪੋਥੀ 1:10)।

ਮਸੀਹੀ ਲੋਕਾਂ ਲਈ ਹਫ਼ਤੇ ਦਾ ਪਹਿਲਾ ਦਿਨ ਖ਼ਾਸ ਕਿਉਂ ਸੀ ਅਤੇ ਹੈ? ਕਿਉਂਕਿ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ *ਜੀ ਉੱਠਿਆ* ਸੀ।[6] ਮਰਕੁਸ ਸਾਨੂੰ ਦੱਸਦਾ ਹੈ ਕਿ ''ਹਫ਼ਤੇ ਦੇ ਪਹਿਲੇ ਦਿਨ ਬਹੁਤ ਤੜਕੇ ਸੂਰਜ ਚੜ੍ਹਦੇ ਹੀ ਉਹ *[ਔਰਤਾਂ]* ਕਬਰ ਉੱਤੇ ਆਈਆਂ'' (ਮਰਕੁਸ 16:2)। ਉੱਥੇ ਇਕ ਫ਼ਰਿਸ਼ਤੇ ਨੇ ਉਨ੍ਹਾਂ ਨੂੰ ਦੱਸਿਆ, ''ਤੁਸੀਂ ਯਿਸੂ ਨਾਸਰੀ ਨੂੰ ਭਾਲਦੀਆਂ ਹੋ ਜਿਹੜਾ ਸਲੀਬ ਉੱਤੇ ਚੜ੍ਹਾਇਆ ਗਿਆ ਸੀ। ਉਹ ਤਾਂ ਜੀ ਉੱਠਿਆ ਹੈ, ਉਹ ਐਥੇ ਹੈ ਨਹੀਂ; ਲਓ ਇਹ ਥਾਂ ਹੈ ਜਿੱਥੇ ਉਨ੍ਹਾਂ ਉਸ ਨੂੰ ਰੱਖਿਆ ਸੀ'' (ਮਰਕੁਸ 16:6)। ਮਸੀਹੀ ਲੋਕਾਂ ਲਈ ਹਫ਼ਤੇ ਦੇ *ਹਰ* ਪਹਿਲੇ ਦਿਨ ਦੀ ਸਵੇਰ ''ਜੀ ਉੱਠਣ ਦੀ ਸਵੇਰ'' ਹੈ।

## ਅਸੀਂ ਵੀ ਜ਼ਿੰਦਾ ਕੀਤੇ ਜਾਵਾਂਗੇ

ਅਸੀਂ ਜੀ ਉੱਠਣ ਦੇ ਸਭ ਤੋਂ ਰੋਮਾਂਚਕਾਰੀ ਸੰਦੇਸ਼ਾਂ ਵਿੱਚੋਂ ਇਕ ਤੇ ਆਉਂਦੇ ਹਾਂ। ਇਹ ਐਲਾਨ ਕਰਦਾ ਹੈ ਕਿ ਇਕ ਦਿਨ ਸਾਡੀਆਂ ਦੇਹਾਂ ਵੀ ਮੁਰਦਿਆਂ ਵਿੱਚੋਂ ਜ਼ਿੰਦਾ ਕੀਤੀਆਂ ਜਾਣਗੀਆਂ! ਬਹੁਤ ਪਹਿਲਾਂ, ਅੱਯੂਬ ਨੇ ਪੁੱਛਿਆ ਸੀ, ''ਜੇ ਪੁਰਖ ਮਰ ਜਾਵੇ ਤਾਂ ਉਹ ਫੇਰ ਜੀਵੇਗਾ?'' (ਅੱਯੂਬ 14:14)। ਖ਼ੁਦਾ ਦਾ ਜਵਾਬ ਹੈ, ''ਹਾਂ, ਕਿਉਂਕਿ ਯਿਸੂ ਨੂੰ ਜ਼ਿੰਦਾ ਕੀਤਾ ਗਿਆ ਸੀ!'' 1 ਕੁਰਿੰਥੀਆਂ 15 ਵਿਚ ਇਸ ਸੱਚਾਈ ਦੀ ਤਸਦੀਕ ਕੀਤੀ ਗਈ ਹੈ:

> ਪਰ ਹੁਣ ਮਸੀਹ ਤਾਂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਸੁੱਤਿਆ ਹੋਇਆਂ ਦਾ ਪਹਿਲਾ ਫਲ ਹੈ! ਜਾਂ ਮਨੁੱਖ ਦੇ ਰਾਹੀਂ ਮੌਤ ਹੋਈ ਤਾਂ ਮਨੁੱਖ ਹੀ ਦੇ ਰਾਹੀਂ ਮੁਰਦਿਆਂ ਦੀ ਕਿਆਮਤ ਵੀ ਹੋਈ। ਜਿਸ ਤਰ੍ਹਾਂ ਆਦਮ ਵਿਚ ਸੱਭੇ ਮਰਦੇ ਹਨ ਉਸੇ ਤਰਾਂ ਮਸੀਹ ਵਿਚ ਸੱਭੇ ਜੁਆਏ ਜਾਣਗੇ। ਪਰ ਹਰੇਕ ਆਪੋ ਆਪਣੀ ਵਾਰੀ ਸਿਰ। ਪਹਿਲਾ ਫਲ ਮਸੀਹ, ਫਿਰ ਜਿਹੜੇ ਮਸੀਹ ਦੇ ਹਨ ਉਹ ਦੇ ਆਉਣ ਦੇ ਵੇਲੇ। ... ਛੇਕੜਲਾ ਵੈਰੀ ਜਿਹ ਦਾ ਨਾਸ ਹੋਣਾ ਹੈ ਸੋ ਮੌਤ ਹੈ (ਆਇਤਾਂ 20–26)।

ਜੇ ਅਸੀਂ ''ਚੰਗੇ ਕੰਮ'' ਕੀਤੇ ਹਨ ਤਾਂ ਅਸੀਂ ''ਜੀਉਣ ਦੀ ਕਿਆਮਤ ਲਈ ਆਵਾਂਗੇ''; ਜੇ ਅਸੀਂ ''ਬੁਰੇ ਕੰਮ'' ਕੀਤੇ ਹਨ ਤਾਂ ਅਸੀਂ ''ਨਿਆਉਂ ਦੀ ਕਿਆਮਤ ਲਈ'' ਆਵਾਂਗੇ (ਯੂਹੰਨਾ 5:29), ਪਰ ਜੀ ਉੱਠਣਾ *ਸਭ ਦਾ* ਹੋਵੇਗਾ। ਮੌਤ ਹੁਣ ਦੀਵਾਰ ਨਹੀਂ ਬਲਕਿ ਦਰਵਾਜ਼ਾ ਹੈ। ਜੀ ਉੱਠਣਾ ਸਾਨੂੰ ਯਕੀਨ ਦੁਆਉਂਦਾ ਹੈ ਕਿ ਇਵੇਂ ਹੀ ਹੋਵੇਗਾ!

## ਖ਼ੁਦਾ ਆਪਣਾ ਵਚਨ ਨਿਭਾਉਂਦਾ ਹੈ

ਇਕ ਹੋਰ ਸੰਦੇਸ਼ ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਅਤੇ ਉਹ ਇਕ ਆਮ ਸੱਚਾਈ ਹੈ

ਜਿਹੜੀ ਸਭ ਲਈ ਜਾਣਨੀ ਜ਼ਰੂਰੀ ਹੈ ਕਿ ਜੀ ਉੱਠਣਾ ਇਹ ਐਲਾਨ ਕਰਦਾ ਹੈ ਕਿ ਖ਼ੁਦਾ ਆਪਣੇ ਵਚਨ ਨੂੰ ਪੂਰਾ ਕਰਦਾ ਹੈ। ਇਕ ਪ੍ਰਚਾਰਕ ਕਹਿੰਦਾ ਹੁੰਦਾ ਸੀ, ''ਖ਼ੁਦਾ ਜੋ ਕਹਿੰਦਾ ਹੈ ਉਹ ਕਰਦਾ ਵੀ ਹੈ!''

ਆਪਣੇ ਜੀ ਉੱਠਣ ਬਾਰੇ ਕੀਤੇ ਯਿਸੂ ਦੇ ਐਲਾਨ ਨਾਲ ਉਸਦੇ ਸੁਣਨ ਵਾਲਿਆਂ ਤੇ ਇਕ ਪ੍ਰਭਾਵ ਪਿਆ, ਖ਼ਾਸ ਕਰਕੇ ਹੈਕਲ ਦੇ ਸਬੰਧ ਵਿਚ ਉਸ ਦੀਆਂ ਗੂੜ੍ਹ ਅਰਥ ਵਾਲੀਆਂ ਗੱਲਾਂ ਨਾਲ: ''ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਇਸ ਹੈਕਲ ਨੂੰ ਢਾਹ ਸੁੱਟੋ ਤਾਂ ਮੈਂ ਤਿੰਨਾਂ ਦਿਨਾਂ ਵਿਚ ਇਹਨੂੰ ਖੜਾ ਕਰ ਦਿਆਂਗਾ''; ''ਪਰ ਉਸ ਨੇ ਆਪਣੇ ਸਰੀਰ ਦੀ ਹੈਕਲ ਦੀ ਗੱਲ ਕਹੀ ਸੀ'' (ਯੂਹੰਨਾ 2:19, 21)। ਪਿਲਾਤੁਸ ਦੇ ਸਾਹਮਣੇ ਪੇਸ਼ੀ ਦੇ ਵਕਤ ਇਕ ਝੂਠੇ ਗਵਾਹ ਨੇ ਇਹੀ ਨਬੂਵਤ ਦੁਹਰਾਈ ਸੀ (ਮੱਤੀ 26:61)। ਜਦ ਯਿਸੂ ਸਲੀਬ ਤੇ ਸੀ, ਤਾਂ ਬੇਅਦਬ ਲੋਕਾਂ ਨੇ ਚੀਕ ਕੇ ਆਖਿਆ ਸੀ, ''ਤੂੰ ਜਿਹੜਾ ਹੈਕਲ ਨੂੰ ਢਾਹ ਕੇ ਤਿੰਨਾਂ ਦਿਨਾਂ ਵਿਚ ਬਣਾਉਂਦਾ ਸੈਂ ਆਪਣੇ ਆਪ ਨੂੰ ਬਚਾ ਲੈ!'' (ਮੱਤੀ 27:40ੳ)।[7]

ਯਿਸੂ ਦੇ ਵੈਰੀਆਂ ਨੇ ਉਸ ਦੀ ਨਬੂਵਤ ਤੇ ਯਕੀਨ ਨਹੀਂ ਕੀਤਾ; ਪਰ ਇਸ ਦੇ ਬਾਵਜੂਦ ਇਹ ਪੂਰੀ ਹੋਈ। ਉਸ ਦਾ ਸਰੀਰ ਭਾਵ ਉਸ ਦੀ ਦੁਨਿਆਵੀ ਹੈਕਲ ਸਲੀਬ ਤੇ ਮੌਤ ਵੇਲੇ ਢਹਿ ਗਈ ਅਤੇ ਤੀਜੇ ਦਿਨ ਉਸ ਸਰੀਰ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਦਿੱਤਾ ਗਿਆ। ਪ੍ਰਭੂ ਜਦ ਕੋਈ ਗੱਲ ਆਖਦਾ ਹੈ ਤਾਂ ਉਸ ਦਾ ਭਾਵ ਉਹੀ ਹੁੰਦਾ ਹੈ। ਤੁਸੀਂ ਇਸ ਤੇ ਯਕੀਨ ਕਰ ਸਕਦੇ ਹੋ!

## ਸਾਰ

ਕੁਝ ਲੋਕ *ਆਖਦੇ ਹਨ* ਕਿ ਉਹ ਜੀ ਉੱਠਣ ਵਿਚ ਵਿਸ਼ਵਾਸ ਰੱਖਦੇ ਹਨ, ਪਰ ਸਾਲ ਵਿਚ ਇਸ ਉੱਤੇ ਜ਼ੋਰ ਇੱਕੋ ਹੀ ਵਾਰ ਦਿੱਤਾ ਗਿਆ ਹੈ। ਇਸਦੇ ਨਾਲ ਹੀ ਉਹ ਜੀ ਉੱਠਣ ਦੇ ਰਾਹੀਂ ਐਲਾਨੀਆਂ ਗਈਆਂ ਵੱਡੀਆਂ ਸੱਚਾਈਆਂ ਦਾ ਐਲਾਨ ਕਰਦੇ ਹਨ:

- ਜੀ ਉੱਠਣਾ ਇਹ ਐਲਾਨ ਕਰਦਾ ਹੈ ਕਿ ਯਿਸੂ ਖ਼ੁਦਾ ਦਾ ਪੁੱਤਰ ਹੈ, ਪਰ ਬਹੁਤ ਸਾਰੇ ਲੋਕ ਉਸ ਦੀ ਖ਼ੁਦਾਈ ਦਾ ਇਨਕਾਰ ਕਰਦੇ ਹਨ।
- ਜੀ ਉੱਠਣਾ ਐਲਾਨ ਕਰਦਾ ਹੈ ਕਿ ਸਲੀਬ ਨੇ ਖ਼ੁਦਾ ਦੇ ਕਹਿਰ ਨੂੰ ਠੰਡਾ ਕੀਤਾ–ਪਰ ਬਹੁਤ ਸਾਰੇ ਲੋਕ ਪਾਪ ਦੀ ਹਕੀਕਤ ਤੋਂ ਅਤੇ ਇਸ ਤੱਥ ਤੋਂ ਇਨਕਾਰ ਕਰਦੇ ਹਨ ਕਿ ਖ਼ੁਦਾ ਲਈ ਪਾਪੀਆਂ ਨੂੰ ਸਜ਼ਾ ਦੇਣਾ ਜ਼ਰੂਰੀ ਹੈ।
- ਜੀ ਉੱਠਣਾ ਇਹ ਐਲਾਨ ਕਰਦਾ ਹੈ ਕਿ ਜਦ ਸਾਡਾ ਵਿਸ਼ਵਾਸ ਸਾਨੂੰ ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਤਕ ਲੈ ਆਉਂਦਾ ਹੈ (ਗਲਾਤੀਆਂ 3:26, 27) ਤਾਂ ਅਸੀਂ ਬਚਾਏ ਜਾ ਸਕਦੇ ਹਾਂ। ਪਰ ਕੁਝ ਲੋਕ ਬਪਤਿਸਮੇ ਦੀ ਲੋੜ ਤੋਂ ਇਨਕਾਰ ਕਰਦੇ ਹਨ ਜਦਕਿ ਹੋਰ ਬਪਤਿਸਮੇ ਵਿਚ ਯਿਸੂ ਨੂੰ ਪਹਿਨਣ ਤੋਂ ਇਨਕਾਰ ਕਰਦੇ ਹਨ।
- ਜੀ ਉੱਠਣਾ ਐਲਾਨ ਕਰਦਾ ਹੈ ਕਿ ਸਾਡਾ ਇਕ ਜ਼ਿੰਦਾ ਮੁਕਤੀਦਾਤਾ ਹੈ ਜੋ ਸਾਡੇ ਲਈ ਸਿਫ਼ਾਰਸ਼ ਕਰਦਾ ਹੈ। ਪਰ ਬਹੁਤ ਸਾਰੇ ਲੋਕ ਇਸ ਵਿਚਾਰ ਦਾ ਮਜ਼ਾਕ ਉਡਾਉਂਦੇ ਹਨ ਕਿ ਖ਼ੁਦਾ ਜ਼ਿੰਦਗੀ ਲਈ ਨਿੱਜੀ ਤੌਰ ਤੇ ਸ਼ੱਕੀ ਹੁੰਦਾ ਹੈ।
- ਜੀ ਉੱਠਣਾ ਐਲਾਨ ਕਰਦਾ ਹੈ ਕਿ ਬੰਦਗੀ ਲਈ ਇਕ ਖ਼ਾਸ ਦਿਨ, ਹਰ ਹਫ਼ਤੇ ਦਾ ਪਹਿਲਾ ਦਿਨ ਠਹਿਰਾਇਆ ਗਿਆ ਹੈ। ਪਰ ਬਹੁਤ ਸਾਰੇ ਲੋਕ ਸਾਲ ਵਿਚ ਕੁਝ ਦਿਨ ਹਾਜ਼ਿਰ ਹੋ ਕੇ ਇਸ ਨੂੰ ਸੀਮਿਤ ਕਰ ਦਿੰਦੇ ਹਨ।
- ਜੀ ਉੱਠਣਾ ਐਲਾਨ ਕਰਦਾ ਹੈ ਕਿ ਇਕ ਦਿਨ ਸਾਨੂੰ ਜ਼ਿੰਦਾ ਕੀਤਾ ਜਾਵੇਗਾ। ਪਰ ਬਹੁਤ ਸਾਰੇ ਲੋਕ ਸਰੀਰ ਦੇ ਜੀ ਉੱਠਣ ਤੋਂ ਇਨਕਾਰ ਕਰਦੇ ਹਨ।
- ਜੀ ਉੱਠਣਾ ਐਲਾਨ ਕਰਦਾ ਹੈ ਕਿ ਖ਼ੁਦਾ ਆਪਣੇ ਵਚਨ ਦੀ ਹਮਾਇਤ ਕਰਦਾ ਹੈ। ਪਰ

ਬਹੁਤ ਸਾਰੇ ਲੋਕ ਉਸ ਦੇ ਵਚਨ ਦੀ ਸਿੱਖਿਆ ਤੇ ਹੱਸਦੇ ਹਨ।

ਕਈ ਸਾਲ ਪਹਿਲਾਂ ਪੂਰਾ ਇੰਗਲੈਂਡ ਬ੍ਰਿਟੇਨ ਦੇ ਸਭ ਤੋਂ ਵੱਡੇ ਕੈਥੇਡਰਲ, ਯੋਗ ਮਿਨਿਸਟਰ ਦੇ 760 ਸਾਲਾਂ ਪੁਰਾਣੇ ਦਫ਼ਤਰ ਵਿਚ ਭਿਆਨਕ ਅੱਗ ਲੱਗਣ ਤੇ ਦੁਖੀ ਸੀ। ਇਸ ਕਦੀਮ ਕੈਥੇਡਰਲ ਨੂੰ ਹਰ ਸਾਲ ਹਜ਼ਾਰਾਂ ਟੂਰਿਸਟ ਵੇਖਣ ਆਉਂਦੇ ਹਨ। ਅੱਗ ਤਾਂ ਖ਼ਤਰਨਾਕ ਹੀ ਸੀ ਪਰ ਇਸ ਨਾਲੋਂ ਵੀ ਖ਼ਤਰਨਾਕ ਘਟਨਾ ਉਸ ਤੋਂ ਕੁਝ ਦਿਨ ਪਹਿਲਾਂ ਵਾਪਰੀ ਸੀ। ਉਸ ਭਵਨ ਵਿਚ ''ਦ ਰੈਵਰੇਂਡ ਫੇਰੇਂਡ ਜੇਂਕਿਸ'' ਨੂੰ ਉਸ ਦੇ ਆਮ ਲੋਕਾਂ ਵਿਚ ਇਹ ਕਹਿਣ ਦੇ ਬਾਵਜੂਦ ਕਿ ਉਹ ਯਿਸੂ ਦੇ ਕੁਆਰੀ ਤੋਂ ਜਨਮ ਵਿਚ ਵਿਸ਼ਵਾਸ ਨਹੀਂ ਰੱਖਦਾ ਅਤੇ ਨਾ ਇਹ ਮੰਨਦਾ ਹੈ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ, ''ਬਿਸ਼ਪ ਆਫ਼ ਟਰਮਨ'' ਠਹਿਰਾ ਦਿੱਤਾ ਗਿਆ![8]

ਕੀ ਤੁਸੀਂ ਜੀ ਉੱਠਣ ਵਿਚ ਵਿਸ਼ਵਾਸ ਕਰਦੇ ਹੋ? ਜੇ ਹਾਂ ਤਾਂ ਹੋਰ ਲੋਕਾਂ ਨੂੰ ਵੀ ਦੱਸੋ। ਫਿਰ ਉਵੇਂ ਹੀ ਜ਼ਿਦਗੀ ਬਿਤਾਓ।

ਜੇ ਤੁਸੀਂ ਜੀ ਉੱਠਣ ਵਿਚ ਵਿਸ਼ਵਾਸ ਕਰਦੇ ਹੋ, ਅਤੇ ਤੁਸੀਂ ਅਜੇ ਬਪਤਿਸਮਾ ਨਹੀਂ ਲਿਆ ਹੈ ਤਾਂ ਬਪਤਿਸਮਾ ਲੈਣ ਵਿਚ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।[9] ਜਿਵੇਂ ਖ਼ੁਦਾ ਦੀ ਸਮਰਥਾ ਨੇ ਹੇਠਾਂ ਆ ਕੇ ਆਪਣੇ ਪੁੱਤਰ ਦੇ ਬੇਜਾਨ ਸਰੀਰ ਵਿਚ ਜਾਨ ਪਾ ਕੇ ਉਸ ਨੂੰ ਮੁਰਦਿਆਂ ਵਿੱਚੋਂ ਜੀਉਂਦਾ ਕਰ ਦਿੱਤਾ, ਉਵੇਂ ਹੀ ਖ਼ੁਦਾ ਦੀ ਸਮਰੱਥਾ ਅਤੇ ਪਿਆਰ ਤੁਹਾਨੂੰ ਨਵੀਂ ਜ਼ਿੰਦਗੀ ਦੇ ਦਏਗੀ। ਜੇ ਤੁਸੀਂ ਉਸ ਦੀ ਮਰਜ਼ੀ ਅੱਗੇ ਆਪਣੇ ਆਪ ਨੂੰ ਦੇਣ ਲਈ ਤਿਆਰ ਹੋ।

---

ਟਿੱਪਣੀਆਂ

[1]ਪ੍ਰਭੂ ਭੋਜ ਦੀ ਸਥਾਪਨਾ ਕਰਦਿਆਂ ਯਿਸੂ ਨੇ ਜ਼ੋਰ ਦਿੱਤਾ ਕਿ ਇਹ ਉਸ ਦੀ ਮੌਤ ਦਾ ਪ੍ਰਚਾਰ ਹੈ (1 ਕੁਰਿੰਥੀਆਂ 11:23–26); ਪ੍ਰਭੂ ਭੋਜ ਅਤੇ ਜੀ ਉੱਠਣ ਵਿਚ ਵੀ ਗਹਿਰਾ ਰਿਸ਼ਤਾ ਹੈ। ਯਿਸੂ ਹਫ਼ਤੇ ਦੇ ਪਹਿਲੇ ਦਿਨ ਜੀ ਉੱਠਿਆ (ਮੱਤੀ 28:1–6), ਇਸ ਕਰਕੇ ਕਲੀਸੀਆ ਪਹਿਲੇ ਦਿਨ ਇਕੱਠੀ ਹੁੰਦੀ ਸੀ, ਖ਼ਾਸ ਕਰਕੇ ਪ੍ਰਭੂ ਭੋਜ ਲੈਣ ਲਈ (ਰਸੂਲਾਂ ਦੇ ਕੰਮ 20:7; ਵੀ ਵੇਖੋ 1 ਕੁਰਿੰਥੀਆਂ 16:1, 2)। [2]ਪਤਰਸ ਦੇ ਨਾਲ ਦੂਜਾ ਚੇਲਾ ''ਜਿਹਨੂੰ ਯਿਸੂ ਤੇਹ ਕਰਦਾ ਸੀ'' (ਯੂਹੰਨਾ 20:2) ਮੰਨਿਆ ਜਾਂਦਾ ਹੈ, ਜਿਸ ਨੂੰ ਜ਼ਿਆਦਾਤਰ ਲੋਕ ਯੂਹੰਨਾ ਵੱਲੋਂ ਆਪਣੇ ਆਪ ਨੂੰ ਕਹਿਣ ਦਾ ਤਰੀਕਾ ਮੰਨਦੇ ਹਨ (ਯੂਹੰਨਾ 13:23 ਵੀ ਵੇਖੋ; 19:26; 21:7, 20)। [3]ਯੂਨਾਨੀ ਸ਼ਬਦ ਦੇ ਅਨੁਵਾਦ ''ਵੇਖ'' ਦਾ ਸੰਕੇਤ ਨਿਰਾ ਵੇਖਣ ਨਾਲੋਂ ਕਿਤੇ ਵੱਧ ਹੈ; ਇਸ ਦਾ ਸੰਕੇਤ *ਸਮਝਣਾ* ਹੈ। [4]ਕਈਆਂ ਨੇ ਇਹ ਦਾਅਵਾ ਕੀਤਾ ਹੈ। ਯੂਹੰਨਾ 20:2 ਅਤੇ ਮੱਤੀ 28:11–15 ਪੜ੍ਹੋ। [5]ਲੇਖਕ ਰਾਹੀਂ ਇਸਦਾ ਸੰਕੇਤ ''ਪ੍ਰਾਸਚਿਤ'' ਦਿੰਦਿਆਂ ਸ਼ਬਦ ਦੀ ਵਰਤੋਂ ਕਈਆਂ ਨੂੰ ਪਤਾ ਨਹੀਂ ਹੈ (1 ਯੂਹੰਨਾ 2:2; 4:10)। ਇਸ ਸ਼ਬਦ ਦੀ ਇਕ ਸੰਖੇਪ ਵਿਆਖਿਆ ਲਈ ਇਸ ਕਿਤਾਬ ਵਿਚ ''ਯਿਸੂ ਨੂੰ ਸਲੀਬ ਤੇ ਕਿਉਂ ਮਰਨਾ ਪਿਆ?'' ਲੇਖ ਵੇਖੋ। [6]ਸੱਬਤ ਅਤੇ ਹਫ਼ਤੇ ਦੇ ਪਹਿਲੇ ਦਿਨ ਲਈ ਅੰਗ੍ਰੇਜ਼ੀ ਅੱਖਰਾਂ ਦੀ ਸ਼ੁਰੂਆਤ ''res'' ਨਾਲ ਹੋਣ ਵਾਲੀਆਂ ਘਟਨਾਵਾਂ ਨਾਲ ਪਵਿੱਤਰ ਮੰਨਿਆ ਜਾਂਦਾ ਸੀ। ਸੱਬਤ ਨੂੰ ਸਤਵੇਂ ਦਿਨ ਖ਼ੁਦਾ ਦੇ ਅਰਾਮ (***res***ting ) ਕਰਨ ਨਾਲ ਪਵਿੱਤਰ ਮੰਨਿਆ ਜਾਂਦਾ ਸੀ। ਹਫ਼ਤੇ ਦਾ ਪਹਿਲਾ ਦਿਨ ਜੀ ਉੱਠਣ (***resurrection***) ਕਰਕੇ ਪਵਿੱਤਰ ਮੰਨਿਆ ਜਾਂਦਾ ਹੈ। [7]ਰਸੂਲਾਂ ਦੇ ਕੰਮ 6:14 ਵਿਚ ਮਹਾਂਸਭਾ ਦੀ ਗੱਲ ਵੀ ਵੇਖੋ। [8]ਇਹ ਉਦਾਹਰਣ ਸੈਂਟਰਲ ਚਰਚ ਆਫ਼ ਕ੍ਰਾਈਸਟ ਦੇ ਚਰਚ ਬੁਲੇਟਿਨ ਇਕਮਾਰੀਅਰ, ''ਇਟਸ ਟਾਈਮ ਟੂ ਟੇਕ ਏ ਸਟੈਂਡ,'' *ਹਿਲਟੌਪ ਰਿਫ਼ਲੈਕਸ਼ੰਜ਼,* ਅਮਾਰਿਲੋ, ਟੈਕਸਸ, 13 ਅਪ੍ਰੈਲ 1986 ਤੋਂ ਲਈ ਗਈ। [9]ਬਪਤਿਸਮੇ ਦੇ ਮਹੱਤਵ ਤੇ ਪਹਿਲਾਂ ਦੁਹਰਾਇਆ ਗਿਆ। ਜੇ ਕੋਈ ਪ੍ਰਭੂ ਤੋਂ ਦੂਰ ਚਲਿਆ ਗਿਆ ਹੈ ਤਾਂ ਉਸ ਨੂੰ ਵਾਪਸ ਲਿਆਉਣ ਦੀ ਲੋੜ ਤੇ ਵੀ ਜ਼ੋਰ ਦਿਓ (ਯਾਕੂਬ 5:16; ਰਸੂਲਾਂ ਦੇ ਕੰਮ 8:22)।

# ਮੁਰਦੇ ਕਿੱਥੇ ਹਨ?

## ਲੂਕਾ 16:19, 31

''ਮੁਰਦੇ ਕਿੱਥੇ ਹਨ?'' ਇਹ ਅਜਿਹਾ ਸਵਾਲ ਹੈ ਜੋ ਬਹੁਤ ਸਾਰੇ ਲੋਕਾਂ ਦਾ ਧਿਆਨ ਖਿੱਚਦਾ ਹੈ। ਅਸੀਂ ਬਹੁਤ ਕੁਝ ਜਾਣਨਾ ਚਾਹੁੰਦੇ ਹਾਂ ਕਿ ਮਰਨ ਦੇ ਫ਼ੌਰਨ ਬਾਅਦ ਅਸੀਂ ਕਿੱਥੇ ਜਾਵਾਂਗੇ, ਸਾਡੇ ਵਿੱਛੜੇ ਸੱਜਣ ਹੋਸ਼ ਵਿਚ ਹਨ ਜਾਂ ਨਹੀਂ, ਸਾਡੇ ਪਿਆਰੇ ਇਸ ਗੱਲ ਨੂੰ ਜਾਣਦੇ ਵੀ ਹਨ ਜਾਂ ਨਹੀਂ ਕਿ ਅਸੀਂ ਉਨ੍ਹਾਂ ਦੇ ਜਾਣ ਤੋਂ ਦੁਖੀ ਹਾਂ,[1] ਅਤੇ ਅਜਿਹੇ ਕਈ ਸਵਾਲ ਹਨ ਜਿਨ੍ਹਾਂ ਵਿੱਚੋਂ ਕੁਝ ਸਵਾਲਾਂ ਦਾ ਜਵਾਬ ਅਸੀਂ ਨਹੀਂ ਦੇ ਸਕਦੇ। ਖ਼ੁਦਾ ਦੀ ਇਹੀ ਇੱਛਾ ਰਹੀ ਹੈ ਕਿ ਅਗਲੀ ਜ਼ਿੰਦਗੀ ਨਾਲ ਜੁੜੀਆਂ ਕੁਝ ਗੱਲਾਂ ਉਹ ਆਪਣੇ ਕੋਲ ਰੱਖ ਛੱਡੇ।

ਮੈਂ ਮੰਨਦਾ ਹਾਂ ਕਿ ਮੌਤ ਦੇ ਬਾਅਦ ਦੀ ਜ਼ਿੰਦਗੀ ਬਾਰੇ ਸਾਡਾ ਗਿਆਨ ਸੀਮਿਤ ਕਰਨ ਵਿਚ ਖ਼ੁਦਾ ਦਾ ਕਿਰਪਾ ਭਰਿਆ ਮਕਸਦ ਹੀ ਹੈ। ਭਲਾ ਇਹ ਵਿਸ਼ਵਾਸ ਕਰਨਾ ਪਰੇਸ਼ਾਨ ਕਰਨ ਵਾਲਾ ਨਹੀਂ ਹੋਵੇਗਾ ਕਿ ਸੰਸਾਰ ਵਿੱਚੋਂ ਵਿੱਛੜ ਚੁੱਕੇ ਸਾਡੇ ਸੱਜਣ ਸਾਡੇ ਨੇੜੇ, ਸਾਡੀਆਂ ਗੱਲਾਂ ਸੁਣਦੇ ਅਤੇ ਵੇਖਦੇ ਹਨ ਕਿ ਅਸੀਂ ਕੀ ਕਰ ਰਹੇ ਹਾਂ? ਮੈਨੂੰ ਗਲਤ ਨਾ ਸਮਝੋ। ਮੈਂ ਇਹ ਨਹੀਂ ਕਹਿ ਰਿਹਾ ਕਿ ਇਵੇਂ ਹੀ ਹੁੰਦਾ *ਹੈ।* ਮੈਂ ਤਾਂ ਸਿਰਫ਼ ਇਹ ਕਹਿ ਰਿਹਾ ਹਾਂ ਕਿ ਜੇ ਇਵੇਂ *ਹੁੰਦਾ ਹੋਵੇ* ਤਾਂ ਇਹ ਜਾਣ ਕੇ ਕਿ ਕੋਈ ਸਾਨੂੰ ਵੇਖ ਰਿਹਾ ਹੈ, ਸਾਡੇ ਵਿੱਚੋਂ ਕਈਆਂ ਨੂੰ ਪਰੇਸ਼ਾਨੀ ਹੋ ਜਾਵੇਗੀ।

ਬੁਨਿਆਦੀ ਤੌਰ ਤੇ ਪ੍ਰਭੂ ਚਾਹੁੰਦਾ ਹੈ ਕਿ ਅਸੀਂ ਇਕ ਸਮੇਂ ਇੱਕੋ ਹੀ ਦੁਨਿਆ ਵਿਚ ਰਹੀਏ। ਜੇ ਉਹ ਸਾਨੂੰ ਅਗਲੀ ਜ਼ਿੰਦਗੀ ਦੀਆਂ ਗੱਲਾਂ ਤੇ ਨਿਰਭਰ ਹੋਣ ਦੀ ਇਜਾਜ਼ਤ ਦੇ ਦਿੰਦਾ ਤਾਂ ਇਸ ਜ਼ਿੰਦਗੀ ਵਿਚ ਅਮਲੀ ਤੌਰ ਤੇ ਅਸੀਂ ਅਯੋਗ ਹੋ ਸਕਦੇ ਸਾਂ। ਪਿਤਾ ਦੀ ਇੱਛਾ ਇਹੀ ਹੈ ਕਿ ਆਉਣ ਵਾਲੇ ਸੰਸਾਰ ਦੀਆਂ ਕੁਝ ਗੱਲਾਂ ਸਾਨੂੰ ਨਾ ਦੱਸੇ (ਵੇਖੋ ਵਿਵਸਥਾਸਾਰ 29:29), ਇਸ ਕਰਕੇ ਸਾਨੂੰ ਸੰਤੁਸਟ ਹੋ ਕੇ ਇਹ ਕਹਿਣਾ ਚਾਹੀਦਾ ਹੈ ਕਿ ''ਤੇਰੀ ਮਰਜ਼ੀ ਪੂਰੀ ਹੋਵੇ'' (ਵੇਖੋ ਮੱਤੀ 26:42)।

ਪਰ ਸਾਨੂੰ ਉਹ ਜਾਣਨਾ ਜੋ ਇਸ ਵਿਸ਼ੇ ਤੇ ਖ਼ੁਦਾ ਨੇ *ਪਰਗਟ* ਕਰ ਦਿੱਤਾ ਹੈ, ''ਮੁਰਦੇ ਕਿੱਥੇ ਹਨ?'' ਸਵਾਲ ਦਾ ਜਵਾਬ ਬਾਈਬਲ ਵਿੱਚੋਂ ਲੱਭਣ ਲਈ ਅਸੀਂ ਯਿਸੂ ਵੱਲੋਂ ਦੱਸੀ ਇਕ ਕਹਾਣੀ ਦਾ ਅਧਿਐਨ ਕਰਾਂਗੇ:

> ਇਕ ਧਨਵਾਨ ਮਨੁੱਖ ਸੀ ਜੋ ਬੈਂਗਣੀ ਅਰ ਬਰੀਕ ਕੱਪੜਾ ਪਹਿਨਦਾ ਅਤੇ ਨਿੱਤ ਭੋਗ ਬਿਲਾਸ ਕਰਦਾ ਅਤੇ ਸ਼ਾਨ ਨਾਲ ਰਹਿੰਦਾ ਸੀ। ਅਰ ਲਾਜ਼ਰ ਨਾਉਂ ਦਾ[2] ਇਕ ਕੰਗਾਲ ਫੋੜਿਆਂ ਨਾਲ ਭਰਿਆ ਹੋਇਆ ਉਸ ਦੀ ਡਿਉੜ੍ਹੀ ਦੇ ਅੱਗੇ ਸੁੱਟਿਆ ਪਿਆ ਹੁੰਦਾ ਸੀ। ਅਰ ਜਿਹੜੇ ਚੂਰੇ ਭੂਰੇ ਉਸ ਧਨਵਾਨ ਦੀ ਮੇਜ਼ ਦੇ ਉੱਤੋਂ ਡਿੱਗਦੇ ਸਨ ਉਹ ਉਨ੍ਹਾਂ ਨਾਲ ਆਪਣਾ ਢਿੱਡ ਭਰਨਾ ਚਾਹੁੰਦਾ ਸੀ ਸਗੋਂ ਕੁੱਤੇ ਵੀ ਆਣ ਕੇ ਉਹ ਦੇ ਫੋੜਿਆਂ ਨੂੰ ਚੱਟਦੇ ਸਨ। ਅਤੇ ਇਉਂ ਹੋਇਆ ਜੋ ਉਹ ਕੰਗਾਲ ਮਰ ਗਿਆ ਅਰ ਦੂਤਾਂ ਨੇ ਉਸ ਨੂੰ ਅਬਰਾਹਾਮ ਦੀ ਗੋਦ ਵਿਚ ਲੈ ਜਾ ਰੱਖਿਆ, ਅਤੇ ਉਹ ਧਨਵਾਨ ਵੀ ਮਰਿਆ ਅਤੇ ਦੱਬਿਆ ਗਿਆ। ਅਰ ਪਤਾਲ ਵਿਚ ਦੁਖੀ ਹੋ ਕੇ ਉਸ ਨੇ ਆਪਣੀਆਂ ਅੱਖੀਆਂ ਚੁੱਕੀਆਂ ਅਤੇ ਦੂਰੋਂ ਅਬਰਾਹਾਮ ਨੂੰ ਅਰ ਉਹ ਦੀ ਗੋਦ ਵਿਚ ਲਾਜ਼ਰ ਨੂੰ ਡਿੱਠਾ। ਤਾਂ ਉਸ ਨੇ ਅਵਾਜ਼ ਮਾਰ ਕੇ ਕਿਹਾ, ਹੇ ਪਿਤਾ ਅਬਰਾਹਾਮ ਮੇਰੇ ਉੱਤੇ ਦਯਾ ਕਰ ਅਤੇ ਲਾਜ਼ਰ ਨੂੰ ਘੱਲ ਜੋ ਆਪਣੀ ਉਂਗਲ ਦਾ ਪੋਟਾ ਪਾਣੀ ਵਿਚ ਡੁਬੋ ਕੇ ਮੇਰੀ ਜੀਭ ਠੰਢੀ ਕਰੇ ਕਿਉਂ ਜੋ ਮੈਂ ਇਸ ਲੰਬ ਵਿਚ ਕਲਪਦਾ ਹਾਂ! ਪਰ ਅਬਰਾਹਾਮ ਬੋਲਿਆ, ਬੱਚਾ ਯਾਦ ਕਰ ਜੋ ਤੂੰ ਆਪਣੇ ਜੀਉਂਦੇ ਜੀ ਆਪਣੀਆਂ ਚੰਗੀਆਂ ਚੀਜ਼ਾਂ ਪਾ ਚੁੱਕਾ ਅਰ ਇਸੇ ਤਰ੍ਹਾਂ ਲਾਜ਼ਰ

ਮੰਦੀਆਂ ਚੀਜ਼ਾਂ। ਪਰ ਹੁਣ ਉਹ ਐੱਥੇ ਸ਼ਾਂਤ ਪਾਉਂਦਾ ਅਤੇ ਤੂੰ ਕਲਪਦਾ ਹੈਂ। ਅਰ ਇਸ ਤੋਂ ਬਾਝ ਸਾਡੇ ਅਤੇ ਤੁਹਾਡੇ ਵਿਚ ਇਕ ਵੱਡੀ ਖੱਡ ਪਈ ਹੈ ਤਾਂ ਜੋ ਓਹ ਜਿਹੜੇ ਐਥੋਂ ਤੁਹਾਡੇ ਕੋਲ ਪਾਰ ਲੰਘਣਾ ਚਾਹੁਣ ਉਹ ਨਾ ਲੰਘ ਸਕਣ ਨਾ ਓਧਰੋਂ ਕੋਈ ਸਾਡੇ ਕੋਲ ਏਸ ਪਾਸੇ ਆਉਣ। ਤਾਂ ਉਸ ਆਖਿਆ, ਹੇ ਪਿਤਾ ਤਦ ਮੈਂ ਤੇਰੀ ਮਿੰਨਤ ਕਰਦਾ ਹਾਂ ਜੋ ਤੂੰ ਉਹ ਨੂੰ ਮੇਰੇ ਪਿਉ ਦੇ ਘਰ ਭੇਜ। ਕਿਉਂਕਿ ਮੇਰੇ ਪੰਜ ਭਰਾ ਹਨ ਤਾਂ ਜੋ ਉਨ੍ਹਾਂ ਦੇ ਅੱਗੇ ਸਾਖੀ ਦੇਵੇ ਭਈ ਕਿਤੇ ਓਹ ਭੀ ਇਸ ਕਸ਼ਟ ਦੇ ਥਾਂ ਵਿਚ ਨਾ ਆਉਣ। ਪਰ ਅਬਰਾਹਾਮ ਨੇ ਆਖਿਆ ਕਿ ਉਨ੍ਹਾਂ ਕੋਲ ਮੂਸਾ ਅਤੇ ਨਬੀ ਹਨ, ਓਹ ਉਨ੍ਹਾਂ ਦੀ ਸੁਣਨ। ਪਰ ਓਸ ਆਖਿਆ, ਨਾ ਜੀ ਹੇ ਪਿਤਾ ਅਬਰਾਹਾਮ ਪਰ ਜੇ ਕੋਈ ਮੁਰਦਿਆਂ ਵਿੱਚੋਂ ਉਨ੍ਹਾਂ ਦੇ ਕੋਲ ਜਾਵੇ ਤਾਂ ਓਹ ਤੌਬਾ ਕਰਨਗੇ। ਪਰ ਉਹ ਨੇ ਉਸ ਨੂੰ ਕਿਹਾ, ਜੇ ਮੂਸਾ ਅਤੇ ਨਬੀਆਂ ਦੀ ਨਾ ਸੁਣਨ ਤਾਂ ਭਾਵੇਂ ਮੁਰਦਿਆਂ ਵਿੱਚੋਂ ਭੀ ਕੋਈ ਜੀ ਉੱਠੇ ਪਰ ਓਹ ਨਾ ਮੰਨਣਗੇ (ਲੂਕਾ 16:19–31)।

ਇਨ੍ਹਾਂ ਹਵਾਲਿਆਂ ਵਿੱਚੋਂ ਕਈ ਸਬਕ ਮਿਲ ਸਕਦੇ ਹਨ,[3] ਪਰ ਇਸ ਪਾਠ ਵਿਚ ਅਸੀਂ ਸਿਰਫ਼ ਇੱਕੋ ਸਵਾਲ ਤੇ ਗੌਰ ਕਰਾਂਗੇ ਕਿ ਇਨ੍ਹਾਂ ਵਿਚ ਮੁਰਦਿਆਂ ਦੀ ਹਾਲਤ ਬਾਰੇ ਕੀ ਦੱਸਿਆ ਗਿਆ ਹੈ?

''ਪਰ'' ਕੋਈ ਵਿਰੋਧ ਕਰਕੇ ਆਖ ਸਕਦਾ ਹੈ, ''ਤੁਸੀਂ ਇਨ੍ਹਾਂ ਆਇਤਾਂ ਵਿੱਚੋਂ ਕੋਈ ਨਿਚੋੜ ਨਹੀਂ ਕੱਢ ਸਕਦੇ ਕਿਉਂਕਿ ਇਹ ਤਾਂ ਇਕ ਦ੍ਰਿਸ਼ਟਾਂਤ ਹੈ ਅਤੇ ਮੌਤ ਦੇ ਬਾਅਦ ਜ਼ਿੰਦਗੀ ਦੀ ਅਸਲ ਤਸਵੀਰ ਨਹੀਂ ਹੈ।'' ਜੇ ਇਹ ਇਕ ਦ੍ਰਿਸ਼ਟਾਂਤ ਹੈ ਤਾਂ ਇਹ ਦ੍ਰਿਸ਼ਟਾਂਤਾਂ ਦੇ ਆਮ ਵਰਗ ਵਿਚ ਨਹੀਂ ਆਉਂਦਾ।[4] ਉਦਾਹਰਣ ਲਈ, ਯਿਸੂ ਨੇ ਕਹਾਣੀ ਲਈ ਪਾਤਰ ਦਾ ਨਾਂਅ ''ਲਾਜ਼ਰ'' ਦੱਸਿਆ। ਜਿੱਥੋਂ ਤਕ ਮੈਨੂੰ ਪਤਾ ਹੈ ਅਜਿਹਾ ਉਸ ਨੇ ਕਿਸੇ ਹੋਰ ਦ੍ਰਿਸ਼ਟਾਂਤ ਵਿਚ ਨਹੀਂ ਕੀਤਾ। ਇਸ ਦੇ ਇਲਾਵਾ ਦ੍ਰਿਸ਼ਟਾਂਤ ਦਾ ਮੂਲ ਵਿਚਾਰ ਕੋਈ ਰੂਹਾਨੀ ਸਬਕ ਦੇਣ ਲਈ ਜਾਣੀਆਂ ਪਛਾਣੀਆਂ ਗੱਲਾਂ ਦੀ ਵਰਤੋਂ ਕਰਨਾ ਹੁੰਦਾ ਹੈ। ਮੈਨੂੰ ਨਹੀਂ ਲਗਦਾ ਕਿ ਸੁਣਨ ਵਾਲਾ ਮੁਰਦਿਆਂ ਦੀ ਹਾਲਤ ਤੋਂ ਐਨੀ ਚੰਗੀ ਤਰ੍ਹਾਂ ਨਾਲ ਵਾਕਫ਼ ਸੀ। ਮੌਜੂਦ ਤੱਥਾਂ ਤੋਂ ਇਹੀ ਸੁਝਾਅ ਮਿਲਣਾ ਸੀ ਕਿ ਇਹ ਕੋਈ ਦ੍ਰਿਸ਼ਟਾਂਤ ਨਹੀਂ ਬਲਕਿ ਆਪਣੀ ਗੱਲ ਸਮਝਾਉਣ ਲਈ ਯਿਸੂ ਵੱਲੋਂ ਅਸਲ ਜ਼ਿੰਦਗੀ ਦੀ ਕਹਾਣੀ ਦੱਸੀ ਗਈ ਹੈ।[5]

ਦੂਜੇ ਪਾਸੇ ਜੇ ਅਸੀਂ ਮੰਨ ਲਈਏ ਕਿ ਇਹ ਦ੍ਰਿਸ਼ਟਾਂਤ ਹੀ ਸੀ ਤਾਂ? ਜਿੱਥੋਂ ਤਕ ਇਸ ਦੀਆਂ ਸੱਚਾਈਆਂ ਦੀ ਗੱਲ ਹੈ, ਉਸ ਨਾਲ ਇਸ ਨੂੰ ਕੋਈ ਫ਼ਰਕ ਨਹੀਂ ਪੈਂਦਾ। ''ਦ੍ਰਿਸ਼ਟਾਂਤ'' ਤੋਂ ਭਾਵ ''ਪਰਿਕਥਾ'' ਨਹੀਂ ਹੈ। ਦ੍ਰਿਸ਼ਟਾਂਤ ਜ਼ਿੰਦਗੀ ਦੀ ਅਸਲ ਹਾਲਤ ਨੂੰ ਦੱਸ ਕੇ ਉਸ ਨੂੰ ਰੂਹਾਨੀ ਤੌਰ ਤੇ ਲਾਗੂ ਕਰਨਾ ਹੈ।[6] ਮੈਂ ਨਹੀਂ ਮੰਨਦਾ ਕਿ ਲੂਕਾ 16:19–31 ਇਕ ਦ੍ਰਿਸ਼ਟਾਂਤ ਹੈ। ਪਰ ਜੇ ਹੋਵੇ ਵੀ ਤਾਂ ਵੀ ਇਹ ਦੇਹ ਰਹਿਤ ਆਤਮਾਵਾਂ ਦਾ ਸਚਮੁਚ ਦਾ ਵੇਰਵਾ ਹੈ।

ਇਸ ਕਰਕੇ ਮੈਂ ਮੰਨਦਾ ਹਾਂ ਕਿ ਅਸੀਂ ਅਮੀਰ ਆਦਮੀ ਅਤੇ ਲਾਜ਼ਰ ਦੀ ਕਹਾਣੀ ਦੀ ਵਰਤੋਂ ''ਮੁਰਦੇ ਕਿੱਥੇ ਹਨ?'' ਦੇ ਸਵਾਲ ਲਈ ਖ਼ੁਦਾ ਦਾ ਜਵਾਬ ਦੇਣ ਵਿਚ ਕਰ ਸਕਦੇ ਹਾਂ।[7] ਇਨ੍ਹਾਂ ਆਇਤਾਂ ਦੀ ਸਮੀਖਿਆ ਕਰਦਿਆਂ ਅਸੀਂ ਕਈ ਨਿਚੋੜਾਂ ਤੇ ਪਹੁੰਚਾਂਗੇ।

## ਮੁਰਦੇ ਕਿਤੇ ਨਾ ਕਿਤੇ ਹਨ-ਅਤੇ ਹੋਸ਼ ਵਿਚ ਹਨ

''ਮੁਰਦੇ ਕਿੱਥੇ ਹਨ'' ਸਵਾਲ ਦਾ ਜਵਾਬ ਦਿੰਦੇ ਹੋਏ ਕੁਝ ਲੋਕ ਜਵਾਬ ਦਿੰਦੇ ਹਨ ਕਿ ਉਹ ''ਕਿਤੇ ਨਹੀਂ'' ਹਨ।[8] ਇਨ੍ਹਾਂ ਲੋਕਾਂ ਦਾ ਮੰਨਣਾ ਹੈ ਕਿ ਇਸ ਜ਼ਿੰਦਗੀ ਦੇ ਬਾਅਦ ਕੋਈ ਜ਼ਿੰਦਗੀ ਨਹੀਂ ਹੈ। ਉਹ ਇਹ ਮੰਨਦੇ ਹਨ ਕਿ ਜ਼ਿੰਦਗੀ ਇਕ–ਪਾਸੀ ਸੜਕ ਹੈ, ਜਿਸ ਦਾ ਅੰਤ ਮੌਤ ਹੈ। ਪਰ ਲੂਕਾ 16 ਤੋਂ ਜੇ ਕੋਈ ਸਿੱਖਿਆ ਮਿਲਦੀ ਹੈ ਤਾਂ ਉਹ ਇਹ ਹੈ ਕਿ ਮਨੁੱਖ ਮਰਨ ਦੇ ਬਾਅਦ ਵੀ ਜੀਉਂਦਾ ਰਹਿੰਦਾ ਹੈ।

ਦੂਜੇ ਲੋਕ, ਜੋ ਇਸ ਜ਼ਿੰਦਗੀ ਦੇ ਬਾਅਦ ਵੀ ਜ਼ਿੰਦਗੀ ਹੋਣ ਨੂੰ ਮੰਨਦੇ ਹਨ, ਸਿਖਾਉਂਦੇ ਹਨ ਕਿ

ਮਰਨ ਵੇਲੇ ਲੋਕਾਂ ਦਾ ਵਜੂਦ ਖ਼ਤਮ ਹੋ ਜਾਂਦਾ ਹੈ। (ਸਿਰਫ਼ ਖ਼ੁਦਾ ਦੀ ਯਾਦ ਵਿਚ ਹੀ ''ਵਜੂਦ'' ਹੈ) ਅਤੇ ਇਕ ਦਿਨ ''ਜੀ ਉੱਠਣਾ'' (ਅਸਲ ਵਿਚ ਨਵੀਂ ਸਰਿਸ਼ਟ ਹੋਵੇਗਾ)। ਜਦ ਧਰਮੀ ਲੋਕ ਹਮੇਸ਼ਾ ਜ਼ਿੰਦਾ ਰਹਿਣਗੇ ਅਤੇ ਦੂਜਿਆਂ ਦਾ ਨਾਸ਼ ਕੀਤਾ ਜਾਵੇਗਾ। ਅਮੀਰ ਆਦਮੀ ਅਤੇ ਲਾਜ਼ਰ ਮਰਨ ਦੇ ਬਾਅਦ ਖ਼ਤਮ ਨਹੀਂ ਹੋਏ ਸਨ। ਦੋਵੇਂ ਜ਼ਿੰਦਾ ਸਨ ਅਤੇ ਹੋਸ਼ ਵਿਚ ਸਨ।

ਉੱਪਰ ਦੱਸੀਆਂ ਦੋ ਸਿੱਖਿਆਵਾਂ ਦੇਣ ਵਾਲਿਆਂ ਨਾਲ ਮੇਰੀ ਗੱਲਬਾਤ ਵਿਚ, ਕਈ ਵਾਰ ''ਮੌਤ'' ਸ਼ਬਦ ਤੇ ਖੇਡ ਖੇਡੀ ਜਾਂਦੀ ਹੈ। ਉਹ ਆਖਦੇ ਹਨ, ''ਜੇ ਮੌਤ ਦੇ ਬਾਅਦ ਆਤਮਾ ਜ਼ਿੰਦਾ ਰਹਿੰਦੀ ਹੈ, ਤਾਂ ਮੌਤ ਹੈ ਹੀ ਨਹੀਂ।'' ਮੈਂ ਉਨ੍ਹਾਂ ਨੂੰ ''ਮੌਤ'' ਦਾ ਅਰਥ ਦੱਸਦੇ ਹੋਏ ਆਖਦਾ ਹਾਂ। ਉਨ੍ਹਾਂ ਦੇ ਮਨ ਵਿਚ ਮੌਤ ਦਾ ਅਰਥ ''ਅੰਤ'' ਹੋਣਾ ਹੈ, ਪਰ ਇਹ ਅਰਥ ਹੇਠਾਂ ਦਿੱਤੀਆਂ ਆਇਤਾਂ ਨਾਲ ਮੇਲ ਨਹੀਂ ਖਾਂਦਾ:

- *ਰੋਮੀਆਂ 7:9.* ਪੌਲੁਸ ਨੇ ਕਿਹਾ, ''ਮੈਂ ਅੱਗੇ ਸ਼ਰਾ ਦੇ ਬਾਝੋਂ ਜੀਉਂਦਾ ਸਾਂ ਪਰ ਜਦ ਹੁਕਮਨਾਮਾ ਆਇਆ ਤਦ ਪਾਪ ਜੀ ਪਿਆ ਅਤੇ ਮੈਂ ਮਰ ਗਿਆ।'' ਭਲਾ ਪੌਲੁਸ ਦਾ ਵਜੂਦ ਖ਼ਤਮ ਹੋ ਗਿਆ ਸੀ?
- *ਕੁਲੁੱਸੀਆਂ 3:3.* ਪੌਲੁਸ ਨੇ ਇਹ ਵੀ ਲਿਖਿਆ, ''ਕਿਉਂ ਜੋ ਤੁਸੀਂ ਮੋਏ ਅਤੇ ਤੁਹਾਡਾ ਜੀਵਨ ਮਸੀਹ ਦੇ ਨਾਲ ਪਰਮੇਸ਼ੁਰ ਵਿਚ ਗੁਪਤ ਹੋਇਆ ਹੈ।'' ਭਲਾ ਉਸਦੇ ਪਾਠਕਾਂ ਦਾ ਵਜੂਦ ਨਹੀਂ ਸੀ।
- *1 ਤਿਮੋਥਿਉਸ 5:6.* ਉਸ ਨੇ ਇਹ ਵੀ ਕਿਹਾ ਕਿ ''ਪਰ ਜਿਹੜੀ ਗੁਲਛੱਰੇ ਉਡਾਉਂਦੀ ਹੈ ਉਹ ਤਾਂ ਜੀਉਂਦੀ ਹੀ ਮੋਈ ਹੋਈ ਹੈ।'' ਅਜਿਹੀ ਔਰਤ ਖ਼ਤਮ ਤਾਂ ਨਹੀਂ ਹੋਈ।

''ਮੌਤ'' ਸ਼ਬਦ ਦਾ ਬੁਨਿਆਦੀ ਅਰਥ ''ਜੁਦਾਈ''[9] ਹੈ। ਭਾਵ ਇਹ ਸਥਿਤੀ ਜਾਂ ਹਾਲਤ ਦਾ ਅੰਤ ਹੈ ਅਤੇ ਇਸ ਦਾ ਅਰਥ ਖਤਮ ਹੋਣਾ ਨਹੀਂ ਹੈ।

ਆਮ ਤੌਰ ਤੇ ਇਹ ਵਿਚਾਰ ਰੱਖਣ ਵਾਲੇ ਲੋਕ ਜਾਨ ਜਾਂ ਆਤਮਾ ਕਹੇ ਜਾਣ ਵਾਲੇ ਮਨੁੱਖ ਦੇ ਅਮਰ ਹਿੱਸੇ ਦੇ ਵਜੂਦ ਦਾ ਇਨਕਾਰ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ, ''ਜਾਨ ਤਾਂ ਸਾਡੇ ਅੰਦਰ ਸਰੀਰਕ ਪ੍ਰਾਣ ਨੂੰ ਕਿਹਾ ਗਿਆ ਹੈ।'' ਉਹ ਜ਼ੋਰ ਦੇ ਕੇ ਆਖਦੇ ਹਨ ''ਆਤਮਾ ਸਾਡੇ ਵਿੱਚੋਂ ਹਰ ਕਿਸੇ ਨੂੰ ਦਿੱਤੇ ਗਏ ਖ਼ੁਦਾ ਦੇ ਸਾਹ ਤੋਂ ਵੱਧ ਕੇ ਕੁਝ ਵੀ ਨਹੀਂ ਹੈ।'' ''ਜਾਨ'' (*psuche*) ਲਈ ਯੂਨਾਨੀ ਸ਼ਬਦ ਦਾ ਅਰਥ ਸਾਹ, ਜਜ਼ਬਾਤਾਂ ਦੀ ਥਾਂ ਜਾਂ ਜੀਉਂਦੀ ਜਾਨ ਵੀ ਹੋ ਸਕਦਾ ਹੈ; ਪਰ ਇਸਦਾ ਅਰਥ ''ਉਹ ਸਤ'' ਵੀ ਹੋ ਸਕਦਾ ਹੈ, ''ਜੋ ਸਰੀਰ ਤੋਂ ਅਲਹਿਦਾ ਹੈ ਅਤੇ ਮੌਤ ਵਿਚ ਸਮਾਉਂਦਾ ਨਹੀਂ ਹੈ।''[10] ਇਸੇ ਤਰ੍ਹਾਂ ''ਆਤਮਾ'' (*pneuma*) ਲਈ ਯੂਨਾਨੀ ਸ਼ਬਦ ਦਾ ਅਰਥ ''ਹਵਾ'' ''ਸਾਹ'' ਜਾਂ ਉਹ ਖ਼ਾਸ ਨਿਯਮ ਹੋ ਸਕਦਾ ਹੈ ਜਿਸਦੇ ਰਾਹੀਂ ਦੇਹ ਚੱਲਦੀ ਹੈ, ਪਰ ''ਆਤਮਾ, ... ਨਿਰਾ ਸਤ ਸਾਰੀ ਜਾਂ ਘੱਟ ਸ਼ਕਤੀ ਹੈ; ... ਇਕ ਮਨੁੱਖੀ ਆਤਮਾ, ਜਿਸ ਨੇ ਦੇਹ ਤਿਆਗ ਦਿੱਤੀ।''[11]

ਬਹੁਤ ਸਾਰੀਆਂ ਆਇਤਾਂ ਤੋਂ ਸੰਕੇਤ ਮਿਲਦਾ ਹੈ ਕਿ ਮਨੁੱਖ ਦੋਹਰਾ ਪ੍ਰਾਣੀ ਹੈ ਅਤੇ ਇਹ ਕਿ ਦੇਹ ਦੇ ਵਜੂਦ ਦੇ ਖ਼ਤਮ ਹੋ ਜਾਣ ਦੇ ਬਾਅਦ, ਜਾਨ ਜਾਂ ਆਤਮਾ ਜੀਉਂਦੀ ਰਹਿੰਦੀ ਹੈ। ਕੁਝ ਖ਼ਾਸ ਆਇਤਾਂ ਇਸ ਤਰ੍ਹਾਂ ਹਨ:

> ਅਤੇ ਖ਼ਾਕ ਮਿੱਟੀ ਨਾਲ ਪਹਿਲਾਂ ਵਾਂਗ ਜਾ ਰਲੇ ਅਤੇ ਆਤਮਾ ਪਰਮੇਸ਼ੁਰ ਦੇ ਕੋਲ ਮੁੜ ਜਾਵੇ, ਜਿਸ ਨੇ ਉਸ ਨੂੰ ਬਖ਼ਸ਼ਿਆ ਸੀ (ਉਪਦੇਸ਼ਕ ਦੀ ਪੋਥੀ 12:7)।

ਉਸ [ਮਸੀਹ] ਨੇ ਉਹ [ਪਸ਼ਚਾਤਾਪੀ ਡਾਕੂ] ਨੂੰ ਆਖਿਆ, ਮੈਂ ਤੈਨੂੰ ਸੱਚ ਆਖਦਾ ਹਾਂ ਭਈ ਅੱਜ ਤੂੰ ਮੇਰੇ ਸੰਗ ਸੁਰਗ ਲੋਕ ਵਿਚ ਹੋਵੇਂਗਾ (ਲੂਕਾ 23:43)।

ਤਾਂ ਯਿਸੂ ਉੱਚੀ ਅਵਾਜ਼ ਨਾਲ ਚਿੱਲਾ ਕੇ ਆਖਿਆ ਕਿ ''ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ,'' ਅਤੇ ਇਹ ਕਹਿ ਕੇ ਪ੍ਰਾਣ ਛੱਡ ਦਿੱਤੇ (ਲੂਕਾ 23:46)।

ਸੋ ਉਨ੍ਹਾਂ ਨੇ ਇਸਤੀਫ਼ਾਨ ਨੂੰ ਪਥਰਾਅ ਕੀਤਾ ਜੋ ਬੇਨਤੀ ਕਰਦਾ ਅਤੇ ਇਹ ਆਖਦਾ ਸੀ ਕਿ ''ਹੇ ਪ੍ਰਭੂ ਯਿਸੂ, ਮੇਰੀ ਆਤਮਾ ਨੂੰ ਆਪਣੇ ਕੋਲ ਲੈ ਲੈ!'' (ਰਸੂਲਾਂ ਦੇ ਕੰਮ 7:59)।

ਇਸ ਕਾਰਨ ਅਸੀਂ ਹੌਸਲਾ ਨਹੀਂ ਹਾਰਦੇ ਸਗੋਂ ਭਾਵੇਂ ਸਾਡੀ ਬਾਹਰਲੀ ਇਨਸਾਨੀਅਤ ਨਾਸ ਹੁੰਦੀ ਜਾਂਦੀ ਹੈ ਪਰ ਅੰਦਰਲੀ ਇਨਸਾਨੀਅਤ ਦਿਨੋ ਦਿਨ ਨਵੀਂ ਹੁੰਦੀ ਜਾਂਦੀ ਹੈ। ...

ਅਸੀਂ ਜਾਣਦੇ ਹਾਂ ਭਈ ਜੇ ਸਾਡਾ ਤੰਬੂ ਜਿਹਾ ਘਰ ਜਿਹੜਾ ਧਰਤੀ ਤੇ ਹੈ ਢਹਿ ਪਵੇ ਤਾਂ ਪਰਮੇਸ਼ੁਰ ਤੋਂ ਇਕ ਘਰ ਸਾਨੂੰ ਮਿਲੇਗਾ ਜੋ ਬਿਨਾਂ ਹੱਥ ਲਾਏ ਅਟੱਲ ਅਤੇ ਸੁਰਗ ਵਿਚ ਬਣਿਆ ਹੈ। ... ਸੋ ਅਸੀਂ ਸਦਾ ਹੌਸਲਾ ਰੱਖਦੇ ਅਤੇ ਜਾਣਦੇ ਹਾਂ ਭਈ ਜਿੰਨਾਂ ਚਿਰ ਅਸੀਂ ਦੇਹੀ ਦੇ ਘਰ ਵਿਚ ਹਾਂ ਉੱਨਾ ਚਿਰ ਪ੍ਰਭੂ ਤੋਂ ਵਿਛੜੇ ਹੋਏ ਹਾਂ। ... ਅਸੀਂ ਹੌਸਲਾ ਰੱਖਦੇ ਹਾਂ ਅਤੇ ਇਹ ਚਾਹੁੰਦੇ ਹਾਂ ਭਈ ਦੇਹੀ ਦਾ ਘਰ ਛੱਡ ਦੇਈਏ ਅਤੇ ਪ੍ਰਭੂ ਕੋਲ ਜਾ ਵੱਸੀਏ (2 ਕੁਰਿੰਥੀਆਂ 4:16–5:8)।

ਸਾਨੂੰ ਆਤਮਾ ਕਿੱਥੋਂ ਮਿਲਦੀ ਹੈ? ਬਾਈਬਲ ਖ਼ੁਦਾ ਨੂੰ ''ਆਤਮਾਵਾਂ ਦਾ ਪਿਤਾ'' ਆਖਦੀ ਹੈ (ਇਬਰਾਨੀਆਂ 12:9)। ਜ਼ਕਰਯਾਹ ਨਬੀ ਨੇ ਕਿਹਾ ਸੀ ਕਿ ਪ੍ਰਭੂ ''ਆਦਮੀ ਦੀ ਆਤਮਾ ਉਸ ਦੇ ਵਿਚ ਰਚਦਾ ਹੈ'' (ਜ਼ਕਰਯਾਹ 12:1)।

''ਮੁਰਦੇ ਕਿੱਥੇ ਹਨ?'' ਸਵਾਲ ਦਾ ਜਵਾਬ ਪਹਿਲਾਂ ਅਸੀਂ ਇਹ ਦਿੰਦੇ ਹਾਂ ਕਿ ''ਉਹ ਕਿਤੇ ਨਾ ਕਿਤੇ ਹਨ ਅਤੇ ਹੋਸ਼ ਵਿਚ ਹਨ।'' ਪਰ ਲਿਖਤ ਵਿੱਚੋਂ ਇਸ ਤੋਂ ਵੀ ਹੋਰ ਵੱਧ ਜਾਣਿਆ ਜਾ ਸਕਦਾ ਹੈ।

## ਮੁਰਦਿਆਂ ਨੂੰ ਇਸ ਧਰਤੀ ਉੱਤੇ ਨਵੇਂ ਸਰੀਰਾਂ ਵਿਚ ਜਨਮ ਨਹੀਂ ਮਿਲਦਾ

ਆਵਾਗੌਣ ਦੀ ਸਿੱਖਿਆ ਵਿਚ ਇਹ ਮੰਨਿਆ ਜਾਂਦਾ ਹੈ ਕਿ ਮਰ ਗਏ ਲੋਕਾਂ ਦੀਆਂ ਆਤਮਾਵਾਂ ਨਵੇਂ ਰੂਪਾਂ ਜਾਂ ਦੇਹਾਂ ਵਿਚ ਧਰਤੀ ਉੱਤੇ ਆਉਂਦੀਆਂ ਰਹਿੰਦੀਆਂ ਹਨ। ਹਿੰਦੂ ਧਰਮ ਅਤੇ ਕਈ ਪੂਰਵੀ ਧਰਮਾਂ ਦੀ ਇਹ ਬੁਨਿਆਦੀ ਸਿੱਖਿਆ ਹੈ। ਜਿਨ੍ਹਾਂ ਦੇਸ਼ਾਂ ਵਿਚ ਇਹ ਸਿੱਖਿਆ ਪਾਈ ਜਾਂਦੀ ਹੈ ਉਨ੍ਹਾਂ ਵਿਚ ਗਾਵਾਂ, ਬਾਂਦਰਾਂ ਅਤੇ ਸੱਪਾਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਜਾਨਵਰ ਉਨ੍ਹਾਂ ਲੋਕਾਂ ਦੇ ਪੂਰਵਜਾਂ ਦੀਆਂ ਆਤਮਾਵਾਂ ਹੋ ਸਕਦੇ ਹਨ। ਆਵਾਗੌਣ ਦੀ ਇਸ ਨਾਲੋਂ ਫ਼ਰਕ ਵਿਚਾਰਧਾਰਾ ਕੁਝ ਯਹੂਦੀਆਂ ਵਿਚ ਪਾਈ ਜਾਂਦੀ ਸੀ (ਵੇਖੋ ਮੱਤੀ 16:13, 14) ਅਤੇ ਸਮੇਂ ਸਮੇਂ ਤੇ ਪੱਛਮੀ ਜਗਤ ਵਿਚ ਵੀ ਇਹ ਵਿਚਾਰ ਨਵੇਂ ਸਿਰੇ ਤੋਂ ਲੋਕਾਂ ਦੀ ਦਿਲਚਸਪੀ ਦਾ ਕਾਰਣ ਬਣਦਾ ਰਹਿੰਦਾ ਹੈ।

ਪਰ ਲੂਕਾ 16 ਵਿਚ ਅਮੀਰ ਆਦਮੀ ਅਤੇ ਲਾਜ਼ਰ ਕਿਸੇ ਨਵੇਂ ਰੂਪ ਜਾਂ ਨਵੇਂ ਸਰੀਰ ਵਿਚ ਧਰਤੀ ਉੱਤੇ ਵਾਪਸ ਨਹੀਂ ਆਏ। ਉਹ ਅਜੇ ਵੀ ਉਥੇ ਸਨ ਅਤੇ ਵਚਨ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਉਨ੍ਹਾਂ ਦੀ ਹਾਲਤ ਨੂੰ ਬਦਲਿਆ ਨਹੀਂ ਜਾ ਸਕਦਾ ਸੀ। ਆਇਤ 26 ਕਹਿੰਦੀ ਹੈ, ''ਇਸ ਤੋਂ ਬਾਝ ਸਾਡੇ ਅਤੇ ਤੁਹਾਡੇ ਵਿਚ ਇਕ ਵਡੀ ਖੱਡ ਪਈ ਹੈ ਤਾਂ ਜੋ ਓਹ ਜਿਹੜੇ ਐਥੋਂ ਤੁਹਾਡੇ ਕੋਲ

ਪਾਰ ਲੰਘਣਾ ਚਾਹੁਣ ਉਹ ਨਾ ਲੰਘ ਸਕਣ ਨਾ ਓਧਰੋਂ ਕੋਈ ਸਾਡੇ ਕੋਲ ਏਸ ਪਾਸੇ ਆਉਣ।'' ਅਸਲ ਵਿਚ ਅਬਰਾਹਾਮ ਦੇ ਕਹਿਣ ਤੋਂ ਭਾਵ ਇਹ ਸੀ ਕਿ ਕਿਸੇ ਵੀ ਰੂਪ ਵਿਚ ਕੋਈ ਵੀ ਵਾਪਸ ਨਹੀਂ ਜਾ ਸਕਦਾ ਸੀ।

ਆਵਾਗੌਣ ਦੀਆਂ ਕਹਾਣੀਆਂ ਬਾਰੇ ਸਨਸਨੀਖੇਜ ਮੀਡੀਆ ਦੀਆਂ ਗੱਲਾਂ ਤੋਂ ਮੈਂ ਬਹੁਤਾ ਰੁਮਾਂਚਿਤ ਨਹੀਂ ਹੁੰਦਾ। ਇਸ ਦਾ ਇਕ ਕਾਰਣ ਇਹ ਹੈ ਕਿ ਜ਼ਿੰਦਗੀ ਲਈ ਮੇਰੇ ਕੋਲ ਬਾਈਬਲ ਇਕ ਮਾਪਦੰਡ ਹੈ। ਨਵੇਂ ਨਵੇਂ ਵਿਚਾਰ ਦਿਲਕਸ਼ ਹੋ ਸਕਦੇ ਹਨ ਪਰ ਉਨ੍ਹਾਂ ਨੂੰ ਮੈਂ ਇਸ ਕਸੌਟੀ ਨਾਲ ਪਰਖਦਾ ਹਾਂ ਕਿ ਇਹ ਵਚਨ ਦੀ ਸਿੱਖਿਆ ਨਾਲ ਕਿਵੇਂ ਮੇਲ ਖਾਂਦਾ ਹੈ? ਸਾਫ਼ ਜਿਹੀ ਹਕੀਕਤ ਇਹ ਹੈ ਕਿ ਆਵਾਗੌਣ ਦੀ ਸਿੱਖਿਆ ਬਾਈਬਲ ਵਿਚ ਨਹੀਂ ਹੈ। ਬਾਈਬਲ ਦੇ ਕੁਝ ਬੁਨਿਆਦੀ ਸਿਧਾਂਤਾਂ ਤੇ ਧਿਆਨ ਦਿਓ:

- *ਉਪਦੇਸ਼ਕ ਦੀ ਪੋਥੀ 3:2.* ''ਮਰਨ ਦਾ ਵੇਲਾ *[ਇਕ ਵਚਨ]* ਹੈ।''
- *ਇਬਰਾਨੀਆਂ 9:27.* ''... ਮਨੁੱਖਾਂ ਲਈ ਇਕ ਵਾਰ ਮਰਨਾਂ ਠਹਿਰਾਇਆ ਹੋਇਆ ਹੈ ਅਤੇ ਉਹਦੇ ਪਿੱਛੋਂ ਨਿਆਂ ਹੁੰਦਾ ਹੈ।''
- *ਉਪਦੇਸ਼ਕ ਦੀ ਪੋਥੀ 12:7.* ਫਿਰ ''ਆਤਮਾ *ਪਰਮੇਸ਼ੁਰ ਦੇ ਕੋਲ* ਮੁੜ ਜਾਵੇ–ਕਿਸੇ ਹੋਰ ਸਰੀਰ ਵਿਚ ਨਹੀਂ।''
- *2 ਕੁਰਿੰਥੀਆਂ 5:10.* ''ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ *[ਇਕ ਵਚਨ]* ਵਿਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ।''

ਬਾਈਬਲ ਆਵਾਗੌਣ ਦੀ ਸਿੱਖਿਆ *ਨਹੀਂ* ਦਿੰਦੀ। ਇਸ ਕਰਕੇ ਇਸ ਸਿੱਖਿਆ ਨੂੰ ਮੰਨਣਾ ਵਿਸ਼ਵਾਸ ਨਾਲ ਨਹੀਂ ਹੋ ਸਕਦਾ (ਵੇਖੋ ਰੋਮੀਆਂ 10:17)। ਲੂਕਾ 16 ਅਧਿਆਇ ਇਹ ਸਾਫ਼ ਕਰ ਦਿੰਦਾ ਹੈ ਕਿ ਇਹ ਸਿੱਖਿਆ ਗਲਤ ਹੈ।

## ਮੁਰਦੇ ਸਿੱਧੇ ਆਪਣਾ ਆਖਰੀ ਇਨਾਮ ਪਾਉਣ ਲਈ ਨਹੀਂ ਗਏ ਹਨ

ਕੁਝ ਲੋਕਾਂ ਦਾ ਖ਼ਿਆਲ ਹੈ ਕਿ ਮੌਤ ਵੇਲੇ ਲੋਕ ਸਿੱਧੇ ਹੀ ਸੁਰਗ ਜਾਂ ਨਰਕ ਵਿਚ ਚਲੇ ਜਾਂਦੇ ਹਨ। ਅਮੀਰ ਆਦਮੀ ਅਤੇ ਲਾਜ਼ਰ ਉਨ੍ਹਾਂ ਆਖ਼ਰੀ ਹਾਲਤਾਂ ਵਿਚ ਨਹੀਂ ਪਹੁੰਚੇ ਸਨ। ਜਿਵੇਂ ਕਿ ਅੱਗੇ ਅਸੀਂ ਆਪਣੇ ਅਧਿਐਨ ਵਿਚ ਵੇਖਾਂਗੇ।[12]

ਜੇ ਲੋਕ ਮਰਨ ਵੇਲੇ ਸਿੱਧੇ ਆਪਣਾ ਇਨਾਮ ਪਾਉਣ ਲਈ ਚਲੇ ਜਾਂਦੇ ਹਨ ਤਾਂ ਇਹ ਆਖ਼ਰੀ ਦਿਨ ਬਾਰੇ ਬਾਈਬਲ ਦੀ ਸਿੱਖਿਆ ਨੂੰ ਬਹੁਤ ਹੱਦ ਤਕ ਨਕਾਰ ਦਏਗਾ। ਬਾਈਬਲ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਚੰਗੇ ਹੋਣ ਜਾਂ ਮਾੜੇ, ਇਕ ਦਿਨ ਸਭ ਦਾ ਨਿਆਂ ਹੋਵੇਗਾ (ਮੱਤੀ 25:31, 32; ਯੂਹੰਨਾ 16:8; ਰਸੂਲਾਂ ਦੇ ਕੰਮ 17:31; ਇਬਰਾਨੀਆਂ 6:2; 9:27; ਵੇਖੋ ਰਸੂਲਾਂ ਦੇ ਕੰਮ 24:25)। ਇਸ ਨਿਆਂ ਵਿਚ ਪ੍ਰਭੂ ਦੇ ਵਾਪਸ ਆਉਣ ਤੋਂ ਪਹਿਲਾਂ ਮਰ ਚੁੱਕੇ ਲੋਕ ਵੀ ਹੋਣਗੇ (ਵੇਖੋ ਮੱਤੀ 12:41, 42)। ਪਤਰਸ ਨੇ ਲਿਖਿਆ ਹੈ ਕਿ ''ਪ੍ਰਭੂ ... ਕੁਧਰਮੀਆਂ *[ਅਧਰਮੀ ਮੁਰਦਿਆਂ ਦੀ ਗੱਲ ਕਰਦਿਆਂ]* ਨੂੰ ਨਿਆਉਂ ਦੇ ਦਿਨ ਤੀਕ ਸਜ਼ਾ ਹੇਠ ਰੱਖਣਾ ਜਾਣਦਾ ਹੈ'' (2 ਪਤਰਸ 2:9)। ਨਿਆਂ ਤੇ ਬਾਈਬਲ ਦੀ ਆਮ ਸਿੱਖਿਆ ਇਹ ਸੀ ਕਿ ਇਹ ਪ੍ਰਭੂ ਦੇ ਵਾਪਸ ਆਉਣ ਤੇ ਹੋਵੇਗਾ, ਜਦ ਜੀਉਂਦੇ ਅਤੇ ਮਰੇ ਦੋਹਾਂ ਤਰ੍ਹਾਂ ਦੇ ਲੋਕਾਂ ਨੂੰ ਪ੍ਰਭੂ ਦੇ ਸਾਹਮਣੇ ਖੜਾ ਕੀਤਾ ਜਾਵੇਗਾ। ਅਜਿਹਾ ਲਗਦਾ ਨਹੀਂ ਹੈ ਕਿ ਮੌਤ ਵੇਲੇ ਲੋਕਾਂ ਨੂੰ ਸਿੱਧੇ ਸੁਰਗ ਜਾਂ ਨਰਕ ਵਿਚ ਪਾ ਦਿੱਤਾ ਜਾਂਦਾ ਹੋਵੇ ਅਤੇ

ਨਿਆਂ ਵੇਲੇ ਉਨ੍ਹਾਂ ਨੂੰ ਉੱਥੋਂ ਬਾਹਰ ਕੱਢ ਲਿਆ ਜਾਵੇ ਜਿੱਥੋਂ ਉਨ੍ਹਾਂ ਨੂੰ ਫੇਰ ਉੱਥੇ ਰੱਖ ਦਿੱਤਾ ਜਾਵੇ, ਜਿੱਥੇ ਉਹ ਪਹਿਲਾਂ ਸਨ।[13]

ਇਹ ਸੱਚ ਹੈ ਕਿ ਦੋਹਾਂ ਆਇਤਾਂ ਤੋਂ ਲਗਦਾ ਹੈ ਕਿ ਇਨ੍ਹਾਂ ਵਿਚ ਸੰਕੇਤ ਹੈ ਕਿ ਧਰਮੀ ਲੋਕ ਆਪਣਾ ਇਨਾਮ ਪਾਉਣ ਨਈ ਫੌਰਨ ਚਲੇ ਜਾਂਦੇ ਹਨ। ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਦੱਸਿਆ ਕਿ ਉਸ ਨੂੰ ਚੰਗਾ ਲਗਦਾ ਹੈ ਕਿ ''ਦੇਹੀ ਦਾ ਘਰ ਛੱਡ ਦੇਈਏ ਅਤੇ ਪ੍ਰਭੂ ਕੋਲ ਜਾ ਵੱਸੀਏ'' (2 ਕੁਰਿੰਥੀਆਂ 5:8)। ਫੇਰ ਇਸ ਰਸੂਲ ਨੇ ਫਿਲਿੱਪੀਆਂ ਦੇ ਨਾਂਅ ਲਿਖਿਆ ਕਿ ਉਹ ਚਾਹੁੰਦਾ ਸੀ ਕਿ ''ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ'' (ਫ਼ਿਲਿੱਪੀਆਂ 1:23)। ਪਰ ਮੈਂ ਸੁਝਾਅ ਦਿਆਂਗਾ ਕਿ ਇਨ੍ਹਾਂ ਦੋਹਾਂ ਆਇਤਾਂ ਦਾ ਮਕਸਦ ਮੁਰਦਿਆਂ ਦੀ ਆਦੀ ਅਵਸਥਾ ਬਾਰੇ ਦੱਸਣਾ ਨਹੀਂ ਬਲਕਿ ਇਹ ਜ਼ੋਰ ਦੇਣਾ ਹੈ ਕਿ ਮੌਤ ਤਿਆਰ ਲੋਕਾਂ ਵਾਸਤੇ ਇਕ ਫ਼ਤਹਿ ਹੈ। ਇਸ ਗੱਲ ਦੀ ਅਹਿਮੀਅਤ ਹੈ ਕਿ ਇੱਥੋਂ ਗਏ ਧਰਮੀ ਲੋਕ ''ਮਸੀਹ ਨਾਲ'' ਉਸ ਦੇ ਪਿਆਰ ਵਿਚ ਘਿਰੇ ਰਹਿਣਗੇ, ਪਰ ਇਸ ਦਾ ਕੋਈ ਮਤਲਬ ਨਹੀਂ ਕਿ ਉਹ ਸਿੱਧੇ ਸੁਰਗ ਵਿਚ ਜਾਣਗੇ।[14]

ਮੈਂ ਹੋਰ ਸੁਝਾਅ ਦਿਆਂਗਾ ਕਿ ਜਦ ਪੌਲੁਸ ਮਰਿਆ ਤਾਂ ਉਹ ''ਪ੍ਰਭੂ ਦੇ ਨਾਲ'' ਹੋਣ ਲਈ *ਗਿਆ*, ਪਰ ਇਹ ਕਿ ਉਸ ਨੂੰ ਸੁਰਗ ਵਿਚ ਉਸ ਦਾ ਤਾਜ ਅਜੇ ਨਹੀਂ ਮਿਲਿਆ। ਯਿਸੂ ਨੇ ਦੱਸਿਆ ਕਿ ਦੂਜਿਆਂ ਨਾਲ ਪਿਆਰ ਜਤਾਉਣ ਵਾਲਿਆਂ ਨੂੰ (ਲੂਕਾ 14:12, 13) ਜੀ ਉੱਠਣ ਦੇ ਵਕਤ ''ਬਦਲਾ ਦਿੱਤਾ ਜਾਵੇਗਾ'' (ਲੂਕਾ 14:14), ਨਾ ਕਿ ਮੌਤ ਦੇ ਵਕਤ। ਜ਼ਿਆਦਾਤਰ ਵਿਦਵਾਨਾਂ ਦਾ ਮੰਨਣਾ ਹੈ ਕਿ ਯਿਸੂ ਨੇ ਇਹ ਕਹਿੰਦੇ ਹੋਏ ਕਿ ''ਮੈਂ ... ਫੇਰ ਆਣ ਕੇ ਤੁਹਾਨੂੰ ਆਪਣੇ ਕੋਲ ਲੈ ਲਵਾਂਗਾ ਭਈ ਜਿੱਥੇ ਮੈਂ ਹਾਂ ਤੁਸੀਂ ਭੀ ਹੋਵੋ'' (ਯੂਹੰਨਾ 14:3) ਆਪਣੀ ਦੂਜੀ ਆਮਦ ਦੀ ਗੱਲ ਕੀਤੀ। ਪੌਲੁਸ ਦੇ ਧਰਮ ਦੇ ਮੁਕਟ ਬਾਰੇ ਉਸ ਨੇ ਲਿਖਿਆ ਕਿ ''ਪ੍ਰਭੂ ਜੋ ਧਰਮੀ ਨਿਹਚਾ ਹੈ ਉਹ ਦਿਨ ਮੈਨੂੰ ਦੇਵੇਗਾ ਅਤੇ ਕੇਵਲ ਮੈਨੂੰ ਹੀ ਨਹੀਂ ਸਗੋਂ ਓਹਨਾਂ ਨੂੰ ਵੀ ਜਿਹਨਾਂ ਉਹ ਦੇ ਪਰਕਾਸ਼ ਹੋਣ ਨੂੰ ਪਿਆਰਾ ਜਾਣਿਆਂ'' (2 ਤਿਮੋਥਿਉਸ 4:8)। ''ਉਸ ਦਿਨ'' ਵਾਕ ਅੰਸ਼ ਤੇ ਧਿਆਨ ਦਿਓ ਕਿ ਅਤੇ ਇਸ ਗੱਲ ਤੇ ਵੀ ਪੌਲੁਸ ਨੇ ਸੰਕੇਤ ਦਿੱਤਾ ਕਿ ਮਸੀਹ ਦੇ ਦੁਆਰਾ ਜਾਣਨ ਵਾਲੇ ਸਭ ਲੋਕਾਂ ਨੂੰ ਉਹੀ ਤਾਜ ਇੱਕੋ ''ਦਿਨ'' ਦਿੱਤਾ ਜਾਵੇਗਾ। ਸੰਦਰਭ ਵਿਚ ਕਹੀਏ ਤਾਂ ਇਹ ਇਕ ਦਿਨ ਕਿਆਮਤ ਵਾਲਾ ਦਿਨ ਹੋਣਾ ਸੀ।


ਇੱਥੋਂ ਤਕ ਮੈਂ ਲੂਕਾ 16 ਵਾਲੀ ਕਹਾਣੀ ਨੂੰ ਨਕਾਰਾਤਮਕ ਢੰਗ ਨਾਲ ਹੀ ਲਿਆ ਹੈ। ਅਸੀਂ ਕਈ ਵਿਚਾਰਾਂ ਨੂੰ ਨਕਾਰਿਆ ਹੈ ਕਿ ਮੁਰਦੇ ਕਿੱਥੇ ਨਹੀਂ ਹਨ, ਕਿ ਉਹ ਧਰਤੀ ਤੇ ਕਿਸੇ ਦੂਜੇ ਦੇ ਸਰੀਰ ਵਿਚ ਹਨ, ਜਾਂ ਉਹ ਸੁਰਗ ਵਿਚ ਜਾਂ ਨਰਕ ਵਿਚ ਪਹੁੰਚ ਗਏ। ਸਵਾਲ ਫੇਰ ਵੀ ਰਹਿੰਦਾ ਹੈ ਕਿ ''ਤਾਂ ਫਿਰ, ਮੁਰਦੇ *ਹੈਣ* ਕਿੱਥੇ?'' ਆਓ ਲੂਕਾ 16 ਦੀ ਹਾਂ ਪੱਖੀ ਸਮੀਖਿਆ ਕਰਦੇ ਹਾਂ।

## ਮੁਰਦੇ ਨਿਆਂ ਦੀ ਉਡੀਕ ਵਿਚ, ਵਿਚਕਾਰਲੀ ਅਵਸਥਾ ਵਿਚ

ਸਦੀਆਂ ਤੋਂ, ਇੰਜੀਲ ਦੇ ਪ੍ਰਚਾਰਕ ਲੂਕਾ 16 ਵਿਚਲੇ ਪਤਾਲ ਲੋਕ ਨੂੰ ਵਿਖਾਉਣ ਲਈ ਰੇਖਾਚਿੱਤਰਾਂ ਦੀ ਵਰਤੋਂ ਕਰਦੇ ਰਹੇ ਹਨ। ਅਜਿਹੇ ਰੇਖਾਚਿੱਤਰਾਂ ਦੀ ਆਪਣੀ ਕਮੀ ਹੁੰਦੀ ਹੈ, ਕਿਉਂਕਿ ਉਨ੍ਹਾਂ ਤੋਂ ਇਹ ਪ੍ਰਭਾਵ ਜਾ ਸਕਦਾ ਹੈ ਕਿ ਪਤਾਲ ਲੋਕ ਇਕ ਭੁਗੋਲਿਕ ਸਥਿਤੀ ਹੈ, ਜੋ ਕਿ ਗਲਤ ਹੈ। ਪਤਾਲ ਲੋਕ ਵਜੂਦ ਦੀ ਥਾਂ ਨਹੀਂ ਹੈ ਬਲਕਿ ਇਹ ਇਕ ਅਵਸਥਾ ਹੈ। ਤਾਂ ਵੀ ਕਹਾਣੀ ਵਿਚ ਵਿਖਾਈਆਂ ਗਈਆਂ ਵੱਖ ਵੱਖ ਸਥਿਤੀਆਂ ਦਾ ਧਿਆਨ ਲਾਉਣ ਦਾ ਹੋਰ ਪ੍ਰਭਾਵਸ਼ਾਲੀ ਤਰੀਕਾ ਮੈਨੂੰ ਪਤਾ ਨਹੀਂ ਹੈ। ਇਸ ਕਰਕੇ ਮੈਂ ਰੇਖਾਚਿੱਤਰ ਬਣਾਉਂਦਾ ਹਾਂ, ਜਿਸ ਦੀ ਵਰਤੋਂ ਲੂਕਾ 16 ਵਿਚ ਮਿਲਣ ਵਾਲੇ ਨਾਵਾਂ ਵਿਚ ਕੀਤੀ ਗਈ ਹੈ (ਵੇਖੋ ''ਪਤਾਲ ਲੋਕ *[ਅਦਿੱਖ ਸੰਸਾਰ]*'' ਦਾ ਰੇਖਾਚਿੱਤਰ।)

ਰੇਖਾਚਿੱਤਰ ਦੇ ਵੱਖੋ ਵੱਖ ਤੱਤਾਂ ਨੂੰ ਵੇਖੋ। ਪਹਿਲਾਂ ਉੱਪਰ ਸਿਰਲੇਖ ''**ਪਤਾਲ ਲੋਕ** (ਅਦਿੱਖ

ਸੰਸਾਰ)'' ਤੇ ਧਿਆਨ ਦਿਓ। ਅਮੀਰ ਆਦਮੀ ਨੇ ''ਪਤਾਲ ਵਿਚ'' ''ਆਪਣੀਆਂ ਅੱਖਾਂ ਚੁੱਕੀਆਂ'' (ਲੂਕਾ 16:23)। ਬਾਈਬਲ ਵਿਚ ਮੁਰਦਿਆਂ ਦੀ ਅਵਸਥਾ ਨੂੰ ''ਹੇਡਿਸ'' ਆਖਿਆ ਗਿਆ ਹੈ। *ਹੇਡਿਸ* ਇਕ ਯੂਨਾਨੀ ਸ਼ਬਦ ਹੈ ਜੋ ਪੁਰਾਣੇ ਨੇਮ ਦੇ ਇਬਰਾਨੀ ਸ਼ਬਦ *ਸ਼ਿਓਲ* ਨਾਲ ਮਿਲਦਾ ਜੁਲਦਾ ਹੈ।[15] ਹੇਡਿਸ ਸ਼ਬਦ ਦਾ ਬੁਨਿਆਦੀ ਅਰਥ ''ਅਦਿੱਖ''[16] ਹੈ ਅਤੇ ਇਸ ਦੀ ਵਰਤੋਂ ਮੁਰਦਿਆਂ ਦੇ ''ਅਦਿੱਖ *[ਸੰਸਾਰ]*'' ਲਈ ਕੀਤੀ ਜਾਂਦੀ ਹੈ। ਥੇਅਰ ਨੇ ਲੂਕਾ 16 ਵਿਚ ਵਰਤੇ ਗਏ ਸ਼ਬਦ ਦੀ ਪਰਿਭਾਸ਼ਾ ''ਦੇਹ ਰਹਿਤ ਆਤਮਾਵਾਂ ਦੀ ਆਮ ਥਾਂ''[17] ਦੇ ਰੂਪ ਵਿਚ ਕੀਤੀ ਹੈ। ਅੱਜ ''ਪਤਾਲ'' ਸ਼ਬਦ ਦੀ ਵਰਤੋਂ ''ਨਰਕ'' ਲਈ ਨਰਮ ਸ਼ਬਦ ਦੇ ਰੂਪ ਵਿਚ ਕੀਤੀ ਜਾਂਦੀ ਹੈ,[18] ਪਰ ਨਰਕ *ਗੇਹੰਨਾ* ਦੁਸ਼ਟ ਮੁਰਦਿਆਂ ਦੀ ਆਖ਼ਰੀ ਅਵਸਥਾ ਹੈ। ਜਦਕਿ ਅਸੀਂ ਵੇਖਾਂਗੇ ਕਿ ਹੇਡਿਸ ਜਾਂ ਪਤਾਲ ਸਾਰੇ ਮੁਰਦਿਆਂ ਦੀ ਭਾਵੇਂ ਉਹ ਚੰਗੇ ਹੋਣ ਜਾਂ ਮਾੜੇ, ਵਿਚਕਾਰਲੀ ਅਵਸਥਾ ਹੈ।




ਰੇਖਾਚਿੱਤਰ ਨੂੰ ਫੇਰ ਤੋਂ ਵੇਖੋ। ਧਿਆਨ ਦਿਓ ਕਿ ਪਤਾਲ ਦੇ ਸੰਸਾਰ ਵਿਚ ਘੱਟੋ ਘੱਟ ਦੋ ਵੱਖੋ ਵੱਖ ਸਥਾਨ ਹਨ। ਅਮੀਰ ਆਦਮੀ ਇਨ੍ਹਾਂ ਵਿੱਚੋਂ ਇਕ ਵਿਚ ਸੀ ਜਦਕਿ ਲਾਜ਼ਰ ਦੂਜੀ ਥਾਂ ਤੇ। ਤੁਹਾਨੂੰ ''ਵੱਡੀ ਖੱਡ'' ਨਾਮਕ ਇਕ ਭਾਗ ਵੀ ਵਿਖਾਈ ਦਏਗਾ।[19] ਆਓ ਉਸ ਅਮੀਰ ਆਦਮੀ ਦੀ ਅਵਸਥਾ ਤੋਂ ਸ਼ੁਰੂ ਕਰਦੇ ਹੋਏ ਆਮ ਵੇਰਵਿਆਂ ਤੇ ਹਰ ਪਹਿਲੂ ਤੇ ਵਿਚਾਰ ਕਰਦੇ ਹਾਂ, ''ਅਰ ਪਤਾਲ ਵਿਚ *ਦੁਖੀ ਹੋ ਕੇ* ਉਸ ਨੇ ਆਪਣੀਆਂ ਅੱਖੀਆਂ ਚੁੱਕੀਆਂ'' (ਲੂਕਾ 16:23)। ਮੈਂ ਅਮੀਰ ਆਦਮੀ ਦੀ ਥਾਂ ਨੂੰ ''ਦੁੱਖ'' ਲਿਖਿਆ ਹੈ।

''ਦੁੱਖ'' ਸ਼ਬਦ ਦੇ ਹੇਠਾਂ ਤੁਹਾਨੂੰ ''ਜਾਂ ਟਰਟਰਸ'' ਸ਼ਬਦ ਮਿਲਣਗੇ। ਇਹ ਸ਼ਬਦਾਵਲੀ 2 ਪਤਰਸ 2:4 ਤੋਂ ਲਈ ਗਈ ਹੈ ਜਿਸ ਵਿਚ ਸ਼ਬਦ ਇਹ ਹਨ ਕਿ ਅਮੀਰ ਆਦਮੀ ਆਪਣੇ ਆਪ ਨੂੰ ਆਪੇ ਲੱਭੇ: ''ਪਰਮੇਸ਼ੁਰ ਨੇ ਦੂਤਾਂ ਨੂੰ ਜਿਸ ਵੇਲੇ ਉਨ੍ਹਾਂ ਪਾਪ ਕੀਤਾ ਨਾ ਛੱਡਿਆ ਸਗੋਂ ਉਨ੍ਹਾਂ ਨੂੰ ਨਰਕ ਵਿਚ ਸੁੱਟ ਕੇ ਅੰਧਕੂਪਾਂ ਵਿਚ ਪਾ ਦਿੱਤਾ ਭਈ ਨਿਆਉਂ ਦੇ ਲਈ ਕਾਬੂ ਰਹਿਣ।'' 2 ਪਤਰਸ 2:4 ਵਿਚ ''ਨਰਕ'' ਸ਼ਬਦ *ਗੇਹੰਨਾ* ਸ਼ਬਦ ਦਾ ਅਨੁਵਾਦ ਨਹੀਂ ਹੈ, ਜਿਸ ਤੋਂ ਭਾਵ ਅਬਦੀ ਸਜ਼ਾ ਹੈ ਬਲਕਿ ਯੂਨਾਨੀ ਸ਼ਬਦ *ਟਾਰਟਰਸ* ਦਾ ਇਕ ਰੂਪ ਹੈ।[20] *Tartaros* ਦੀ ਵਰਤੋਂ ਯੂਨਾਨੀਆਂ ਵੱਲੋਂ ''ਹੇਡਿਸ ਦੇ ਉਸ ਭਾਗ'' ਲਈ ਕੀਤੀ ਜਾਂਦੀ ਸੀ ''ਜਿੱਥੇ ਦੁਸ਼ਟ ਲੋਕਾਂ ਨੂੰ ਰੱਖਿਆ ਜਾਂਦਾ ਅਤੇ

ਤਸੀਹੇ ਦਿੱਤੇ ਜਾਂਦੇ ਸਨ।''[21] NIV ਵਿਚ ਕਿਹਾ ਗਿਆ ਹੈ ਕਿ ਹੁਕਮ ਨਾ ਮੰਨਣਾ ਵਾਲੇ ਫ਼ਰਿਸ਼ਤਿਆਂ ਨੂੰ ''ਨਿਆਂ ਲਈ ਰੱਖੇ ਜਾਣ ਵਾਸਤੇ ਹਨੇਰ ਕੋਠਰੀਆਂ ਵਿਚ'' ਰੱਖਿਆ ਗਿਆ ਸੀ। ਧਿਆਨ ਦਿਓ ਕਿ ''ਨਿਆਂ'' ਅਜੇ ਹੋਇਆ ਨਹੀਂ ਸੀ, ਸੋ ਇਹ ਨਿਆਂ ਦੇ ਦਿਨ ਤੋਂ ਪਹਿਲਾਂ ਦੀ ਅਵਸਥਾ ਸੀ। ਸੋ ਇਹ ਨਿਆਂ ਦੇ ਦਿਨ ਤੋਂ ਪਹਿਲਾਂ ਦੀ ਹਾਲਤ ਸੀ। ਜਿਵੇਂ ਮੈਂ ਕਿਹਾ ਹੈ ਕਿ ਇਹ ਹਾਲਤ ਅਮੀਰ ਆਦਮੀ ਦੀ ਹਾਲਤ ਵਾਲੀ ਤਾਂ ਨਹੀਂ ਤਾਂ ਉਹਦੇ ਵਰਗੀ ਜ਼ਰੂਰ ਲਗਦੀ ਹੈ।

ਆਓ ਹੁਣ ਲਾਜ਼ਰ ਦੀ ਹਾਲਤ ਵੇਖਣ ਲਈ ਮੁੜਦੇ ਹਾਂ। ਮੈਂ ਉਸਦੀ ਹਾਲਤ ਲਈ ''ਅਬਰਾਹਾਮ ਦੀ ਗੋਦ'' ਲਿਖਿਆ ਹੈ, ਕਿਉਂਕਿ ਅਮੀਰ ਆਦਮੀ ਨੇ ''ਦੂਰੋਂ ਅਬਰਾਹਾਮ ਨੂੰ ਅਰ ਉਹ ਦੀ ਗੋਦ ਵਿਚ ਲਾਜ਼ਰ ਨੂੰ ਡਿੱਠਾ''(ਲੂਕਾ 16:23)। ''ਕਿਸੇ ਦੀ ਗੋਦ ਵਿਚ'' ਹੋਣ ਤੋਂ ਭਾਵ ਬਹੁਤ ਨੇੜੇ ਹੋਣਾ ਹੈ, ਨਜ਼ਦੀਕੀ ਸਬੰਧ ਅਤੇ ਗਲਬਾਤ ਨੂੰ ਵਿਖਾਉਂਦਾ ਸੀ।[22] ਜ਼ਾਹਿਰ ਹੈ ਕਿ ਲਾਜ਼ਰ ਅਨੰਦ ਅਤੇ ਸ਼ਾਂਤੀ ਵਿਚ ਸੀ। ਨਿਆਂ ਦੀ ਉਡੀਕ ਕਰਨ ਵਾਲੇ ਧਰਮੀਆਂ ਦੀ ਹਾਲਤ ਅਜਿਹੀ ਹੀ ਹੈ।

**''ਅਬਰਾਹਾਮ ਦੀ ਗੋਦ''** ਸ਼ਬਦਾਂ ਨੂੰ ਮੈਂ ਹੇਠਾਂ **''ਜਾਂ ਸੁਰਗ ਲੋਕ''** ਲਿਖਿਆ ਹੈ। ਇਹ ਨਾਮ ਯਿਸੂ ਦੇ ਪਤਾਲ ਲੋਕ ਵਿਚ ਉਸ ਦੇ ਜਾਣ ਤੋਂ ਲਿਆ ਗਿਆ ਹੈ। ਸਲੀਬ ਉੱਤੇ ਉਸ ਨੇ ਡਾਕੂ ਨੂੰ ਕਿਹਾ ਸੀ, ''ਅੱਜ ਤੂੰ ਮੇਰੇ ਸੰਗ ਸੁਰਗ ਲੋਕ ਵਿਚ ਹੋਵੇਂਗਾ'' (ਲੂਕਾ 23:43)। ''ਸੁਰਗ ਲੋਕ'' ਇਕ ਫ਼ਾਰਸੀ ਸ਼ਬਦ ਫ਼ਿਰਦੌਸ ਤੋਂ ਲਿਆ ਗਿਆ ਹੈ। ਜਿਸਦਾ ਅਰਥ ''ਅਨੰਦ ਦੀ ਥਾਂ ਅਤੇ ਅਨੰਦ ਦਾ ਬਾਗ'' ਹੈ।[23] ਬਾਈਬਲ ਵਿਚ ਕਈ ਵਾਰ ਇਸ ਸ਼ਬਦ ਦੀ ਵਰਤੋਂ ਸੁਰਗ ਲਈ ਹੋਈ ਹੈ (ਵੇਖੋ ਪ੍ਰਕਾਸ਼ ਦੀ ਪੋਥੀ 2:7), ਪਰ ਇੱਥੇ ਇਸ ਦਾ ਅਰਥ ਇਹ ਨਹੀਂ ਹੋ ਸਕਦਾ, ਕਿਉਂਕਿ ਸੁਰਗ ਲੋਕ ਵਿਚ ਥੋੜ੍ਹੀ ਦੇਰ ਰਹਿਣ ਦੇ ਬਾਅਦ ਯਿਸੂ ਨੇ ਕਿਹਾ ਸੀ ਕਿ ਉਹ ''ਅਜੇ ਪਿਤਾ ਦੇ ਕੋਲ ਉੱਪਰ ਨਹੀਂ ਗਿਆ'' ਸੀ (ਯੂਹੰਨਾ 20:17)। ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਆਪਣੇ ਸਰਮਨ ਵਿਚ, ਸੰਕੇਤ ਦਿੱਤਾ ਸੀ ਕਿ ਯਿਸੂ ਦੀ ਦੇਹ ਭਾਵੇਂ ਕਬਰ ਵਿਚ ਸੀ ਪਰ ਉਸਦੀ ਆਤਮਾ ''ਹੇਡਿਸ'' ਭਾਵ ਪਤਾਲ ਲੋਕ ਵਿਚ ਹੀ ਸੀ (ਰਸੂਲਾਂ ਦੇ ਕੰਮ 2:31)।[24] ਲੂਕਾ 23:43 ਅਤੇ ਰਸੂਲਾਂ ਦੇ ਕੰਮ 2:31 ਨੂੰ ਮਿਲਾਉਣ ਤੇ ਅਸੀਂ ਨਿਚੋੜ ਕੱਢਦੇ ਹਾਂ ਕਿ ਯਿਸੂ ਦੀ ਆਤਮਾ ਪਤਾਲ ਲੋਕ ਦੇ ਉਸ ਹਿੱਸੇ ਵਿਚ ਸੀ ਜਿਸ ਨੂੰ ''ਸੁਰਗ ਲੋਕ'' ਕਿਹਾ ਜਾ ਸਕਦਾ ਹੈ। ਕਈ ਸ਼ਬਦਾਂ ਵਿਚ ਇਹ ਦੋਵੇਂ ਵਾਕਅੰਸ਼ ਧਰਮੀ ਮੁਰਦਿਆਂ ਦੀ ਹਾਲਤ ਨੂੰ ਦੱਸਦੇ ਹਨ, ਉਸ ਹਾਲਤ ਨੂੰ ਜਿਸ ਵਿਚ ਉਹ ਨਿਆਂ ਦੀ ਉਡੀਕ ਕਰਦੇ ਹਨ, ਪਰ ਇਹ ਹਾਲਤ ਸ਼ਾਂਤੀ, ਅਨੰਦ ਅਤੇ ਸੁਰੱਖਿਆ ਨਾਲੋਂ ਫ਼ਰਕ ਹਨ।

ਇਹ ਵੇਖਣ ਦੇ ਬਾਅਦ ਕਿ ਦੋ ਹਾਲਤਾਂ ਹਨ ਜਿਨ੍ਹਾਂ ਵਿਚ ਨਿਆਂ ਦੀ ਉਡੀਕ ਕੀਤੀ ਜਾ ਸਕਦੀ ਹੈ–ਉਨ੍ਹਾਂ ਵਿਚ ਇਕ ਸ਼ਾਂਤੀ ਅਤੇ ਸੁਰੱਖਿਆ ਵਾਲੀ ਹੈ ਅਤੇ ਇਕ ਭੈਅ ਅਤੇ ਸੰਤਾਪ ਵਾਲੀ। ਸਾਨੂੰ ਇਹ ਸਵਾਲ ਉਠਾਉਣਾ ਚਾਹੀਦਾ ਹੈ ਕਿ ''ਪਰ ਜੇ ਧਰਮੀ ਲੋਕ ਪਹਿਲਾਂ ਹੀ ਖੁਸ਼ ਹਨ ਅਤੇ ਦੁਸ਼ਟ ਲੋਕ ਪਹਿਲਾਂ ਹੀ ਸਤਾਅ ਵਿਚ ਹਨ ਤਾਂ ਨਿਆਂ ਵਾਲੇ ਦਿਨ ਦਾ ਕੀ ਤੁਕ ਹੈ?''[25] ਮੈਨੂੰ ਇਹ ਮੰਨਣ ਵਿਚ ਕੋਈ ਇਤਰਾਜ਼ ਨਹੀਂ ਹੈ ਕਿ ਇਸ ਦੁਨੀਆਂ ਦੇ ਅੱਗੇ ਦੀ ਜ਼ਿੰਦਗੀ ਦੀ ਚਰਚਾ ਦੀਆਂ ਸਾਡੀਆਂ ਕੋਸ਼ਿਸ਼ਾਂ ਦੇ ਮੁਕਾਬਲੇ ਦੋ ਅਣਜੰਮੇ ਬੱਚਿਆਂ ਵੱਲੋਂ ਇਹ ਅੰਦਾਜ਼ਾ ਲਾਉਣ ਨਾਲ ਕੀਤੀ ਜਾ ਸਕਦੀ ਹੈ ਕੁੱਖ ਵਿੱਚੋਂ ਬਾਹਰ ਦੀ ਜ਼ਿੰਦਗੀ ਵਿਚ ਉਹ ਕਿਹੋ ਜਿਹੇ ਹੋਣਗੇ। ਸਾਡੇ ਜਵਾਬ ਨਾਲ ਸਾਡੀ ਅਗਿਆਨਤਾ ਦਾ ਹੀ ਪਤਾ ਲੱਗੇਗਾ। ਪਰ ਇਸ ਸਵਾਲ ਤੇ ਕੁਝ ਟਿੱਪਣੀਆਂ ਲਾਹੇਵੰਦ ਹੋਣਗੀਆਂ। ਇਕ ਜਵਾਬ ਇਹ ਹੋ ਸਕਦਾ ਹੈ ਕਿ ਨਿਆਂ ਵਾਲਾ ਦਿਨ ਸਜ਼ਾ ਦੇਣ ਦੇ ਦਿਨ ਵਾਂਗ ਹੀ ਕਿਆਮਤ ਦਾ ਦਿਨ ਨਹੀਂ ਹੋਵੇਗਾ ਜਿਸ ਵਿਚ ਕਸੂਰਵਾਰ ਅਤੇ ਬੇਦੋਸ਼ੇ ਦਾ ਪਤਾ ਲੱਗਣ ਵਿਚ ਸਮਾਂ ਲਗ ਜਾਵੇ, ਪਰ ਇਕ ਅਜਿਹਾ ਦਿਨ ਹੋਵੇਗਾ ਜਿਸ ਵਿਚ ਖ਼ੁਦਾ ਦੀ ਕਿਰਪਾ ਅਤੇ ਨਿਆਂ ਦੋਵੇਂ ਹੀ ਪੂਰੀ ਤਰ੍ਹਾਂ ਵਿਖਾਏ ਜਾਣਗੇ।

ਪਰ ਇਸ ਦਾ ਆਖ਼ਰੀ ਜਵਾਬ ਸ਼ਾਇਦ ਇਸ ਸਮਝ ਵਿਚ ਹੈ ਕਿ ਜਦ ਅਸੀਂ ''ਤਕਲੀਫ਼'' ਅਤੇ ''ਅਬਰਾਹਾਮ ਦੀ ਗੋਦ'' ਦੀ ਗੱਲ ਕਰਦੇ ਹਾਂ ਤਾਂ ਅਸੀਂ ਥਾਵਾਂ ਦੀ ਗੱਲ ਨਹੀਂ ਬਲਕਿ ਅਵਸਥਾ

ਜਾਂ ਹਾਲਤ ਦੀ ਗੱਲ ਕਰਦੇ ਹਾਂ। ਅਧਰਮੀ ਆਤਮਾ *ਜਿੱਥੇ ਵੀ* ਹੋਵੇ ਇਹ ਜਾਣਦੇ ਹੋਏ ਕਿ ਨਿਆਂ ਵਾਲੇ ਦਿਨ ਉਸ ਵਿਚ ਕਮੀਆਂ ਪਾਈਆਂ ਜਾਣਗੀਆਂ, ਉਡੀਕ ਕਰਦਿਆਂ ਦੁੱਖੀ ਹੀ ਹੋਵੇਗੀ। ਧਰਮੀ ਆਦਮੀ *ਜਿੱਥੇ ਵੀ* ਹੋਵੇ, ਉਸ ਨੂੰ ਪਤਾ ਹੋਵੇਗਾ ਕਿ ਨਿਆਂ ਵਾਲੇ ਦਿਨ ਖ਼ੁਦਾ ਉਸ ਨੂੰ ਆਖੇਗਾ, ''ਹੇ ਚੰਗੇ ਅਤੇ ਮਾਤਬਰ ਚਾਕਰ ਸ਼ਾਬਾਸ਼ੇ, ...'' (ਮੱਤੀ 25:21ੳ, 23ੳ) ਅਤੇ ਉਡੀਕ ਕਰਦਿਆਂ ਉਹ ਖੁਸ਼ ਹੋਵੇਗਾ।

ਅਗਲੀ ਉਦਾਹਰਣ ਮਦਦਗਾਰ ਹੋ ਵੀ ਸਕਦੀ ਹੈ ਅਤੇ ਨਹੀਂ ਵੀ। ਕਲਪਨਾ ਕਰੋ ਕਿ ਤੁਹਾਡੇ ਉੱਤੇ ਇਕ ਖ਼ਤਰਨਾਕ ਜੁਰਮ ਦਾ ਇਲਜ਼ਾਮ ਹੈ ਅਤੇ ਤੁਸੀਂ *ਬਿਨਾਂ ਕਿਸੇ ਸ਼ੱਕ ਦੇ* ਜਾਣਦੇ ਹੋਏ ਕਿ ਫ਼ੈਸਲਾ ਸਹੀ ਹੀ ਹੋਵੇਗਾ, ਫ਼ੈਸਲੇ ਦੀ ਉਡੀਕ ਕਰ ਰਹੇ ਹੋ। ਜੇ ਤੁਸੀਂ ਬੇਕਸੂਰ ਹੋ, ਤਾਂ ਤੁਹਾਨੂੰ ਬਰੀ ਕਰ ਦਿੱਤਾ ਜਾਵੇਗਾ। ਇਸ ਤਸੱਲੀ ਨਾਲ ਤੁਸੀਂ ਪੂਰੇ ਅਨੰਦ ਅਤੇ ਸ਼ਾਂਤੀ ਨਾਲ ਮੁਕੱਦਮੇ ਦੀ ਉਡੀਕ ਕਰ ਸਕਦੇ ਹੋ। ਪਰ ਜੇ ਤੁਸੀਂ ਕਸੂਰਵਾਰ ਹੋ ਤਾਂ ਯਕੀਨਨ ਹੀ ਤੁਸੀਂ ਅੱਗੇ ਆਉਣ ਵਾਲੀ ਸਜ਼ਾ ਦੇ ਡਰ ਨਾਲ ਸਹਿਮੇ ਹੋਏ ਰਹੋਗੇ। ਇਹ ਉਦਾਹਰਣ ਆਪਣੇ ਆਪ ਵਿਚ ਪੂਰੀ ਨਹੀਂ ਹੈ ਪਰ ਘਟੋ ਘੱਟ ਇਸ ਨਾਲ ਆਖ਼ਰੀ ਨਿਆਂ ਤੋਂ ਪਹਿਲਾਂ ਦੀਆਂ ਦੋ ਵੱਖੋ ਵੱਖ ਭਾਵਨਾਵਾਂ ਦਾ ਪਤਾ ਲਗਦਾ ਹੈ।

ਕੋਈ ਮੇਰੇ ਰੇਖਾਚਿੱਤਰ ਨੂੰ ਵੇਖ ਕੇ ਪੁੱਛ ਸਕਦਾ ਹੈ, ''ਭਲਾ ਇਹ ਪਰਾਸਚਿਤ *[*ਪਰਗੇਟਰੀ ਦੀ ਸਿੱਖਿਆ*]* ਤੇ ਵਿਚਾਰ ਵਰਗੀ ਨਹੀਂ ਹੈ?'' ਬਿਲਕੁਲ ਨਹੀਂ। ਪਰਗੇਟਰੀ ਜਾਂ ਪਰਾਸਚਿਤ ਦੀ ਪੂਰੀ ਧਾਰਨਾ ਹੀ ਬਾਈਬਲ ਤੋਂ ਬਾਹਰ ਦੀ ਹੈ।[26] ਪਹਿਲੀ ਗੱਲ ਇਹ ਕਿ ਇਹ ਸ਼ਬਦ ਹੀ ਬਾਈਬਲ ਦੇ ਨਹੀਂ ਹੈ। ਪਰਗੇਟਰੀ ਦੀ ਸਿੱਖਿਆ ਵਿਚ ਇਹ ਵਿਚਾਰ ਪਾਇਆ ਜਾਂਦਾ ਹੈ ਕਿ ਆਤਮਾ ਸੋਗ ਦੀ ਹਾਲਤ (ਪਰਗੇਟਰੀ) ਤੋਂ ਅਨੰਦ ਦੀ ਹਾਲਤ (ਸੁਰਗ) ਵਿਚ ਜਾਂਦੀ ਹੈ। ਇਸ ਨੂੰ ਦੂਜੇ ਢੰਗ ਨਾਲ ਕਹੀਏ ਤਾਂ ਇਸ ਸਿੱਖਿਆ ਦੇ ਅਨੁਸਾਰ ਮਨੁੱਖ ਨੂੰ ਮਰਨ ਦੇ ਬਾਅਦ ''ਦੂਜਾ ਮੌਕਾ'' ਮਿਲ ਸਕਦਾ ਹੈ। ਰੇਖਾਚਿੱਤਰ ਨੂੰ ਫਿਰ ਤੋਂ ਵੇਖੋ ਕਿ **''ਵੱਡੀ ਖਡ''** ਤੇ ਧਿਆਨ ਦਿਓ। ਅਬਰਾਹਾਮ ਨੇ ਅਮੀਰ ਆਦਮੀ ਨੂੰ ਦੱਸਿਆ ਸੀ ਕਿ ''ਸਾਡੇ ਅਤੇ ਤੁਹਾਡੇ ਵਿਚ ਇਕ ਵਡੀ ਖੱਡ ਪਈ ਹੈ ਤਾਂ ਜੋ ਓਹ ਜਿਹੜੇ ਐਥੋਂ ਤੁਹਾਡੇ ਕੋਲ ਪਾਰ ਲੰਘਣਾ ਚਾਹੁਣ ਉਹ ਨਾ ਲੰਘ ਸਕਣ ਨਾ ਓਧਰੋਂ ਕੋਈ ਸਾਡੇ ਕੋਲ ਏਸ ਪਾਸੇ ਆਉਣ'' (ਲੂਕਾ 16:26;)। ਬਾਈਬਲ ਦੱਸਦੀ ਹੈ ਕਿ ਕੋਈ ਦੂਜਾ ਮੌਕਾ ਨਹੀਂ ਹੈ।

- ਪ੍ਰਕਾਸ਼ ਦੀ ਪੋਥੀ 2:10: ਜੇ ਕੋਈ ''*ਮਰਨ ਤੋੜੀ* ਵਫ਼ਾਦਾਰ'' ਰਹਿੰਦਾ ਹੈ ਤਾਂ ਪ੍ਰਭੂ ਉਸ ਨੂੰ ''ਜੀਵਨ ਦਾ ਮੁਕਟ'' ਦਏਗਾ।
- 2 ਕੁਰਿੰਥੀਆਂ 5:10. ''ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ *ਜੋ ਕੁਝ ਉਸ ਨੇ ਦੇਹੀ ਵਿਚ ਕੀਤਾ* ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ।''–ਉਸ ਦੇ ਅਨੁਸਾਰ ਨਹੀਂ ਜੋ ਉਸ ਨੇ ਦੇਹ ਤਿਆਗ ਦੇਣ ਦੇ ਬਾਅਦ ਕੀਤਾ ਹੋਵੇ।
- *ਯੂਹੰਨਾ 8:21.* ਜੇ ਕੋਈ ਆਪਣੇ ਪਾਪਾਂ ਵਿਚ ਹੀ *ਮਰਦਾ ਹੈ,* ਤਾਂ ਉਹ ਉੱਥੇ *ਨਹੀਂ* ਜਾ ਸਕਦਾ ਜਿੱਥੇ ਮਸੀਹ ਹੈ।

## ਸਾਰ

ਮੈਂ ਤੁਹਾਨੂੰ ਉਹੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਜੋ ਮੇਰਾ ਮੰਨਣਾ ਹੈ ਕਿ ਬਾਈਬਲ ''ਮੁਰਦੇ ਕਿੱਥੇ ਹਨ?'' ਦੇ ਸਵਾਲ ਦੇ ਜਵਾਬ ਬਾਰੇ ਦਸਦੀ ਹੈ। ਖ਼ੁਦਾ ਨੇ ਸਾਨੂੰ ਦੱਸਣ ਲਈ ਸਿਰਫ਼ ਐਨਾ ਹੀ ਚੁਣਿਆ ਹੈ। ਸਾਨੂੰ ਇਸ ਨਾਲ ਹੀ ਸੰਤੁਸ਼ਟ ਹੋਣਾ ਪਵੇਗਾ। ਅਖ਼ੀਰ ਵਿਚ ਮੈਂ ਇਸ ਸਵਾਲ ਨੂੰ ਹੋਰ ਵਿਹਾਰਕ ਅਤੇ ਨਿੱਜੀ ਬਣਾਉਂਦਾ ਹਾਂ। ਜੇ ਅਗਲੇ ਪੰਜ ਮਿਨਟਾਂ ਵਿਚ ਤੁਹਾਡੀ ਮੌਤ ਹੋ ਜਾਵੇ ਤਾਂ ਤੁਸੀਂ

ਕਿੱਥੇ ਹੋਵੋਗੇ। ਇਹੀ ਗੱਲ ਸਚੁਮਚ ਤੁਹਾਡੀ ਪਰੇਸ਼ਾਨੀ ਹੋਣੀ ਚਾਹੀਦੀ ਹੈ।

ਮਸੀਹ ਸਾਨੂੰ ਉਸ ਵਿਚ ਵਿਸ਼ਵਾਸ ਲਿਆਉਣ (ਯੂਹੰਨਾ 8:24) ਆਪਣੇ ਪਾਪਾਂ ਤੋਂ ਤੌਬਾ ਕਰਨ (ਲੂਕਾ 13:3), ਉਸ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ (ਮੱਤੀ 10:32), ਅਤੇ ਆਪਣੇ ਪਾਪਾਂ ਦੀ ਮਾਫ਼ੀ ਲਈ ਪਾਣੀ ਵਿਚ ਡੁਬਕੀ ਲੈਣ ਲਈ ਆਖਦਾ ਹੈ (ਮਰਕੁਸ 16:16; ਰਸੂਲਾਂ ਦੇ ਕੰਮ 2:38; ਰੋਮੀਆਂ 6:3–6)। ਫਿਰ ਅਸੀਂ ਬਾਕੀ ਜ਼ਿੰਦਗੀ ਵਿਚ ਹਰ ਰੋਜ਼ ਉਸ ਦੇ ਨਾਲ ਚੱਲਣਾ ਹੈ (ਪ੍ਰਕਾਸ਼ ਦੀ ਪੋਥੀ 2:10)। ਕੀ ਤੁਸੀਂ ਇਹ ਸਭ ਗੱਲਾਂ ਕਰ ਲਈਆਂ ਹਨ? ਕੀ ਤੁਸੀਂ ਭਰੋਸੇ ਅਤੇ ਆਗਿਆਕਾਰਿਤਾ ਦੀ ਜ਼ਿੰਦਗੀ ਜੀ ਰਹੇ ਹੋ? ਜੇ ਤੁਹਾਡਾ ਜਵਾਬ ''ਨਹੀਂ'' ਵਿਚ ਹੈ ਤਾਂ ਮੇਰੀ ਦੁਆ ਹੈ ਕਿ ਤੁਸੀਂ ਹੁਣੇ ਪ੍ਰਭੂ ਦੀ ਗੱਲ ਮੰਨ ਲਵੋ। ਇਸ ਤੋਂ ਵੱਧ ਕੇ ਕੁਝ ਨਹੀਂ ਹੈ!

## ਨੋਟਸ

ਮੈਨੂੰ ਨਹੀਂ ਲਗਦਾ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਵਿਚਾਰ ਮੇਰੇ ਆਪਣੇ ਹੋਣਗੇ। ਜਿੱਥੋਂ ਤਕ ਮੈਨੂੰ ਯਾਦ ਹੈ, ਇੰਜੀਲ ਦੇ ਵਫ਼ਾਦਾਰ ਪ੍ਰਚਾਰਕਾਂ ਵੱਲੋਂ ਵੱਖੋ ਵੱਖ ਢੰਗ ਨਾਲ ਪਹਿਲਾਂ ਵੀ ਇਸ ਤੇ ਪ੍ਰਚਾਰ ਕੀਤਾ ਜਾ ਚੁੱਕਿਆ ਹੈ। ਮੈਨੂੰ ਯਾਦ ਨਹੀਂ ਹੈ ਕਿ ਮੈਂ ਕਿਸ ਕਿਸ ਦੀਆਂ ਗੱਲਾਂ ਵਿੱਚੋਂ ਲਿਆ ਹੈ, ਇਸ ਕਰਕੇ ਮੈਂ ਉਨ੍ਹਾਂ *ਸਾਰਿਆਂ* ਦਾ ''ਸ਼ੁਕਰੀਆ'' ਕਰਨਾ ਚਾਹਾਂਗਾ, ਜਿਨ੍ਹਾਂ ਨੇ ਇਸ ਵਿਸ਼ੇ ਤੇ ਪ੍ਰਚਾਰ ਕੀਤਾ ਜਾਂ ਲਿਖਿਆ ਹੈ।

ਹਾਲ ਹੀ ਦੇ ਸਮੇਂ ਤਕ ਮੈਨੂੰ ਇਹ ਪਤਾ ਨਹੀਂ ਸੀ ਕਿ ਮਸੀਹੀ ਭਾਈਚਾਰੇ ਵਿਚ ਇਸ ਸਰਮਨ ਦੇ ਨਿਚੋੜਾਂ ਤੇ ਕੁਝ ਅਸਹਿਮਤੀ ਪਾਈ ਜਾਂਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਤੋਂ ਧਰਮੀ ਮੁਰਦੇ ਸਿੱਧੇ ਹੀ ਸੁਰਗ ਵਿਚ ਜਾਂਦੇ ਹਨ। ਉਨ੍ਹਾਂ ਲੋਕਾਂ ਦੀ ਇੱਜ਼ਤ ਕਰਦਿਆਂ ਮੈਂ ''ਭਲਾ ਧਰਮੀ ਮੁਰਦੇ ਸਿਧੇ ਸੁਰਗ ਵਿਚ ਜਾਂਦੇ ਹਨ?'' ਤੇ ਇਕ ਵਾਧੂ ਲੇਖ ਦੇ ਰਿਹਾ ਹਾਂ। ਲੂਕਾ 16:19–31 ਵਿਚ ਵਿਖਾਈ ਗਈ ਹਾਲਤ ਤੇ ਯਕੀਨ ਕਰਨ ਵਾਲਿਆਂ ਨੂੰ ਲੱਗੇਗਾ ਕਿ ਕੀਮਤੀ ਕਾਗਜ਼ ਬੇਕਾਰ ਗਿਆ ਹੈ। ਇਹ ਮੰਨਣ ਵਾਲਿਆਂ ਨੂੰ ਕਿ ਅੱਜ ਇਸ ਤਰ੍ਹਾਂ ਨਹੀਂ ਹੁੰਦਾ, ਲੱਗੇਗਾ ਕਿ ਮੈਂ ਉਨ੍ਹਾਂ ਦੇ ਤਰਕਾਂ ਦਾ ਜਵਾਬ ਸਹੀ ਢੰਗ ਨਾਲ ਨਹੀਂ ਦਿੱਤਾ। ਪਿਲਾਤੁਸ ਦੇ ਸ਼ਬਦਾਂ ਤੋਂ ਲੈਂਦਿਆਂ ਮੈਂ ਆਖਦਾ ਹਾਂ, ''ਮੈਂ ਜੋ ਲਿਖਿਆ ਸੋ ਲਿਖਿਆ'' (ਯੂਹੰਨਾ 19:22)।

ਭਾਵੇਂ ਇਹ ਸਰਮਨ ਐਨਾ ਲੰਮਾ ਹੈ ਕਿ ਹਰ ਥਾਂ ਇਸ ਵਿੱਚੋਂ ਪ੍ਰਚਾਰ ਕਰਨਾ ਮੁਸ਼ਕਿਲ ਹੋ ਸਕਦਾ ਹੈ। ਪਰ ਇਸ ਨੂੰ ਪਰਗੇਟਰੀ ਵਰਗੇ ਵਾਧੂ ਵਿਸ਼ਿਆਂ ਨੂੰ ਬਿਨਾਂ ਛੇੜੇ ਛੋਟਾ ਕੀਤਾ ਜਾ ਸਕਦਾ ਹੈ। ਇਸ ਸਮੱਗਰੀ ਦੀ ਵਰਤੋਂ ਦੋ ਹਿੱਸਿਆਂ ਵਿਚ ਸਰਮਨ ਜਾਂ ਕਲਾਸ ਦੇ ਰੂਪ ਵਿਚ ਵੀ ਕੀਤੀ ਜਾ ਸਕਦੀ ਹੈ।

---

ਟਿੱਪਣੀਆਂ

[1]ਕੁਝ ਲੋਕ ਇਬਰਾਨੀਆਂ 12:1 ਦੀ ਵਰਤੋਂ ਇਹ ਸਿਖਾਉਣ ਲਈ ਕਰਦੇ ਹਨ ਕਿ ਸਾਡੇ ਆਲੇ ਦੁਆਲੇ ਮਰੇ ਹੋਏ ਲੋਕਾਂ ਦੀਆਂ ਰੂਹਾਂ ਘੁੰਮਦੀਆਂ ਰਹਿੰਦੀਆਂ ਹਨ। ਇਬਰਾਨੀਆਂ 12:1–4 ਵਿਚ ਮਸੀਹੀ ਜ਼ਿੰਦਗੀ ਵਿਚ ਬਣੇ ਰਹਿਣ ਨੂੰ ਸਿਖਾਉਣ ਲਈ ਇਕ ਕੌਮ ਦੇ ਰੂਪਕ ਦੀ ਵਰਤੋਂ ਕੀਤੀ ਗਈ ਹੈ। ਸਾਨੂੰ ਕਿਸੇ ਉਦਾਹਰਣ ਦੀਆਂ ਗੱਲਾਂ ਵਿੱਚੋਂ ਡਾਕਟਰੀਨ ਨਹੀਂ ਬਣਾ ਲੈਣੀ ਚਾਹੀਦੀ। [2]ਲੂਕਾ 16 ਵਾਲਾ ਲਾਜ਼ਰ ਉਹੀ ਲਾਜ਼ਰ ਨਹੀਂ ਹੈ ਜਿਹੜਾ ਬੈਤਅਨੀਆ ਵਿਚ ਰਹਿੰਦਾ ਸੀ ਅਤੇ ਯਿਸੂ ਦਾ ਦੋਸਤ ਸੀ (ਯੂਹੰਨਾ 11)। [3]*ਮਸੀਹ ਦੀ ਜ਼ਿੰਦਗੀ, 4* ਵਿਚ ''ਨਰਕ 'ਚੋਂ ਚਿੱਠੀ'' ਸਰਮਨ ਵੇਖੋ। [4]*ਮਸੀਹ ਦੀ ਜ਼ਿੰਦਗੀ, 4* ਵਿਚ ''ਮੈਨੂੰ ਕਹਾਣੀ ਸੁਣਾਓ'' ਪਾਠ ਵਿਚ ਚਰਚਾ ਵੇਖੋ ਕਿ ਲੂਕਾ 16:19–31 ਇਕ ''ਦ੍ਰਿਸ਼ਟਾਂਤ'' ਹੈ ਜਾਂ ਨਹੀਂ। [5]ਯਿਸੂ ਦੀ ਗੱਲ ਦੇ ਸਬੰਧ ਵਿਚ, *ਮਸੀਹ ਦੀ ਜ਼ਿੰਦਗੀ, 4* ਕਿਤਾਬ ਵਿਚ ''ਮੈਨੂੰ ਕਹਾਣੀ ਸੁਣਾਓ'' ਪਾਠ ਵਿਚ ਮਿਲਣ ਵਾਲੇ ਸੰਦਰਭ

ਤੇ ਟਿੱਪਣੀਆਂ ਵੇਖੋ। [6]ਦ੍ਰਿਸ਼ਟਾਂਤ ਤੇ ਚਰਚਾ ਲਈ *ਮਸੀਹ ਦੀ ਜ਼ਿੰਦਗੀ, 3* ਕਿਤਾਬ ਵਿਚ ''ਅਤੇ ਉਸ ਨੇ ਦ੍ਰਿਸ਼ਟਾਂਤਾਂ ਨਾਲ ਬਹੁਤ ਸਾਰੀਆਂ ਗੱਲਾਂ ਕੀਤੀਆਂ'' ਪਾਠ ਵੇਖੋ। [7]ਅਜਿਹੇ ਲੋਕ ਹਨ, ਜਿਨ੍ਹਾਂ ਦਾ ਮੰਨਣਾ ਹੈ ਕਿ ਲੂਕਾ 16 ਅਧਿਆਇ ਮਸੀਹ ਦੀ ਮੌਤ *ਤੋਂ ਪਹਿਲਾਂ* ਦੇ ਮੁਰਦਿਆਂ ਦੀ ਹਾਲਤ ਦਾ ਸਹੀ ਸਹੀ ਵੇਰਵਾ ਹੈ, ਅਰ ਉਸਦੀ ਮੌਤ *ਤੇ* ਬਾਅਦ ਦਾ ਨਹੀਂ। ਇਸ ਸਥਿਤੀ ਦੀ ਚਰਚਾ ''ਭਲਾ ਧਰਮੀ ਮੁਰਦੇ ਸਿੱਧੇ ਸੁਰਗ ਵਿਚ ਜਾਣਗੇ?'' ਪਾਠ ਵਿਚ ਕੀਤੀ ਗਈ ਹੈ। [8]ਉਹ ਕਹਿ ਸਕਦੇ ਹਨ, ''ਕਬਰ ਵਿਚ''–ਪਰ ਸਰੀਰ ਤਾਂ ਗਲ ਜਾਂਦਾ ਹੈ ਅਤੇ ਮਿੱਟੀ ਵਿਚ ਮਿਲ ਜਾਂਦਾ ਹੈ, ਉਨ੍ਹਾਂ ਦਾ ਆਖ਼ਰੀ ਜਵਾਬ ਇਹੀ ਹੈ ਕਿ ''ਕਿਤੇ ਨਹੀਂ।'' [9]ਅਸੀਂ ਪਾਪ ਵਿਚ *ਮਰੇ ਹੋਏ* ਹੁੰਦੇ ਹਾਂ (ਅਫ਼ਸੀਆਂ 2:1) ਜਦ ਸਾਡੇ ਪਾਪ ਸਾਨੂੰ ਖ਼ੁਦਾ ਤੋਂ ਅਡ ਕਰ ਦਿੰਦੇ ਹਨ (ਯਸਾਯਾਹ 59:1, 2)। ਸਰੀਰ ਵਿੱਚੋਂ ਆਤਮਾ ਦੇ ਨਿੱਕਲ ਜਾਣ ਤੇ ਅਸੀਂ ਸਰੀਰਕ ਰੂਪ ਵਿਚ *ਮੁਰਦਾ* ਹੁੰਦੇ ਹਾਂ (ਯਾਕੂਬ 2:26)। ''ਦੂਜੀ *ਮੌਤ*'' (ਪ੍ਰਕਾਸ਼ ਦੀ ਪੋਥੀ 20:14) ਹਮੇਸ਼ਾ ਲਈ ਖ਼ੁਦਾ ਤੋਂ ਅਡ ਹੋਣ ਵੇਲੇ ਹੁੰਦੀ ਹੈ (2 ਥੱਸਲੁਨੀਕੀਆਂ 1:9)। [10]ਸੀ. ਜੀ. ਵਿਲਕੇ ਐਂਡ ਵਿਲਿਬਲਡ ਗ੍ਰਿਮ, *ਏ ਗ੍ਰੀਕ–ਇੰਗਲਿਸ਼ ਲੈੱਕਸਿਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁ. ਅਤੇ ਸੋਧ. ਜੋਸੇਫ਼ ਐਚ. ਥੇਅਰ [ਐਡਿਨਬਰਗ, ਸਕੋਟਲੈਂਡ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ ਗੈਂਡ ਰੈਪਿਡਸ; ਮਿਸ਼ਿਗਨ: ਬੇਕਰ ਬੁਕ ਹਾਊਸ, 1977], 677.

[11]ਥੇਅਰ, 520. [12]ਇਹ ਗੱਲ ਕਿ ਇਹ ਹਾਲਤ ਸਲੀਬ ਤੇ ਯਿਸੂ ਦੀ ਮੌਤ ਦੇ ਵਕਤ ਬਦਲ ਗਈ ਅਤੇ ਲੂਕਾ 16 ਅੱਜ ਲਾਗੂ ਨਹੀਂ ਹੁੰਦਾ, ਇਸ ਕਿਤਾਬ ਵਿਚ ਅਗਲੇ ਪਾਠ ''ਭਲਾ ਧਰਮੀ ਮੁਰਦੇ ਸਿੱਧੇ ਸੁਰਗ ਵਿਚ ਜਾਣਗੇ?'' ਵਿਚ ਵਿਚਾਰ ਕੀਤਾ ਗਿਆ ਹੈ। [13]ਅਜਿਹਾ ਹੀ ਇਤਰਾਜ ਪਤਾਲ ਲੋਕ ਦੀ ਧਾਰਨਾ ਵਿਚ ਕੀਤਾ ਜਾਂਦਾ ਹੈ। ਇਸ ਤੇ ''ਭਲਾ ਧਰਮੀ ਮੁਰਦੇ ਸਿੱਧੇ ਸੁਰਗ ਵਿਚ ਜਾਂਣਗੇ?'' ਪਾਠ ਵਿਚ ਵਿਚਾਰ ਕੀਤਾ ਜਾਏਗਾ। [14]ਮੈਂ ''ਭਲਾ ਧਰਮੀ ਮੁਰਦੇ ਸਿੱਧੇ ਸੁਰਗ ਵਿਚ ਜਾਣਗੇ?'' ਪਾਠ ਵਿਚ ਵਿਸਤਾਰ ਨਾਲ ਇਨ੍ਹਾਂ ਵਿਚਾਰਾਂ ਤੇ ਗੱਲ ਕਰਾਂਗਾ। [15]ਪੁਰਾਣਾ ਨੇਮ ਮੁਰਦਿਆਂ ਦੀ ਹਾਲਤ ਬਾਰੇ ਨਵੇਂ ਨੇਮ ਨਾਲੋਂ ਘੱਟ ਦਸਦਾ ਹੈ। ਇਬਰਾਨੀ ਸ਼ਬਦ *ਸਿਯੋਲ* ਯੂਨਾਨੀ ਸ਼ਬਦ *ਹੇਡਿਸ* ਨਾਲੋਂ ਬਹੁਤ ਆਮ ਅਤੇ (ਸਪਸ਼ਟ) ਹੈ। *ਸਿਓਲ* ਦੀ ਵਰਤੋਂ ਕਈ ਵਾਰ ਸਿਰਫ਼ ਕਬਰ ਵਾਸਤੇ ਕੀਤੀ ਜਾਂਦੀ ਹੈ। [16]ਥੇਅਰ ਦੇ ਲੈਕਸੀਕਨ ਵਿਚ ''ਵਿਖਾਈ ਨਾ ਦੇਣ ਵਾਲਾ'' ਹੈ, 11. [17]ਥੇਅਰ, 11. [18]ਕੁਝ ਉਲਝਣ ਸ਼ਾਇਦ ਅੰਗ੍ਰੇਜ਼ੀ ਬਾਈਬਲ KJV ਵਿਚ ਨਰਕ ਲਈ ਅੰਗ੍ਰੇਜ਼ੀ ਸ਼ਬਦ hell ਦੀ ਵਰਤੋਂ ਯੂਨਾਨੀ ਸ਼ਬਦ *ਹੇਡਿਸ* ਲਈ ਕਰਨ ਕਰਕੇ ਆਉਂਦੀ ਹੈ। ਲੂਕਾ 16:23 ਵਿਚ ਇਹੀ ਗੱਲ ਹੈ। [19]KJV ਵਿਚ ਪੰਜਾਬੀ ਵਾਂਗ ''ਵੱਡੀ ਖਡ'' ਹੈ (ਲੂਕਾ 16:26)। [20]ਮੇਰੀ ਇੰਟਰਲੀਨੀਅਰ ਬਾਈਬਲ ਅਨੁਸਾਰ ਇੱਕੋ ਯੂਨਾਨੀ ਸ਼ਬਦ ਤੋਂ ਅਨੁਵਾਦ ਕੀਤੇ ਪੂਰੇ ਵਾਕ ਅੰਸ਼ ''ਨਰਕ ਵਿਚ ਭੇਜ ਕੇ'' ਦਾ ਮੂਲ ਅਰਥ ''[ਉਨ੍ਹ ਨੂੰ] ਟਾਰਟਰਸ ਵਿਚ ਭੇਜ ਕੇ'' ਹੈ।

[21]*ਦ ਅਨੈਲਿਟਿਕਲ ਗ੍ਰੀਕ ਲੈਕਸਿਕਨ* (ਲੰਦਨ: ਸੈਮੂਏਲ ਬੈਗਸਟਰ ਐਂਡ ਸੰਜ਼ ਲਿ., 1971), 398. [22]ਇਹ ਅਲੰਕਾਰ ਸ਼ਾਇਦ ਉਸ ਸਮੇਂ ਦੀਆਂ ਖਾਣ ਪੀਣ ਦੀਆਂ ਆਦਤਾਂ ਤੋਂ ਲਿਆ ਗਿਆ ਹੈ। ਮੇਜ਼ਬਾਨ ਦੇ ਸੱਜੇ ਪਾਸੇ ਝੁਕਿਆ ਲਗਦਾ ਹੈ। (ਸਭ ਤੋਂ ਆਦਰਯੋਗ ਥਾਂ) ''ਉਸਦੀ ਗੋਦ'' ਤੇ ਜਾਂ ਵਿਚ ਮੰਨਿਆ ਜਾਂਦਾ ਸੀ (ਯੂਹੰਨਾ 13:23, 25; 21:20; ਵੇਖੋ ਯੂਹੰਨਾ 1:18)। ਅਮਰੀਕਾ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਅਜੇ ਵੀ ਹੁੰਦੀ ਹੈ, ਜਿਵੇਂ ''bosom buddies'' ਅਤੇ ''in the bosom of friends.'' [23]ਸਪਤਤੀ ਅਨੁਵਾਦ ਵਿਚ ਲਿਆ ਗਿਆ ਸ਼ਬਦ ''ਸੁਰਗ ਲੋਕ'' ਬਾਗ–ਏ–ਅਦਨ ਦੇ ਅਰਥ ਵਿਚ ਵਰਤਿਆ ਜਾਂਦਾ ਸੀ। [24]KJV ਵਿਚ ''ਨਰਕ'' ਹੈ ਪਰ ਰਸੂਲਾਂ ਦੇ ਕੰਮ 2:31 ਵਿਚ ਵਰਤਿਆ ਗਿਆ ਸ਼ਬਦ *ਹੇਡਿਸ* ਜਾਂ ਪਤਾਲ ਲੋਕ ਹੈ। [25]ਇਸ ਤੇ ਮੈਂ ''ਭਲਾ ਧਰਮੀ ਮੁਰਦੇ ਸਿੱਧੇ ਸੁਰਗ ਵਿਚ ਜਾਣਗੇ?'' ਪਾਠ ਵਿਚ ਹੋਰ ਗੱਲ ਕਰਾਂਗਾ। ਇਹ ਅਜਿਹੀ ਮੁਸ਼ਕਿਲ ਹੈ ਜਿਸਦਾ ਹੱਲ ਸਾਡੇ ਵਿੱਚੋਂ ਉਨ੍ਹਾਂ ਲਈ ਕਰਨਾ ਜ਼ਰੂਰੀ ਹੈ ਜਿਹੜੀ ਮੁਰਦਿਆਂ ਦੀ ਵਿਚਕਾਰ ਦੀ ਹਾਲਤ ਵਿਚ ਯਕੀਨ ਰੱਖਦੇ ਹਨ, ਪਰ (ਜਿਵੇਂ ਕਿ ਮੈਂ ਜੋਰ ਦਿਆਂਗਾ) ਇਹ ਸਾਡੇ ਲਈ ਐਨੀ ਵੱਡੀ ਮੁਸ਼ਕਿਲ ਨਹੀਂ ਹੈ ਜਿਨੀ ਇਹ ਸਿੱਖਿਆ ਦੇਣ ਲਈ ਹੈ ਕਿ ਧਰਮੀ ਮੁਰਦੇ ਸਿੱਧੇ ਸੁਰਗ ਵਿਚ ਜਾਂਦੇ ਹਨ। [26]ਪਰਗੇਟਰੀ (ਸ਼ੁੱਧ ਕਰਨਾ ''ਲਈ ਲਾਤੀਨੀ ਭਾਸ਼ਾ ਤੋਂ ਲਿਆ ਗਿਆ ਹੈ'') ਇਕ ਰੋਮਨ

ਕੈਥੋਲਿਕ ਸਿੱਖਿਆ ਹੈ ਜਿਸ ਵਿਚ ਉਹ ਇਹ ਸਿਖਾਉਂਦੇ ਹਨ ਕਿ ਸਜ਼ਾ ਪਾਉਣ ਵਾਲੇ ਲੋਕ ਸਿੱਧੇ ਨਰਕ ਵਿਚ ਜਾਂਦੇ ਹਨ, ਪਰ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮਰਨ ਵਾਲੇ ਲੋਕ ''ਫ਼ਜ਼ਲ ਦੀ ਹਾਲਤ ਵਿਚ'' ਪਰ ਉਨ੍ਹਾਂ ਦੇ ਪਾਪ ਅਜੇ ਮਾਫ਼ ਨਹੀਂ ਹੋਏ, ਉਹ ਪਰਗੇਟਰੀ ਵਿਚ ਜਾਂਦੇ ਹਨ। ਜ਼ਿੰਦਾ ਲੋਕਾਂ ਨੂੰ ਪਰਗੇਟਰੀ ਵਿਚ ਰਹਿਣ ਵਾਲਿਆਂ ਵੱਲੋਂ, ਆਪਣੇ ਅਜ਼ੀਜ਼ਾਂ ਦੀ ਉਸ ਤਕਲੀਫ਼ ਵਾਲੇ ਥਾਂ ਨੂੰ ਘੱਟ ਕਰਨ ਲਈ ਮਾਸ, ਦੁਆ ਕਰਵਾਉਣ ਅਤੇ ਚੰਦਾ ਦੇਣ ਲਈ ਪ੍ਰੇਰਿਆ ਜਾਂਦਾ ਹੈ। ਇਹ ਸਿੱਖਿਆ ਰੋਮਨ ਕੈਥੋਲਿਕ ਚਰਚ ਦੀ ਆਮਦਨੀ ਦਾ ਵੱਡਾ ਜ਼ਰੀਆ ਹੈ।

# ਭਲਾ ਧਰਮੀ ਮੁਰਦੇ ਸਿੱਧੇ ਸੁਰਗ ਵਿਚ ਜਾਣਗੇ?

ਇਕ ਬੱਚਾ ਰੋਂਦੇ ਹੋਏ ਮੂੰਹ ਚੁੱਕ ਕੇ ਪੁੱਛਦਾ ਹੈ, ''ਮੇਰੀ ਮੰਮੀ ਕਿੱਥੇ ਹੈ?'' ਤੁਸੀਂ ਉਸ ਨੂੰ ਉਸ ਨੂੰ ਕਲਾਵੇ ਵਿਚ ਲੈ ਕੇ ਭਰੇ ਹੋਏ ਗਲੇ ਨਾਲ ਜਵਾਬ ਦਿੰਦੇ ਹੋ, ''ਉਹ ਸੁਰਗ ਵਿਚ ਹੈ।'' ਤੁਸੀਂ ਚਿੱਟੇ ਵਾਲਾਂ ਵਾਲੀ ਸੰਤ ਐਲਾਨੀ ਗਈ ਇਕ ਔਰਤ ਕੋਲ ਜਾਂਦੇ ਹੋ, ਜਿਹੜੀ ਹਾਲ ਹੀ ਵਿਚ ਵਿਧਵਾ ਹੋਈ। ਤੁਸੀਂ ਉਸ ਨਾਲ ਉਸ ਦੇ ਪਤੀ ਦੇ ਆਖ਼ਰੀ ਦਿਨਾਂ ਦੀ ਤਕਲੀਫ਼ ਦੀਆਂ ਗੱਲਾਂ ਕਰਦੇ ਹੋ। ਉਸ ਦੇ ਮੋਢੇ ਤੇ ਥਾਪੀ ਦਿੰਦੀਆਂ ਤੁਸੀਂ ਆਖਦੇ ਹੋ, ''ਹੁਣ ਹੋ ਬੇਹਤਰ ਥਾਂ ਤੇ ਹੈ। ਉਹ ਖ਼ੁਦਾ ਦੇ ਨਾਲ ਹੈ।'' ਭਲਾ ਅਜਿਹੇ ਸ਼ਬਦ ਮੁਰਦਿਆਂ ਦੀ ਹਾਲਤ ਲਈ ਧਰਮਸਾਸਤਰੀ ਵਾਕ ਹਨ? ਨਹੀਂ, ਉਨ੍ਹਾਂ ਤੋਂ ਸਿਰਫ਼ ਤੁਹਾਡੇ ਇਸ ਵਿਸ਼ਵਾਸ ਦੀ ਝਲਕ ਮਿਲਦੀ ਹੈ ਕਿ ਇਹੀ ਜ਼ਿੰਦਗੀ ਸਭ ਤੋਂ ਚੰਗੀ ਹੈ ਅਤੇ ਖ਼ੁਦਾ ਆਪਣੇ ਲੋਕਾਂ ਨੂੰ ਸੰਭਾਲਦਾ ਹੈ।

ਕੁਰਿੰਥੀਆਂ ਦੇ ਨਾਂਅ ਲਿਖਦੇ ਹੋਏ ਪੌਲੁਸ ਨੇ ਕਿਹਾ, ''ਅਸੀਂ ਹੌਸਲਾ ਰੱਖਦੇ ਹਾਂ ਅਤੇ ਇਹ ਚਾਹੁੰਦੇ ਹਾਂ ਭਈ ਦੇਹੀ ਦਾ ਘਰ ਛੱਡ ਦੇਈਏ ਅਤੇ ਪ੍ਰਭੂ ਕੋਲ ਜਾ ਵੱਸੀਏ'' (2 ਕੁਰਿੰਥੀਆਂ 5:8)। ਫਿਲਿੱਪੀਆਂ ਦੇ ਨਾਂਅ ਆਪਣੀ ਪੱਤਰੀ ਵਿਚ ਇਸ ਰਸੂਲ ਨੇ ਕਿਹਾ ਸੀ, ਕਿ ''ਮੈਂ ਨਹੀਂ ਜਾਣਦਾ ਜੋ ਮੈਂ ਕਿਹ ਨੂੰ ਚੁਣਾਂ। ਪਰ ਮੈਂ ਦੋਹਾਂ ਦੇ ਵਿਚਾਲੇ ਫਸਿਆ ਹੋਇਆ ਹਾਂ। ਮੈਂ ਚਾਹੁੰਦਾ ਹਾਂ ਭਈ ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ ਇਸ ਲਈ ਜੋ ਇਹ ਬਹੁਤ ਹੀ ਉੱਤਮ ਹੈ'' (ਫ਼ਿਲਿੱਪੀਆਂ 1:22, 23)। ਭਲਾ ਅਸੀਂ ਇਨ੍ਹਾਂ ਆਇਤਾਂ ਨੂੰ ਪੌਲੁਸ ਦੇ ਇਸ ਐਲਾਨ ਦੇ ਰੂਪ ਵਿਚ ਲਈਏ ਕਿ ਯਿਸੂ ਦੀ ਮੌਤ ਅਤੇ ਜੀ ਉੱਠਣ ਦੇ ਬਾਅਦ ਧਰਮੀ ਮੁਰਦੇ ਸਿੱਧੇ ਸੁਰਗ ਵਿਚ ਜਾਂਦੇ ਹਨ? ਸ਼ਾਇਦ ਇਸ ਨਾਲੋਂ ਸਾਨੂੰ ਉਨ੍ਹਾਂ ਦੋਹਾਂ ਨੂੰ ਸਮਝੌਤਾਵਾਧੀ ਭਾਸ਼ਾ[1] ਵਿਚ ਵੇਖਣਾ ਚਾਹੀਦਾ ਹੈ, ਜਿਹੋ ਜਿਹੀ ਭਾਸ਼ਾ ਅੱਜ ਅਸੀ ਵਰਤਦੇ ਹਾਂ।

ਕੁਝ ਹੀ ਦੇਰ ਪਹਿਲਾਂ ਦੀ ਗੱਲ ਹੈ, ਮੈਨੂੰ ਸਿੱਖਿਆ ਦੇਣ ਵਾਲੇ ਅਤੇ ਅਜਿਹੇ ਪ੍ਰਚਾਰਕਾਂ ਦਾ ਪਤਾ ਲੱਗਾ ਜੋ ਇਹ ਮੰਨਦੇ ਹਨ ਕਿ ਇਨ੍ਹਾਂ ਦੋਹਾਂ ਆਹਿਤਾਂ ਦਾ ਮਕਸਦ ਮੁਰਦਿਆਂ ਦੀ ਹਾਲਤ ਬਾਰੇ ਨਵੀਂ ਸਿੱਖਿਆ ਦੇਣਾ ਹੈ। ਮੈਂ ਮੰਨਦਾ ਹਾਂ ਕਿ ਮੁਰਦਿਆਂ ਦੀ ਹਾਲਤ ਬਾਰੇ ਮੇਰਾ ਗਿਆਨ ਸੀਮਿਤ ਹੈ। ਜੇ ਮੈਂ ਇਸ ਵਿਸ਼ੇ ਤੇ, ਜਿਸ ਨੂੰ ਤੁਸੀਂ ਨਾਜੁਕ ਮੰਨਦੇ ਹੋ, ਕਿਸੇ ਪਹਿਲੂ ਨੂੰ ਚੰਗੀ ਤਰ੍ਹਾਂ ਨਾ ਦਸ ਸਕਣ, ਤਾਂ ਯਕੀਨ ਜਾਣੋ ਕਿ ਮੈਂ ਅਜਿਹਾ ਜਾਣਬੁਝ ਕੇ ਨਹੀਂ ਕੀਤਾ।

ਜੋ ਵੀ ਸਮੱਗਰੀ ਮੇਰੇ ਕੋਲ ਹੈ ਉਸ ਵਿਚ ਮੈਨੂੰ ਇਸ ਚਰਚਾ ਵਿਚ ਸ਼ਾਮਿਲ ਕਰਨ ਲਈ ਕਈ ਆਹਿਤਾਂ ਮਿਲਦੀਆਂ ਹਨ, ਜੋ ਮੈਨੂੰ ਲਗਦਾ ਹੈ ਕਿ ਇਸ ਵਿਸ਼ੇ ਨਾਲ ਕੋਈ ਸਬੰਧ ਨਹੀਂ ਰੱਖਦੀਆਂ। ਇਕ ਨਮੂਨਾ ਇਹ ਹੈ।

- *ਇਬਰਾਨੀਆਂ 2:14.* ਕਿਹਾ ਜਾਂਦਾ ਹੈ ਕਿ ਸ਼ੈਤਾਨ ਨੂੰ ਯਿਸੂ ਦੇ ਮਰਨ ਤੋਂ ਪਹਿਲਾਂ ਪਤਾਲ ਲੋਕ ਤੇ ਪੂਰਾ ਇਖ਼ਤਿਆਰ ਸੀ। ਇਸ ਦੇ ਸਬੂਤ ਲਈ ਇਬਰਾਨੀਆਂ 2:14 ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਵਿਚ ਕਿਹਾ ਗਿਆ ਹੈ ਕਿ ਸ਼ੈਤਾਨ ਨੂੰ ''ਮੌਤ ਉਸੇ ਵੱਸ'' ਦਿੱਤਾ ਗਿਆ ਹੈ। ਪਰ ਇਸ ਆਇਤ ਵਿਚ ਸ਼ੈਤਾਨ ਦੇ ਪਤਾਲ ਲੋਕ ਵਿਚ ਕਿਸੇ ਤਰ੍ਹਾਂ ਦੇ ਇਖ਼ਤਿਆਰ ਦੀ ਗੱਲ ਨਹੀਂ ਕੀਤੀ। ਇਸ ਦੀ ਥਾਂ ਤੇ ਕਹਿੰਦੀ ਹੈ ਕਿ ਸ਼ੈਤਾਨ ਨੂੰ ਲੋਕਾਂ ਨੂੰ

ਮਾਰਨ (ਮਨੁੱਖੀ ਵਸੀਲਿਆਂ ਦੇ ਰਾਹੀਂ) ਦੀ ਸ਼ਕਤੀ ਮਿਲੀ ਸੀ ਅਤੇ ਹੈ। ਸ਼ੈਤਾਨ ਨੂੰ ਕਦੇ ਵੀ ਉਥੋਂ ਦਾ ਕੰਟਰੋਲ ਨਹੀਂ ਦਿੱਤਾ ਗਿਆ ਸੀ ਜਿੱਥੇ ਉਸ (ਸ਼ੈਤਾਨ) ਦੇ ਰਾਹੀਂ ਦੇਹ ਨੂੰ ਮਾਰਨ ਦੇ ਬਾਅਦ ਦੇਹ ਰਹਿਤ ਆਤਮਾ ਬਣ ਜਾਂਦੀ ਹੈ।

- *ਮੱਤੀ 12:24–29.* ਜਦ ਯਿਸੂ ਉੱਤੇ ਬਾਲਜਬੂਲ ਦੀ ਮਦਦ ਨਾਲ ਭੂਤਾਂ ਨੂੰ ਕੱਢਣ ਦਾ ਇਲਾਜ਼ਾਮ ਲੱਗਿਆ ਸੀ ਤਾਂ ਆਪਣੇ ਜਵਾਬ ਦੇ ਇਕ ਇੱਸੇ ਦੇ ਰੂਪ ਵਿਚ ਪ੍ਰਭੂ ਨੇ ਕਿਹਾ ਸੀ, ''... ਕੋਈ ਕਿਸੇ ਜੋਰਾਵਰ ਦੇ ਘਰ ਵਿਚ ਵੜ ਕੇ ਉਹ ਦਾ ਮਾਲ ਕਿੱਕੁਰ ਲੁੱਟ ਸੱਕਦਾ ਹੈ ਜੇ ਪਹਿਲਾਂ ਉਸ ਜੋਰਾਵਰ ਨੂੰ ਬੰਨ੍ਹ ਨਾ ਲਵੇ? ਤਾਂ ਉਹ ਦਾ ਘਰ ਲੁੱਟੇਗਾ'' (ਮੱਤੀ 12:29)। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਯਿਸੂ ਦੇ ਪਤਾਲ ਲੋਕ ਵਿਚ ਜਾਣ ਬਾਰੇ ਹੈ। (ਜ਼ੋਰਾਵਰ ਦੇ ਘਰ ਵਿਚ) ਜਦ ਉਸਦੀ ਮੌਤ ਹੋਈ ਤਾਂ ਧਰਮੀ ਲੋਕਾਂ ਦੀਆਂ ਰੂਹਾਂ (ਸ਼ੈਤਾਨ ਦੀ ''ਜਾਇਦਾਦ'') ਨੂੰ ਲੈ ਆਇਆ। ਇਸ ਕਾਲਪਨਿਕ ਵਿਆਖਿਆ ਦਾ ਸੰਦਰਭ ਨਾਲ ਕੋਈ ਲੈਣ ਦੇਣ ਨਹੀਂ ਹੈ। ਇਹ ਆਇਤ ਭੂਤਾਂ ਨੂੰ ਲੋਕਾਂ ਦੀਆਂ ਜ਼ਿੰਦਗੀਆਂ ਵਿੱਚੋਂ ਕੱਢਣ ਦੀ ਗੱਲ ਕਰਦੀ ਹੈ (ਮੱਤੀ 12:24–29)।
- *ਅਫ਼ਸੀਆਂ 4:8.* ਵਰਤੀ ਜਾਣ ਵਾਲੀ ਇਕ ਹੋਰ ਆਇਤ ਅਫ਼ਸੀਆਂ 4:8 ਹੈ, ਜਿਹੜੀ ਜ਼ਬੂਰਾਂ ਦੀ ਪੋਥੀ 68:18 ਤੋਂ ਲਈ ਗਈ ਹੈ: ''ਉਹ ਉਤਾਹਾਂ ਨੂੰ ਚੜਿਆ, ਉਨ ਬੰਧਨ ਨੂੰ ਬੰਨ ਲਿਆ, ਅਤੇ ਮਨੁੱਖਾਂ ਨੂੰ ਦਾਨ ਦਿੱਤੇ।'' ਕੁਝ ਲੋਕਾਂ ਦਾ ਦਾਅਵਾ ਹੈ ਕਿ ''ਬੰਧਨ'' ਧਰਮੀ ਮੁਰਦਿਆਂ ਨੂੰ ਕਿਹਾ ਗਿਆ ਹੈ, ਜਿਨ੍ਹਾਂ ਨੂੰ ਸ਼ੈਤਾਨ ਵੱਲੋਂ ਪਤਾਲ ਲੋਕ ਵਿਚ ਕੈਦੀ ਬਣਾ ਕੇ ਰੱਖਿਆ ਗਿਆ, ਪਰ ਯਿਸੂ ਦੇ ਉੱਪਰ ਉਠਾਏ ਜਾਣ ਵੇਲੇ ਉਨ੍ਹਾਂ ਨੂੰ ਪਤਾਲ ਵਿੱਚੋਂ ਸੁਰਗ ਵਿਚ ਲਿਜਾਇਆ ਗਿਆ ਸੀ। ਪਰ ਵਚਨ ਵਿਚ ਜਾਂ ਸੰਦਰਭ ਵਿਚ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਇਸ ਦੀ ਵਿਆਖਿਆ ਇਵੇਂ ਕੀਤ ਜਾਵੇ। ਕਿਸੇ ਰਾਜੇ ਦੇ ਇਕ ਵੱਡੀ ਜਿੱਤ ਦੇ ਬਾਅਦ ਆਪਣੇ ਇਲਾਕੇ ਵਿਚ ਵੜਨ ਦੀ ਕਹਾਣੀ ਦੀ ਉਦਾਹਰਣ ਦਿੱਤੀ ਜਾਂਦੀ ਹੈ (2 ਕੁਰਿੰਥੀਆਂ 2:14–16 ਨਾਲ ਤੁਲਨਾ ਕਰੋ)। ਅਜਿਹੇ ਮੁਜ਼ਾਹਰਿਆਂ ਵਿਚ ਲਿਆਂਦੇ ਗਏ ਬੰਦੀ ਰਾਜੇ ਦੇ ਹਾਰੇ ਹੋਏ ਦੁਸ਼ਮਣ ਹੁੰਦੇ ਸਨ। ਇਹ ਆਇਤ ਨਾਟਕੀ ਢੰਗ ਨਾਲ ਦਸਦੀ ਹੈ ਕਿ ਸਲੀਬ ਤੇ ਯਿਸੂ ਨੇ ਆਪਣੇ ਦੁਸ਼ਮਣਾਂ ਨੂੰ ਹਰਾ ਦਿੱਤਾ। ਇਸ ਕਰਕੇ ਉਹ ਆਪਣੇ ਲੋਕਾਂ ਨੂੰ ''ਦਾਨ'' ਦੇ ਸਕਦਾ ਸੀ। ਸੰਦਰਭ ਵਿਚ ਇਹ ਜ਼ਿੰਦਾ ਮਸੀਹੀ ਲੋਕਾਂ ਨੂੰ ਦਿੱਤੇ ਜਾਣ ਵਾਲੇ ਰੂਹਾਨੀ ਦਾਨ ਹਨ (ਅਫ਼ਸੀਆਂ 4:7–13)। ਆਖ਼ਰੀ ਵਿਸ਼ੇਸ਼ਣ ਵਿਚ ਪਹਿਲਾਂ ਦੱਸੀਆਂ ਦੋ ਆਇਤਾਂ 2 ਕੁਰਿੰਥੀਆਂ 5:8 ਅਤੇ ਫ਼ਿਲਿੱਪੀਆਂ 1:23 ਵੱਡਾ ਸਬੂਤ ਲਗਦੀਆਂ ਹਨ।[3] ਭਲਾ ਮਰਨ ਦੇ ਬਾਅਦ ''ਪ੍ਰਭੂ ਕੋਲ'' ਅਤੇ ''ਮਸੀਹ ਦੇ ਕੋਲ'' ਹੋਣ ਦੀਆਂ ਪੌਲੁਸ ਦੀਆਂ ਗੱਲਾਂ ਮੁਰਦਿਆਂ ਦੀ ਵਿਚਕਾਰਲੀ ਹਾਲਤ ਨਾਲ ਮੇਲ ਖਾਂਦੀਆਂ ਹਨ।[4] ਨਵਾਂ ਨੇਮ ਦਸਦਾ ਹੈ ਕਿ ਇਸ ਜ਼ਿੰਦਗੀ ਵਿਚ ਵੀ ਮਸੀਹੀ ਲੋਕ ''ਮਸੀਹ ਦੇ ਨਾਲ'' ਹਨ। ਯਿਸੂ ਨੇ ਕਿਹਾ ਕਿ ਜਿੱਥੇ ਦੋ ਜਾਂ ਤਿੰਨ ਉਹਦਾ ਨਾਂਅ ਲੈਣ ਲਈ ਇਕੱਠੇ ਹੋਂਦੇ ਹਨ ਉਹ ਉਨ੍ਹਾਂ ਦੇ ਵਿਚਕਾਰ ਹੋਵੇਗਾ (ਮੱਤੀ 18:20)। ਉਸ ਨੇ ਵਾਅਦਾ ਕੀਤਾ, ''ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ'' (ਮੱਤੀ 28:20)। ਮਸੀਹੀ ਲੋਕਾਂ ਦੀ ਇਸ ਜ਼ਿੰਦਗੀ ਦੇ ਸਬੰਧ ਵਿਚ ਪੌਲੁਸ ਨੇ ਦੁਆ ਕੀਤੀ, ''ਪ੍ਰਭੂ ਤੁਸਾਂ ਸਭਨਾਂ ਦੇ ਅੰਗ ਸੰਗ ਹੋਵੇ'' (2 ਥੱਸਲੁਨੀਕੀਆਂ 3:16ਅ)। ਯਕੀਨਨ ਹੀ ਪ੍ਰਭੂ ਦਾ ''ਸਾਡੇ ਨਾਲ'' ਹੋਣ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਮਰ ਜਾਵਾਂਗੇ। ਅਸਲ ਵਿਚ ''ਪ੍ਰਭੂ ਵਿਚ ਮਰ'' ਜਾਣ ਤੇ ਸਾਨੂੰ ਉਸ ਦੇ ਨਾਲ ਹੋਰ ਨਜ਼ਦੀਕੀ ਸਬੰਧ ਹੋਣ ਦੀ ਉਮੀਦ ਕਰਨੀ ਜ਼ਰੂਰੀ ਹੈ (ਪ੍ਰਕਾਸ਼ ਦੀ ਪੋਥੀ 14:13)।

ਇਸ ਤੇ ਵਿਚਾਰ ਕਰੋ। ਜੇ ਸਾਰੇ ਨਹੀਂ, ਤਾਂ ਧਰਮੀ ਮੁਰਦਿਆਂ ਦੇ ਸਿੱਧੇ ਸੁਰਗ ਵਿਚ ਜਾਣ ਵਿਚ ਵਿਸ਼ਵਾਸ ਕਰਨ ਵਾਲੇ ਜ਼ਿਆਦਤਰ ਲੋਕਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਲੂਕਾ 16:19−31 *ਸਲੀਬ ਤੇ* ਪਹਿਲਾਂ ਦੇ ਮੁਰਦਿਆਂ ਦੀ ਹਾਲਤ ਦਾ ਹੂਬਹੂ ਵਰਣਨ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ, ਉਪਦੇਸ਼ਕ ਦੀ ਪੋਥੀ 12:7 ਵੇਖੋ ਜਿੱਥੇ ਸੁਲੇਮਾਨ ਨੇ ਕਿਹਾ ਹੈ ਕਿ ਮੌਤ ਵੇਲੇ ''ਖਾਕ *[ਸਰੀਰਕ ਦੇਹ]* ਮਿੱਟੀ ਨਾਲ ਪਹਿਲਾਂ ਵਾਂਗੂ ਜਾ ਰਲੇ ਅਤੇ ਆਤਮਾ ਪਰਮੇਸ਼ੁਰ ਦੇ ਕੋਲ ਮੁੜ ਜਾਵੇ, ਜਿਸ ਨੇ ਉਸ ਨੂੰ ਬਖ਼ਸ਼ਿਆ ਸੀ।'' 2 ਕੁਰਿੰਥੀਆਂ 5:8 ਅਤੇ ਫ਼ਿਲਿੱਪੀਆਂ 1:23 ਉੱਤੇ ਲਾਗੂ ਕੀਤਾ ਗਿਆ ਤਰਕ ਵਰਤੇ ਜਾਣ ਤੇ ਅਸੀਂ ਨਿਚੋੜ ਕੱਢ ਸਕਦੇ ਹਾਂ ਕਿ ਯਿਸੂ ਦੇ ਸਲੀਬ ਤੇ ਮਰਨ ਤੋਂ *ਪਹਿਲਾਂ* ਵੀ ਦੇਹ ਰਹਿਤ ਆਤਮਾਵਾਂ ਸਿੱਧੇ ਸੁਰਗ ਵਿਚ (ਜਿੱਥੇ ਖ਼ੁਦਾ ਹੈ) ਜਾਂਦੀਆਂ ਸਨ। ਜੇ ਅਸੀਂ ਇਹ ਨਿਚੋੜ ਕੱਢਦੇ ਹਾਂ ਕਿ ਉਪਦੇਸ਼ਕ ਦੀ ਪੋਥੀ 12:7 ਵਿਚ ਸਮਝੌਤਾਵਾਧੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ, ਤਾਂ ਅਸੀਂ ਇਹ ਨਿਚੋੜ ਨਹੀਂ ਕਢ ਸਕਦੇ ਕਿ ਅਜਿਹੀ ਹੀ ਭਾਸ਼ਾ ਦੀ ਵਰਤੋਂ ਪੌਲੁਸ ਵੱਲੋਂ 2 ਕੁਰਿੰਥੀਆਂ 5:8 ਅਤੇ ਫ਼ਿਲਿੱਪੀਆਂ 1:23 ਵਿਚ ਵੀ ਕੀਤ ਜਾ ਸਕਦੀ ਸੀ?

ਜਿਵੇਂ ਕਿ ''ਮੁਰਦੇ ਕਿੱਥੇ ਹਨ?'' ਸਰਮਨ ਵਿਚ ਕਿਹਾ ਗਿਆ ਹੈ ਇਸ ਵਿਚਾਰ ਵਿਚ ਬੜਾ ਇਤਰਾਜ ਹੈ ਕਿ ਧਰਮੀ ਲੋਕ ਮਰਨ ਵੇਲੇ ਸਿੱਧੇ ਸੁਰਗ ਵਿਚ ਜਾਂਦੇ ਹਨ, ਜੋ ਕਿ ਆਪਣੇ ਆਪ ਵਿਚ ਕਿਆਮਤ ਵਾਲੇ ਦਿਨ ਦੀ ਬਾਈਬਲ ਦੀ ਸਿੱਖਿਆ ਨੂੰ ਨਕਾਰਨਾ ਹੈ। ਕਿਸੇ ਨੇ ਸੁਝਾਅ ਦਿੰਦੀਆਂ ਕਿ ਮਸੀਹ ਦੀ ਵਾਪਸੀ ਵੇਲੇ ਕਿਆਮਤ ਵਾਲੇ ਦਿਨ ਦੀ ਥਾਂ ਹਰ ਆਦਮੀ ਮਰਨ ਵੇਲੇ ''ਕਿਆਮਤ ਵਾਲੇ ਦਿਨ'' ਦਾ ਸਾਹਮਣਾ ਕਰਦਾ ਹੈ, ਇਸ ਮੁਸ਼ਕਿਲ ਤੋਂ ਬਚਨ ਦੀ ਕੋਸ਼ਿਸ਼ ਹੈ। ਕਾਗਜ਼ ਦੀ ਕਮੀ ਨਿਆਂ ਵਾਲੇ ਦਿਨ ਬਾਰੇ ਵਿਸਥਾਰ ਨਾਲ ਅਧਿਐਨ ਕਰਨ ਦੀ ਇਜਾਜ਼ਤ ਨਹੀਂ ਦਿੰਦੀ ਪਰ ਅਸੀ ਕੁਝ ਖ਼ਾਸ ਆਇਤਾਂ ਤੇ ਵਿਚਾਰ ਕਰਦੇ ਹਾਂ:

(1) ਬਾਈਬਲ ਨਿਆਂ ਵਾਲੇ ਦਿਨ (ਮੱਤੀ 10:15; 11:22, 24; 12:36; 2 ਪਤਰਸ 2:9; 3:7; 1 ਯੂਹੰਨਾ 4:17) ਅਤੇ ''ਉਸ ਵੱਡੇ ਦਿਹਾੜੇ ਦੇ ਨਿਆਉਂ'' (ਯਹੂਦਾ 6) ਦੀ ਗੱਲ ਕਈ ਥਾਂ ਕਰਦੀ ਹੈ। ਪੌਲੁਸ ਨੇ ਕਿਹਾ ਕਿ ਖ਼ੁਦਾ ਨੇ ''ਇਕ ਦਿਨ ਠਹਿਰਾ ਛੱਡਿਆ ਹੈ ਜਿਹ ਦੇ ਵਿਚ ਉਹ ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੇਗਾ'' (ਰਸੂਲਾਂ ਦੇ ਕੰਮ 17:31)। ਯਿਸੂ ਨੇ ਇਸ ਖ਼ਾਸ ਦਿਨ ਨੂੰ ''ਅੰਤ ਦਾ ਦਿਨ'' ਆਖਿਆ (ਯੂਹੰਨਾ 6:39, 40, 44, 54; 11:24; 12:48)।

(2) ਨਿਆਂ ਦਾ ਦਿਨ ਮਸੀਹ ਦੇ ''ਆਪਣੇ ਤੇਜ ਨਾਲ ਸਾਰੇ ਦੂਤਾਂ ਸਣੇ'' (ਮੱਤੀ 25:31ੳ) ਆਉਣ ਤੇ ਹੋਵੇਗਾ। ਤਾਂ ਉਦੋਂ ''ਉਹ ਆਪਦੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ'' (ਮੱਤੀ 25:31ਅ)। ਮੁਰਦੇ ਜਿੰਦਾ ਕੀਤੇ ਜਾਣਗੇ, ਭਾਵੇਂ ਉਹ ਅਧਰਮੀ ਹੋਣ ਜਾਂ ਅਧਰਮੀ (ਯੂਹੰਨਾ 5:28, 29; ਵੇਖੋ ਪ੍ਰਕਾਸ਼ ਦੀ ਪੋਥੀ 20:13ੳ)।

(3) ਸਭ ਲੋਕ ਸਿੰਘਾਸਣ ਦੇ ਅੱਗੇ ਖਲੋਤੇ ਹੋਣਗੇ (ਪ੍ਰਕਾਸ਼ ਦੀ ਪੋਥੀ 20:11, 12; ਵੇਖੋ ਮੱਤੀ 25:32ੳ[5]), ਅਤੇ ਸਭਦਾ ਨਿਆਂ ਹੋਵੇਗਾ (ਪ੍ਰਕਾਸ਼ ਦੀ ਪੋਥੀ 20:12, 13)। ਇਨ੍ਹਾਂ ਵਿੱਚ ਧਰਮੀ ਲੋਕ ਵੀ ਹੋਣਗੇ। ਮਸੀਹ ਲੋਕਾਂ ਦੇ ਨਿਆਂ ਲਿਖਦਿਆਂ ਪੌਲੁਸ ਨੇ ਕਿਹਾ, ''ਅਸੀਂ *ਸੱਭੇ* ਪਰਮੇਸ਼ੁਰ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਖੜੇ ਹੋਵਾਂਗੇ'' (ਰੋਮੀਆਂ 14:10)। ਉਸ ਨੇ ਫੇਰ ਲਿਖਿਆ, ''ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪ੍ਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹਦਾ ਫਲ ਭੋਗੇ'' (2 ਕੁਰਿੰਥੀਆਂ 5:10)।

(4) ਜਦ ਲੋਕ ਨਿਆਂ ਦੇ ਉਸ ਦੇ ਸਿਘਾਸਣ ਦੇ ਅੱਗੇ ਖਲੋਤੇ ਹੋਣਗੇ, ਤਾਂ ...

... ਜਿਸ ਤਰਾਂ ਅਯਾਲੀ ਭੇਡਾਂ ਨੂੰ ਬੱਕਰੀਆਂ ਵਿੱਚੋਂ ਵੱਖਰਿਆਂ ਕਰਦਾ ਹੈ ਓਸੇ ਤਰ੍ਹਾਂ ਉਹ

*[ਯਿਸੂ]* ਉਨ੍ਹਾਂ ਨੂੰ ਇਕ ਦੂਏ ਤੋਂ ਵੱਖਰਾ ਕਰੇਗਾ। ਅਤੇ ਉਹ ਭੇਡਾਂ ਨੂੰ ਆਪਣੇ ਸੱਜੇ ਪਾਸੇ ਅਰ ਬੱਕਰੀਆਂ ਨੂੰ ਖੱਬੇ ਪਾਸੇ ਖੜਿਆਂ ਕਰੇਗਾ। ਤਦ ਬਾਦਸ਼ਾਹ ਉਨ੍ਹਾਂ ਨੂੰ ਜਿਹੜੇ ਉਹ ਦੇ ਸੱਜੇ ਪਾਸੇ ਹੋਣ ਆਖੇਗਾ, ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ ਆਓ! ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹ ਦੇ ਵਾਰਸ ਹੋਵੋ। ... ਖੱਬੇ ਪਾਸੇ ਹੋਣ ਉਨ੍ਹਾਂ ਨੂੰ ਵੀ ਉਹ ਕਹੇਗਾ, ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿਚ ਚੱਲੇ ਜਾਓ ਜਿਹੜੀ ਸ਼ੈਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ। ... ਅਤੇ ਏਹ ਸਦੀਪਕ ਸਜਾ ਵਿਚ ਜਾਣਗੇ ਪਰ ਧਰਮੀ ਸਦੀਪਕ ਜੀਉਣ ਵਿੱਚ (ਮੱਤੀ 25:32–46; ਵੇਖੋ ਪ੍ਰਕਾਸ਼ ਦੀ ਪੋਥੀ 20:15; 21:1–4)।

ਤੁਸੀਂ ਅਤੇ ਮੈਂ ਮੁਰਦਿਆਂ ਦੀ ਹਾਲਤ ਤੋਂ ਅਸਹਿਮਤ ਹੋ ਸਕਦੇ ਹਾਂ, ਪਰ ਉਮੀਦ ਮੈਨੂੰ ਉਮੀਦ ਹੈ ਕਿ ਇਕ ਵੱਡਾ ਨਿਆਂ ਦਾ ਦਿਨ ਹੋਵੇਗਾ। ''ਇਸ ਧਰਤੀ ਉਤਲਾ ਜੀਵਨ ਉਸੇ ਵੱਡੀ ਘਟਨਾ ਵੱਲ ਨੂੰ ਲਿਜਾ ਰਿਹਾ ਹੈ।''

''ਮੁਰਦੇ ਕਿੱਥੇ ਹਨ?''[6] ਸਰਮਨ ਵਿਚ ਮੈਂ ਮੰਨਿਆ ਹੈ ਕਿ ਇਹ ਸਵਾਲ ਦਿੱਤੇ ਗਏ ਵਿਚਾਰ ਬਾਰੇ ਪੁੱਛਿਆ ਜਾ ਸਕਦਾ ਹੈ: ''ਲੂਕਾ 16 ਨਿਆਂ ਦੇ ਦਿਨ ਤੋਂ ਪਹਿਲਾਂ ਬਚਾਏ ਹੋਏ ਅਤੇ ਗੁਆਚੇ ਹੋਏ ਲੋਕਾਂ ਦੀ ਇਕ ਵੰਡ ਨੂੰ ਵਿਖਾਉਂਦਾ ਹੈ, ਤਾਂ ਨਿਆਂ ਦੇ ਦਿਨ ਦਾ ਕੀ ਤੁਕ''? ਉਸ ਸਰਮਰਨ ਵਿਚ ਕਿਤੇ ਹੋਰ ਮੈਂ ਕਈ ਸੰਭਾਵਨਾਵਾਂ ਦਾ ਸੁਝਾਅ ਦਿੱਤਾ ਹੈ, ਜਿਨ੍ਹਾਂ ਵਿੱਚੋਂ 2:1 ਤੇ ਨਿਆਂ ਵਾਲੇ ਦਿਨ ਦਾ ਵੱਡਾ ਮਕਸਦ ''ਬੇਕਸੂਰ ਜਾਂ ਕਸੂਰਵਾਰ ਠਹਿਰਾਉਣ ਦੀ ਓਨੀ ਗੱਲ ਨਹੀਂ ਹੈ, ਕਿਉਂਕਿ ਇਹ ਤਾਂ ਨਿਆਂ ਅਤੇ ਸਜ਼ਾ ਦੇਣ ਨੂੰ ਵਿਖਾਉਣ ਦੀ ਗੱਲ ਹੈ।''[7] ਇਹ ਵੀ ਹੋ ਸਕਦਾ ਹੈ ਕਿ ਦੇਹਰਹਿਤ ਆਤਮਾ ਦੀ ਆਰਾਮਦਾਇਕ ਜਾਂ ਦੁਖ ਭਰੀ ਹਾਲਤ ਦੇ ਹਰ ਆਦਮੀ ਦੇ ਆਪਣੇ ਬਚਾਏ ਜਾਣ ਦੀ ਹਾਲਤ ਬਾਰੇ ਸਹੀ ਗਿਆਲ ਲੈ ਕੇ ਸਰੀਰਕ ਦੇਹ ਦੇ ਬੰਧਣਾ ਤੋਂ ਛੁਟਣਾ ਹੈ। ਵਿਚਕਾਰਲੀ ਅਵਸਥਾ ਵਿਚ ਵਿਸ਼ਵਾਸ ਨਾਲ ਜਿੰਨੀਆਂ ਵੀ ਮੁਸ਼ਕਿਲਾਂ ਆਉਣ, ਮੇਰਾ ਮੰਨਣਾ ਹੈ ਕਿ ਸਿੱਧੇ ਸੁਰਗ ਵਿਚ ਜਾਣ ਦੀ ਹਾਲਤ ਦੇ ਅੱਗੇ ਉਨ੍ਹਾਂ ਪਰੇਸ਼ਾਨੀਆਂ ਦੀ ਤੁਲਨਾ ਕਰਨਾ ਬਹੁਤ ਛੋਟੀ ਗੱਲ ਹੈ। ਇਸ ਹਾਲਤ ਨੂੰ ਸਝਣ ਤੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਆਤਮਾ ਸੁਰਗ ਵਿਚ ਚਲੀ ਜਾਵੇਗੀ, ਥੋੜੀ ਦੇਰ ਬਾਅਦ ਉਸ ਨੂੰ ਸੁਰਗ ਤੋਂ ਨਿਆਂ ਦੇ ਸਿੰਘਾਸਣ ਤੇ ਪੇਸ਼ ਹੋਣ ਲਈ ਸੱਦਿਆ ਜਾਵੇਗਾ,[8] ਅਤੇ ਫਿਰ ਉਹ ਉੱਥੋਂ ਵਾਪਸ ਚਲੀ ਜਾਵੇਗੀ, ਜਿੱਥੇ ਪਹਿਲਾਂ ਸੀ। ਅਖ਼ਰੀ ਵਿਚ ਮੈਂ ਫੇਰ ਮੰਨਦਾ ਹਾਂ ਕਿ ਇਹ ਉਨ੍ਹਾਂ ਦੋ ਵਿਸ਼ਿਆਂ ਵਿੱਚੋਂ ਇਕ, ਜਿਸ ਨੂੰ ਮੈਂ ਇਸ ਸਰੀਰ ਵਿਚ ਰਹਿੰਦਿਆਂ ਪੂਰੀ ਤਰ੍ਹਾਂ ਨਾਲ ਨਹੀਂ ਸਮਝ ਸਕਦਾ। ਜਦ ਮੈਂ ਮੌਤ ਵਿਚ ਆਪਣੀਆਂ ਅੱਖਾਂ ਮੀਟਦਾ ਹਾਂ ਤਾਂ ਮੈਂ ਉਨ੍ਹਾਂ ਨੂੰ ਸੁਰਗ ਲੋਕ ਵਿਚ ਪਿਤਾ ਦੀ ਗੋਦ ਵਿਚਖੋਲਦਾ ਹਾਂ, ਮੈਂ ਭੈਭੀਤ ਹੋ ਜਾਂਦਾ ਹਾਂ। ਜੇ ਮੈਂ ਆਪਣੀਆਂ ਬਾਹਾਂ ਸੁਰਗ ਵਿਚ ਯਿਸੂ ਵਾਸਤੇ ਖੋਲਦਾ ਹਾਂ, ਤਾਂ ਮੈਂ ਨਿਰਾਸ਼ ਨਹੀਂ ਹੋ ਜਾਂਦਾ। ਅਸਲ ਵਿਚ ਤੁਸੀਂ ਸੁਕਰਗੁਜ਼ਾਰੀ ਨਾਲ ਮੇਰੀ ਤਾਰੀਫ਼ ਨੂੰ ਸੁਣੋਗੇ! ਖ਼ਾਸ ਗੱਲ ਇਹ ਹੈ ਕਿ ਤੁਸੀਂ ਅਤੇ ਮੈਂ ਦੋਵੇਂ ਮਿਲ ਕੇ ਮਰਨ ਲਈ ਤਿਆਰ ਹਾਂ ਤਾਂ ਜੋ ਸਾਡੀਆਂ ਰੂਹਾਂ ਜਿੱਥੇ ਵੀ ਜਾਣ, ਅਸੀਂ ''ਪ੍ਰਭੂ ਦੇ ਨਾਲ '' ਹੋਈ! ਆਮੀਨ ਅਤੇ ਆਮੀਨੇ।

---

ਟਿੱਪਣੀਆਂ

[1]''ਸਮਝੌਤਾ'' ਦਾ ਇਕ ਅਰਥ ''ਮਨ ਲੈਣਾ'' ਹੈ। ਸਮਝੌਤਾਵਾਧੀ ਭਾਸ਼ਾ ਵਰਤਮਾਨ ਵਿਚ ਵਰਤੇ ਜਾਣ ਵਾਲੇ ''ਨੂੰ ਮੰਨ ਲਿਆ'' ਸ਼ਬਦ ਹੈ। [2]*ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਇਕ ਮਸ਼ਹੂਰ ਦਿਨ'' ਪਾਠ ਵਿਚ ਮੱਤੀ 11:29 ਤੇ ਸੰਖੇਪ ਟਿੱਪਣੀਆਂ ਵੇਖੋ। [3]ਇਸ ਲੇਖ ਅਤੇ ''ਮੁਰਦੇ ਕਿੱਥੇ ਹਨ?'' ਸਰਮਨ ਵਿਚ ਥੋੜੀ ਬਹੁਤ ਸਮਾਨਤਾ ਹੈ, ਪਰ ਇਕ ਵਿਚ ਦਿੱਤੇ ਤਰਕ ਦੂਜੇ ਵਿਚ ਨਹੀਂ ਹਨ। ਵਿਸ਼ੇ ਤੇ ਪੂਰੀ ਚਰਚਾ

ਲਈ ਦੋਵੇਂ ਪਾਠ ਵੇਖੋ। [4]ਖ਼ੁਦਾ ਦੀ ਪ੍ਰੇਰਣਾ ਨਾਲ ਲਿੱਖਣ ਵਾਲੇ ਕਈ ਵਾਰ ਅਜਿਹੀਆਂ ਗੱਲਾਂ ਕਹਿੰਦੇ ਸਨ ਜੋ ਵੇਖਣ ਵਿਚ ਆਪਣੇ ਆਪ ਨੂੰ ਪੁਰਕ ਲੱਗਦੀਆਂ ਹਨ। ਆਮ ਤੌਰ ਤੇ ਉਹ ਉਨ੍ਹਾਂ ਗੱਲਾਂ ਨੂੰ ਮਿਲਾਉਣ ਦੀ ਕੋਈ ਕੋਸ਼ਿਸ਼ ਨਹੀਂ ਕਰਦੇ ਹਨ, ਜਾਂ ਬਹੁਤ ਘੱਟ ਕੋਸ਼ਿਸ਼ ਕਰਦੇ ਸਨ। ਦੋਵੇਂ ਗੱਲਾਂ ਸੱਚ ਹੁੰਦੀਆਂ ਸਨ ਅਤੇ ਉਹ ਉਸ ਨੂੰ ਇਵੇਂ ਹੀ ਛੱਡ ਦਿੰਦੇ ਸਨ। ਕਿਸੇ ਕਾਰਣ ਪੱਛਮੀ ਲੋਕਾਂ ਦਾ ਦਿਮਾਗ ਉਦੋਂ ਤਕ ਅਰਾਮ ਨਾਲ ਨਹੀਂ ਬੈਠ ਸਕਦਾ ਜਦ ਤਕ ਅਜਿਹੀਆਂ ਗੱਨਾਂ ਨੂੰ ਮਿਲਾਉਣ ਦੀ ਕੋਈ ਕੋਸ਼ਿਸ਼ ਨਾ ਹੋਵੇ। [5]ਕੁਝ ਲੋਕ ਇਹ ਆਖ ਕੇ ਕਿ ਇਹ ਆਰਜੀ ਘਟਨਾਵਾਂ ਦੀ ਗੱਲ ਹੈ, ਮੱਤੀ 25 ਅਤੇ ਪ੍ਰਕਾਸ਼ ਦੀ ਪੋਥੀ 20 ਦੀ ਸਿੱਖਿਆ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਨ। [6]ਡੇਵਿਡ ਰੋਪਰ, ''ਰੈਵਲੇਸ਼ਨ, 10,'' *ਟਰੁੱਥ ਫ਼ਾਰ ਟੁਡੇ* (ਨਵੰਬਰ 1999), 21. [7]ਡੇਵਿਡ ਰੋਪਰ, ''ਵੈਨ ਦ ਬੁਕਸ ਵਰਕ ਓਪੰਡ'' (ਟ੍ਰੈਕਟ, ਪੈਸਾਡਿਨਾ, ਟੈਕਸਸ: ਹਾਊਨ ਬਪਲਿਸ਼ਿੰਗ ਕੰ., ਮਿਤੀ ਨਹੀਂ), 9. [8]ਜਿਵੇਂ ਕਿ ਪਹਿਲਾਂ ਕਿਹਾ ਗਿਆ ਸੀ, ਕੁਝ ਲੋਕ ਇਹ ਇਨਕਾਰ ਕਰਕੇ ਕਿ ਸਭ ਲੋਕਾਂ ਦੇ ਨਿਆਂ ਦੇ ਵਕਤ ਇਕ ਵੱਡਾ ਦਿਨ ਹੋਵੇਗਾ, ਇਸ ਦ੍ਰਿਸ਼ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਮੇਰਾ ਮੰਨਣਾ ਹੈ ਕਿ ਬਾਈਬਲ ਨਿਆਂ ਦੇ ਦਿਨ ਦੇ ਵਿਸ਼ੇ ਤੇ ਬਿਲਕੁਲ ਸਾਫ਼ ਦਸਦੀ ਹੈ।

# ਆਦਰਸ਼ ਪ੍ਰਾਰਥਨਾ
## ਮੱਤੀ 6:9-15; ਲੂਕਾ 11:1-4

ਤੁਹਾਨੂੰ ਕੀ ਜਾਣਨਾ ਪਸੰਦ ਹੈ? ਬੱਚਿਆਂ ਲਈ ਲੱਖਾਂ ਅਜਿਹੇ ਸਵਾਲ ਹੁੰਦੇ ਹਨ, ਭਾਵ ਕਈ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਦੀ ਸ਼ੁਰੂਆਤ ''ਕਿਉਂ?'' ਨਾਲ ਹੁੰਦੀ ਹੈ। ਜਵਾਨਾਂ ਨੂੰ ਇਸ ਗੱਲ ਦੀ ਫ਼ਿਕਰ ਹੁੰਦੀ ਹੈ ਕਿ ਉਹ ਰੋਜ਼ੀ ਕਮਾਉਣ ਲਈ ਕੀ ਕਰਨ। ਜੇ ਉਨ੍ਹਾਂ ਨੂੰ ਕਿਸੇ ਨਾਲ ਪਿਆਰ ਹੈ ਤਾਂ ਉਹ ਉਸ ਨੂੰ ਕਿਵੇਂ ਦੱਸਣਗੇ। ਬਾਲਗ ਜਾਣਨਾ ਚਾਹੁੰਦੇ ਹਨ ਕਿ ਜ਼ਿੰਦਗੀ ਵਿਚ ਤਰੱਕੀ ਕਿਵੇਂ ਕਰੀਏ।[1] ਪਰ ਯਿਸੂ ਦੇ ਚੇਲੇ ਜਾਣਨਾ ਚਾਹੁੰਦੇ ਸਨ ਕਿ *ਦੁਆ ਕਿਵੇਂ ਕਰੀਏ:* ''ਤਾਂ ਇਉਂ ਹੋਇਆ ਕਿ ਉਹ ਕਿਸੇ ਥਾਂ ਪ੍ਰਾਰਥਨਾ ਕਰਦਾ ਸੀ ਤਾਂ ਜਾਂ ਕਰ ਹਟਿਆ ਤਾਂ ਉਹਦੇ ਚੇਲਿਆਂ ਵਿੱਚੋਂ ਇਕ ਨੇ ਉਹਨੂੰ ਆਖਿਆ, ਪ੍ਰਭੂ ਜੀ ਸਾਨੂੰ ਪ੍ਰਾਰਥਨਾ ਕਰਨੀ ਸਿਖਾਲ, ਜਿਵੇਂ ਯੂਹੰਨਾ ਨੇ ਵੀ ਆਪਣੇ ਚੇਲਿਆਂ ਨੂੰ ਸਿਖਾਈ'' (ਲੂਕਾ 11:1)। ਮਸੀਹ ਵੱਲੋਂ ਦਿੱਤਾ ਗਿਆ ਜਵਾਬ ''ਪ੍ਰਭੂ ਦੀ ਪ੍ਰਾਰਥਾਨਾ'' ਦੇ ਨਾ ਨਾਲ ਮਸ਼ਹੂਰ ਹੈ।

> ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਹੋ। ਹੇ ਪਿਤਾ, ਤੇਰਾ ਨਾਮ ਪਾਕ ਮੰਨਿਆ ਜਾਵੇ, ਤੇਰਾ ਰਾਜ ਆਵੇ। ਸਾਡੀ ਰੋਜ਼ ਦੀ ਰੋਟੀ ਰੋਜ਼ ਸਾਨੂੰ ਦਿਹ। ਅਤੇ ਸਾਡੇ ਪਾਪ ਸਾਨੂੰ ਮਾਫ਼ ਕਰ। ਕਿਉਂ ਜੋ ਅਸੀਂ ਆਪ ਵੀ ਆਪਣੇ ਹਰੇਕ ਕਰਜਾਈ ਨੂੰ ਮਾਫ਼ ਕਰਦੇ ਹਾਂ ਅਤੇ ਸਾਨੂੰ ਪਰਤਾਵੇ ਵਿਚ ਨਾ ਲਿਆ (ਲੂਕਾ 11:2-4)।

ਇਸ ਦੁਆ ਦਾ ਸਭ ਤੋਂ ਮਸ਼ਹੂਰ ਭਾਗ ਮੱਤੀ 6 ਵਿਚਲੇ ਪਹਾੜੀ ਉਪਦੇਸ਼ ਵਿਚ ਮਿਲਦਾ ਹੈ।

> ''ਸੋ ਤੁਸੀਂ ਇਸ ਬਿਧ ਨਾਲ ਪ੍ਰਾਰਥਨਾ ਕਰੋ, - ਹੇ ਸਾਡੇ ਪਿਤਾ, ਜਿਹੜਾ ਸੁਰਗ ਵਿਚ ਹੈਂ, ਤੇਰਾ ਨਾਮ ਪਾਕ ਮੰਨਿਆ ਜਾਵੇ, ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿਚ ਪੂਰੀ ਹੁੰਦੀ ਹੈ ਜ਼ਮੀਨ ਉੱਤੇ ਵੀ ਹੋਵੇ। ਸਾਡੀ ਰੋਜ਼ ਦੀ ਰੋਟੀ ਅੱਜ ਸਾਨੂੰ ਦਿਹ, ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸਾਂ ਵੀ ਆਪਣੇ ਕਰਜ਼ਾਈਆਂ ਨੂੰ ਮਾਫ਼ ਕੀਤਾ ਹੈ। ਅਤੇ ਸਾਨੂੰ ਪਰਤਾਵੇ ਵਿਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ (ਮੱਤੀ 6:9-13)।

ਬਾਈਬਲ ਦੇ ਇਹ ਹਵਾਲੇ ਸਭ ਤੋਂ ਮਸ਼ਹੂਰ ਆਇਤਾਂ ਵਿੱਚੋਂ ਹਨ। ਇਸ ਤੋਂ ਵੱਧ ਮਸ਼ਹੂਰ ਸ਼ਾਇਦ ਜ਼ਬੂਰ 23 ਹੀ ਹੈ। ਅਫ਼ਸੋਸ ਦੀ ਗੱਲ ਹੈ ਕਿ ਜ਼ਿਆਦਾਤਰ ਲੋਕਾਂ ਨੇ ਇਸ ਦੁਆ ਨੂੰ ਸਿਰਫ਼ ਯਾਦ ਕੀਤਾ ਹੈ, ਪਰ ਆਪਣੀ ਜ਼ਿੰਦਗੀ ਵਿਚ ਕਦੇ ਨਹੀਂ ਉਤਾਰਿਆ। ਅਗਲੇ ਕੁਝ ਮਿੰਟਾਂ ਲਈ ਅਸੀਂ ਵੇਖਾਂਗੇ ਕਿ ਇਹ ਦੁਆ ਅਸਲ ਵਿਚ ਕੀ ਸਿਖਾਉਂਦੀ ਹੈ ਅਤੇ ਸਾਡੇ ਲਈ ਇਸ ਵਿਚ ਕਿਹੋ ਜਿਹੀ ਚੁਣੌਤੀ ਹੈ।

ਸਾਨੂੰ ਕੁਝ ਨਕਾਰਾਤਮਕ ਗੱਲਾਂ ਨਾਲ ਹੀ ਸ਼ੁਰੂ ਕਰਨਾ ਚਾਹੀਦਾ ਹੈ। ਪਹਿਲਾਂ ਤਾਂ ਮੱਤੀ 6:9-13 ਅਤੇ ਲੂਕਾ 11:1-4 ਵਾਲੀ ਦੁਆ ਦਾ ਮਕਸਦ ਦੁਆ ਦੀ ਰੀਤ ਬਣਾਉਣਾ ਨਹੀਂ ਸੀ। ਮੱਤੀ 6:9-13 ਤੋਂ ਪਹਿਲੀਆਂ ਆਇਤਾਂ ਵਿਚ ਯਿਸੂ ਨੇ ''ਬਕਬਕ'' ਕਰਨ ਦੇ ਖ਼ਿਲਾਫ਼ ਚਿਤਾਵਨੀ ਦਿੱਤੀ (ਮੱਤੀ 6:7)। ਇਸ ਦੇ ਇਲਾਵਾ ਪ੍ਰਭੂ ਨੇ ਕਿਹਾ ਸੀ ਕਿ ''ਤੁਸੀਂ ਇਸ ਬਿਧ ਨਾਲ ਪ੍ਰਾਰਥਨਾ

ਕਰੋ'' (ਮੱਤੀ 6:9ੳ) ਜਾਂ ''ਇਸ ਤਰੀਕੇ ਨਾਲ'' (KJV), *ਨਾ ਕਿ* ''ਇਨ੍ਹਾਂ ਹੀ ਸ਼ਬਦਾਂ ਦੀ ਵਰਤੋਂ ਕਰਦੇ ਰਹੋ।'' ਬਾਅਦ ਵਿਚ ਦੁਆ ਨੂੰ ਦੁਹਰਾਉਣ ਵੇਲੇ (ਲੂਕਾ 11:1–4) ਯਿਸੂ ਨੇ ਆਪ ਵੀ ਉਹੀ ਸ਼ਬਦ ਨਹੀਂ ਵਰਤੇ। ਉਸ ਨੇ ਮੱਤੀ ਵਿਚ 68 ਸ਼ਬਦ[2] ਅਤੇ ਲੂਕਾ ਵਿਚ ਸਿਰਫ਼ 37 ਸ਼ਬਦ ਵਰਤੇ।[3]

ਦੂਜਾ ਇਸ ਦਾ ਮਸ਼ਹੂਰ ਸਿਰਲੇਖ ''ਪ੍ਰਭੂ ਦੀ ਪ੍ਰਾਰਥਨਾ'' ਗਲਤ ਹੈ। ਦੁਆ ਦਾ ਇਹ ਨਾਂਅ ਅੰਧਕਾਰ ਦੇ ਯੁੱਗ ਦੇ ਕਿਸੇ ਅਨਾਮ ਵਿਦਵਾਨ ਨੇ ਦਿੱਤਾ ਅਤੇ ਅੱਜ ਤਕ ਇਸ ਨੂੰ ਇਸੇ ਨਾਂਅ ਨਾਲ ਸੱਦਿਆ ਜਾਂਦਾ ਹੈ। ਪਰ ਯਿਸੂ ਨੇ ਇਹ ਦੁਆ ਕਦੇ ਕੀਤੀ ਹੋਵੇ ਅਜਿਹਾ ਕੋਈ ਇਤਿਹਾਸ ਨਹੀਂ ਹੈ।[4] ਮੈਨੂੰ ਉਹਦੇ ਸ਼ਬਦਾਂ ਤੇ ''ਆਦਰਸ਼ ਪ੍ਰਾਰਥਨਾ'' ਦੇ ਰੂਪ ਵਿਚ ਵਿਚਾਰ ਕਰਨਾ ਚੰਗਾ ਲਗਦਾ ਹੈ। ਇਹ ਕਈ ਤਰ੍ਹਾਂ ਨਾਲ ਆਦਰਸ਼ ਜਾਂ ਨਮੂਨਾ ਹੈ। (1) ਮਕਸਦ ਵਿਚ ਆਦਰਸ਼: ਇਸ ਵਿਚ ਖ਼ੁਦਾ ਦੀ ਵਡਿਆਈ ਨੂੰ ਕਬੂਲਿਆ ਗਿਆ। ਇਸ ਵਿਚ ਰਾਜ ਲਈ ਅਤੇ ਸੰਸਾਰ ਦੇ ਸਭ ਲੋਕਾਂ ਲਈ ਲਗਾਅ ਵਿਖਾਇਆ ਗਿਆ ਹੈ। ਇਸ ਵਿਚ ਨਿੱਜੀ ਲੋੜਾਂ ਦੀ ਵੀ ਗੱਲ ਕੀਤੀ ਗਈ ਹੈ। (2) ਇਹ ਸੰਖੇਪ ਅਤੇ ਸਾਦਗੀ ਵਿਚ ਵੀ ਆਦਰਸ਼ ਹੈ। ਮੱਤੀ ਦੀ ਕਿਤਾਬ ਵਿਚ ਇਹ ਪੰਜ ਆਇਤਾਂ ਵਿਚ ਅਤੇ ਲੂਕਾ ਵਿਚ ਇਹ ਤਿੰਨ ਆਇਤਾਂ ਵਿਚ ਮਿਲਦੀ ਹੈ। ਇਸ ਦੇ ਲੰਮੇ ਤੋਂ ਲੰਮੇ ਅੰਕ ਨੂੰ ਉੱਚੀ ਉੱਚੀ ਪੜ੍ਹਨ ਤੇ ਸਿਰਫ਼ ਵੀਹ ਸਕਿੰਟ ਲਗਦੇ ਹਨ।[5] ਜਿਵੇਂ ਕਿ ਅਸੀਂ ਵੇਖਾਂਗੇ ਕਿ ਇਹ ਦੂਜੀ ਤਰ੍ਹਾਂ ਵੀ ਆਦਰਸ਼ ਦੁਆ ਹੈ। ਆਪਣੇ ਅਧਿਐਨ ਵਿਚ, ਮੁੱਖ ਆਇਤਾਂ ਦੇ ਰੂਪ ਵਿਚ ਲੰਮਾ ਹੋਣ (ਅਤੇ ਇਸ ਕਰਕੇ ਵਧੇਰੇ ਸੰਪੂਰਣ) ਕਰਕੇ ਅਤੇ ਬਹੁਤੀ ਮਸ਼ਹੂਰ ਹੋਣ ਕਰਕੇ ਮੱਤੀ 6 ਅਧਿਆਇ ਦੀ ਵਰਤੋਂ ਹੀ ਕਰਾਂਗੇ, ਪਰ ਵਿਚ ਵਿਚ ਮੈਂ ਲੂਕਾ 11 ਵਿੱਚੋਂ ਵੀ ਗੱਲ ਕਰਾਂਗਾ।

## ਦਿਸ਼ਾ ਵਿਚ ਆਦਰਸ਼

ਇਹ ਦੁਆ ਦਿਸ਼ਾ ਵਿਚ ਇਕ ਆਦਰਸ਼ ਹੈ। ਸਭ ਤੋਂ ਪਹਿਲਾਂ ਤਾਂ ਇਹ ਖ਼ੁਦਾ ਵੱਲ ਨੂੰ ਹੈ। ''*ਹੇ ਸਾਡੇ ਪਿਤਾ,* ਜਿਹੜਾ ਸੁਰਗ ਵਿਚ ਹੈਂ'' (ਮੱਤੀ 6:9ਅ)। ਸਾਨੂੰ ਖ਼ੁਦਾ ਅੱਗੇ ਦੁਆ ਕਰਨੀ ਚਾਹੀਦੀ ਹੈ, ਮਰੀਅਮ ਜਾ ਕਿਸੇ ਸੰਤ ਅੱਗੇ ਨਹੀਂ, ਬਲਕਿ ਸਿਰਫ਼ ਖ਼ੁਦਾ ਤੋਂ ਦੁਆ ਕਰਨੀ ਚਾਹੀਦੀ ਹੈ। ਪੌਲੁਸ ਕਹਿੰਦਾ ਹੈ ਕਿ ਅਸੀਂ ''ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ'' ਕਰਦੇ ਰਹੀਏ (ਅਫ਼ਸੀਆਂ 5:20)। ਫਿਰ ਸਾਨੂੰ ਆਪਣੇ *ਪਿਤਾ* ਭਾਵ ਖ਼ੁਦਾ ਤੋਂ ਦੁਆ ਕਰਨੀ ਚਾਹੀਦੀ ਹੈ। ਖ਼ੁਦਾ ਅਨਿੱਜੀ ਖ਼ੁਦਾ ਨਹੀਂ ਹੈ, ਬਲਕਿ ਉਹ ਇਕ ਪਿਤਾ ਹੈ ਜੋ ਸੰਭਾਲਦਾ ਅਤੇ ਲੋੜਾਂ ਨੂੰ ਪੂਰਾ ਕਰਦਾ ਹੈ। ਇਸ ਦੇ ਇਲਾਵਾ ਸਾਨੂੰ ਖ਼ੁਦਾ ਤੋਂ ਦੁਆ ਕਰਨੀ ਚਾਹੀਦੀ ਹੈ ਜਿਹੜਾ *ਸਾਡਾ* ਪਿਤਾ ਹੈ। ਇਹ ਕਿਸੇ ਵੈਰਾਗੀ ਦੀ ਦੁਆ ਨਹੀਂ ਅਤੇ ਨਾ ਹੀ ਇਹ ਕਿਸੇ ਇਕੱਲੇ ਇਕੱਲੇ ਬੱਚੇ ਦੀ ਦੁਆ ਹੈ। ''ਹੇ ਸਾਡੇ ਪਿਤਾ'' ਵਾਕ ਅੰਸ਼ ਵਿਚ ਸਾਡੇ ਆਮ ਭਾਈਚਾਰੇ ਨੂੰ ਕਬੂਲਿਆ ਗਿਆ ਹੈ। ਦੁਆ ਵਿਚ ''ਹੇ ਸਾਡੇ ਪਿਤਾ'' ਆਖ ਕੇ ਅਸੀਂ ਇਹ ਸੰਕੇਤ ਦਿੰਦੇ ਹਾਂ ਕਿ ਅਸੀਂ ਪਰਿਵਾਰਿਕ ਮਸਲਿਆਂ ਉੱਤੇ ਗੱਲ ਕਰਨ ਲਈ ਇਕੱਠੇ ਹੋਏ ਹਾਂ।

ਦੁਆ ਦਿਸ਼ਾ ਵਿਚ ਵੀ ਨਮੂਨਾ ਇਸ ਕਰਕੇ ਹੈ ਕਿਉਂਕਿ ਇਹ *ਸੁਰਗ ਵੱਲ* ਹੈ: ''ਹੇ ਸਾਡੇ ਪਿਤਾ, *ਜਿਹੜਾ ਸੁਰਗ ਵਿਚ ਹੈਂ,''* (ਮੱਤੀ 6:9ਅ)। ਇਹ ਦੁਨੀਆਂ ਖ਼ੁਦਾ ਦੀ ਰਚਨਾ ਅਤੇ ਉਸ ਦੀ ਜਾਇਦਾਦ ਹੈ, ਪਰ ਇਹ ਉਸਦਾ ਘਰ ਵੀ ਹੈ। ਸਾਡਾ ਧਰਮ ਸੁਰਗ ਤੇ ਕੇਂਦਰਤ ਧਰਮ ਹੈ। ਯਿਸੂ ਸੁਰਗ ਤੋਂ ਆਇਆ ਅਤੇ ਸੁਰਗ ਵਿਚ ਵੀ ਵਾਪਸ ਚਲਿਆ ਗਿਆ। ਹੁਣ ਉਹ ਸੁਰਗ ਵਿਚ ਖ਼ੁਦਾ ਦੇ ਸੱਜੇ ਹੱਥ ਸਾਡੇ ਲਈ ਸਿਫ਼ਾਰਿਸ਼ਾਂ ਕਰਦਾ ਹੈ। ਇਕ ਦਿਨ ਉਹ ਆਪਣੇ ਲੋਕਾਂ ਨੂੰ ਲੈਣ ਲਈ ਸੁਰਗ ਤੋਂ ਆਵੇਗਾ, ਜੋ ਉਹਦੇ ਨਾਲ ਹਮੇਸ਼ਾ ਤਕ ਸੁਰਗ ਵਿਚ ਰਹਿਣਗੇ। ਪੌਲੁਸ ਨੇ ਲਿਖਿਆ ਹੈ, ''ਅਸੀਂ ਸੁਰਗ ਦੀ ਪਰਜਾ ਹਾਂ'' (ਫ਼ਿਲਿੱਪੀਆਂ 3:20)। ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ''ਇਸ ਤੋਂ ਅਨੰਦ ਹੋਵੇ ਭਈ ਤੁਹਾਡੇ ਨਾਉਂ ਸੁਰਗ ਵਿਚ ਲਿਖੇ ਹੋਏ ਹਨ'' (ਲੂਕਾ 10:20)। ਉਹ ਸਾਡੇ ਵਿੱਚੋਂ

ਹਰ ਕਿਸੇ ਨੂੰ ''ਸੁਰਗ ਵਿਚ ਆਪਣੇ ਲਈ ਧਨ ਜੋੜਨ'' ਦੀ ਚੁਣੌਤੀ ਦਿੰਦਾ ਹੈ (ਮੱਤੀ 6:20)।

## ਆਪਣੀ ਪਵਿੱਤਰਤਾ (reverence) ਵਿਚ ਆਦਰਸ਼

ਇਹ ਦੁਆ ਆਪਣੀ ਪਵਿੱਤਰਤਾ ਵਿਚ ਵੀ ਆਦਰਸ਼ ਹੈ। ਖ਼ੁਦਾ ਮਨਚਲਾ ਦੋਸਤ ਨਹੀਂ ਹੈ;[6] ਉਹ ਸਾਡਾ *ਪਿਤਾ* ਹੈ ਅਤੇ ਉਸ ਦਾ ਨਾਮ *ਪਵਿੱਤਰ* ਹੈ। ਦੁਆ ਅੱਗੇ ਵਧਦੀ ਹੈ, ''ਤੇਰਾ ਨਾਮ ਪਵਿੱਤਰ ਮੰਨਿਆ ਜਾਵੇ'' (ਮੱਤੀ 6:9ੲ; ਵੇਖੋ ਲੂਕਾ 11:2ਅ)। ''ਪਵਿੱਤਰ'' ਲਈ ਯੂਨਾਨੀ ਸ਼ਬਦ ਤੋਂ ਭਾਵ ਹੈ ''ਸਨਮਾਨ ਜਾਂ ਪਵਿੱਤਰ ਦੇ ਰੂਪ ਵਿਚ ਭੈਦਾਇਕ (regard or reverence as holy)।''[7] ਪੁਰਾਣੇ ਨੇਮ ਵਿਚ ਜ਼ਬੂਰ ਲਿਖਣ ਵਾਲੇ ਨੇ ਕਿਹਾ ਸੀ, ''ਉਸ ਦਾ ਨਾਮ ਪਵਿੱਤਰ ਅਤੇ ਭੈ ਯੋਗ ਹੈ'' (Holy and awesome is His name) (ਜ਼ਬੂਰਾਂ ਦੀ ਪੋਥੀ 111:9ੲ)। ਮੂਸਾ ਨੇ ਹੁਕਮ ਦਿੱਤਾ ਸੀ, ''ਤੂੰ ਯਹੋਵਾਹ ਆਪਣੇ ਪਰਮੇਸ਼ੁਰ ਦਾ ਨਾਂਅ ਵਿਅਰਥ ਨਾ ਲੈ'' (ਕੂਚ 20:7ੳ)। ਯਿਸੂ ਦੀ ਆਦਰਸ਼ ਦੁਆ ਤੋਂ ਸਾਨੂੰ ਪਤਾ ਲਗਦਾ ਹੈ ਕਿ ਨਵੇਂ ਨੇਮ ਵਿਚ ਹੀ ਸਾਡੇ ਲਈ ਖ਼ੁਦਾ ਦੇ ਕੋਲ ਖੌਫ਼ ਦੀ ਜ਼ਬਰਦਸਤ ਭਾਵਨਾ ਨਾਲ ਆਉਣਾ ਜ਼ਰੂਰੀ ਹੈ।

## ਆਪਣੇ ਜ਼ੋਰ ਦੇਣ ਵਿਚ ਆਦਰਸ਼

ਜਿਸ ਪਵਿੱਤਰਤਾਈ ਦੀ ਗੱਲ ਹੁਣੇ ਕੀਤੀ ਗਈ ਹੈ, ਉਸ ਨਾਲ ਦੁਆ ਵਿਚ ਸਾਡੀਆਂ ਬੇਨਤੀਆਂ ਨੂੰ ਲਿਆਉਣ ਦਾ ਮਾਹੌਲ ਬਣਦਾ ਹੈ। ਪਹਿਲਾ ਧਿਆਨ ਆਪਣੇ ਲਈ ਨਹੀਂ ਬਲਕਿ ਖ਼ੁਦਾ ਦੀਆਂ ਯੋਜਨਾਵਾਂ ਅਤੇ ਮਕਸਦਾਂ ਲਈ ਹੈ: ''ਤੇਰਾ ਰਾਜ ਆਵੇ'' (ਮੱਤੀ 6:10ੳ; ਵੇਖੋ ਲੂਕਾ 11:2ਅ)।

ਉਹ ''ਕਿਸ ਰਾਜ'' ਦੀ ਉਡੀਕ ਕਰ ਰਹੇ ਸਨ? ਇਹ ਰਾਜ *ਕਲੀਸੀਆ* ਹੀ ਸੀ। ਮੈਂ ਮਸੀਹਾ ਦੇ ਰਾਜ ਤੇ ਕੁਝ ਖ਼ਾਸ ਆਇਤਾਂ ਦਸਦਾ ਹਾਂ:

- *ਦਾਨੀਏਲ 2:44.* ਦਾਨੀਏਲ ਨੇ ਵਾਅਦਾ ਕੀਤਾ ਕਿ ਮਸੀਹਾ ਦਾ ਰਾਜ ਰੋਮੀ ਰਾਜਿਆਂ ਦੇ ਦਿਨਾਂ ਵਿਚ ਆਵੇਗਾ।[8]
- *ਮੱਤੀ 3:2; 4:17.* ਦੁਨੀਆਂ ਉੱਤੇ ਰੋਮੀਆਂ ਦੀ ਹਕੂਮਤ ਦੌਰਾਨ, ਯੂਹੰਨਾ ਬਪਤਿਸਮਾ ਦੇਣ ਵਾਲਾ ਅਤੇ ਫਿਰ ਯਿਸੂ ਇਹ ਪ੍ਰਚਾਰ ਕਰਦੇ ਹੋਏ ਆਏ ਕਿ ''ਸੁਰਗ ਦਾ ਰਾਜ ਨੇੜੇ ਆਇਆ ਹੈ।''
- *ਮੱਤੀ 16:18, 19.* ਕੈਸਰੀਆ ਫ਼ਿਲਿੱਪੀ ਵਿਚ, ਯਿਸੂ ਨੇ ਆਪਣੇ ਰਾਜ ਨੂੰ ਕਾਇਮ ਕਰਨ ਦੀ ਗੱਲ ਕੀਤੀ; ਉਸ ਨੇ ਇਸ ਨੂੰ ਆਪਣੀ ''ਕਲੀਸੀਆ'' ਆਖਿਆ।
- *ਮਰਕੁਸ 9:1.* ਮਸੀਹ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਰਾਜ ਉਨ੍ਹਾਂ ਦੇ ਜੀਉਂਦੇ ਜੀ ਆ ਜਾਵੇਗਾ ਅਤੇ ''ਕੁਦਰਤ ਨਾਲ'' ਆਵੇਗਾ। ਬਾਅਦ ਵਿਚ ਉਸ ਨੇ ਕਿਹਾ ਕਿ ਕੁਦਰਤ ਪਵਿੱਤਰ ਆਤਮਾ ਦੇ ਆਉਣ ਤੇ ਆਵੇਗੀ (ਰਸੂਲਾਂ ਦੇ ਕੰਮ 1:6–8)।
- *ਰਸੂਲਾਂ ਦੇ ਕੰਮ 2:1–4.* ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਪਹਿਲੇ ਪੈਂਟੀਕਾਸਟ ਵਾਲੇ ਦਿਨ ਪਵਿੱਤਰ ਆਤਮਾ ਆਇਆ। ਉਸ ਵਕਤ ਕੁਦਰਤ ਆਈ ਅਤੇ ਰਾਜ/ਕਲੀਸੀਆ ਕਾਇਮ ਹੈ।
- *ਰਸੂਲਾਂ ਦੇ ਕੰਮ 2:47.* ਉਦੋਂ ਤੋਂ, ਰਾਜ/ਕਲੀਸੀਆ ਦੇ ਵਜੂਦ ਵਿਚ ਹੋਣ ਦੀ ਗੱਲ ਕੀਤੀ ਜਾਂਦੀ ਹੈ। ਲੋਕਾਂ ਨੂੰ ਬਚਾ ਕੇ ਖ਼ੁਦਾ ਉਨ੍ਹਾਂ ਨੂੰ ''ਹਨੇਰੇ ਦੇ ਰਾਜ'' ਵਿੱਚੋਂ ਕੱਢ ਕੇ ''ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ'' ਲਿਆਉਂਦਾ (ਕੁਲੁੱਸੀਆਂ 1:13) ਅਤੇ ਆਪਣੀ ਕਲੀਸੀਆ (KJV) ਵਿਚ ਮਿਲਾ ਲੈਂਦਾ ਹੈ। ਮਸੀਹੀ ਲੋਕ ਨਾ ਬੋਲਣ ਵਾਲੇ ਰਾਜ

(ਇਬਰਾਨੀਆਂ 12:28) ਭਾਵ ਕਲੀਸੀਆ ਵਿਚ ਹਨ ਜਿਸ ਉੱਤੇ ਪਤਾਲ ਦੇ ਫਾਟਕਾਂ ਦਾ ਕੋਈ ਵੱਸ ਨਹੀਂ ਹੁੰਦਾ (ਮੱਤੀ 16:18)।

ਜਦ ਯਿਸੂ ਨੇ ਚੇਲਿਆਂ ਨੂੰ ''ਤੇਰਾ ਰਾਜ ਆਵੇ'' ਲਈ ਦੁਆ ਕਰਨ ਲਈ ਕਿਹਾਤਾਂ ਉਨ੍ਹਾਂ ਨੇ ਅਸਲ ਵਿਚ ''ਤੇਰੀ ਕਲੀਸੀਆ ਕਾਇਮ ਹੋਵੇ'' ਦੀ ਦੁਆ ਕਰਨੀ ਸੀ। ਪ੍ਰਭੂ ਆਪਣੇ ਚੇਲਿਆਂ ਨੂੰ ਖ਼ੁਦਾ ਦੇ ਉਸ ਵੱਡੇ ਅਬਦੀ ਡਿਜ਼ਾਈਨ ਵਿਚ ਭਾਈਵਾਲ ਬਣਨ ਲਈ ਆਖ ਰਿਹਾ ਸੀ, ਜਿਸ ਵਿਚ ਕਲੀਸੀਆ ਹੋਣੀ ਸੀ (ਵੇਖੋ ਅਫ਼ਸੀਆਂ 3:10, 11)।

ਭਲਾ ਅੱਜ ਸਾਨੂੰ ਦੁਆ ਦੇ ਇਸੇ ਹਿੱਸੇ ਵਿੱਚੋਂ ਦੁਆ ਕਰਨੀ ਚਾਹੀਦੀ ਹੈ? ਅੱਜ ਜਦਕਿ ਰਾਜ/ਕਲੀਸੀਆ ਕਾਇਮ ਹੋ ਚੁੱਕਿਆ ਹੈ ਤਾਂ ਸਾਡੇ ਲਈ ਉਨ੍ਹਾਂ ਹੀ ਸ਼ਬਦਾਂ ਦੀ ਵਰਤੋਂ ਨਾ ਕਰਨੀ ਬੇਹਤਰ ਹੈ। ਅਸੀਂ ਆਖ ਸਕਦੇ ਹਾਂ, ''ਤੇਰਾ ਰਾਜ *ਪੂਰੀ ਦੁਨੀਆ ਵਿਚ''* ਆਵੇ ਜਾਂ ''ਤੇਰਾ ਰਾਜ *ਸਭ ਲੋਕਾਂ ਦੇ ਮਨਾਂ ਵਿਚ* ਆਵੇ।'' ਜੇ ਅਸੀਂ ਇਨ੍ਹਾਂ ਸ਼ਬਦਾਂ ਦੀ ਵਰਤੋਂ ਬਿਨਾਂ ਸੋਚੇ ਸਮਝੇ ਕਰਦੇ ਹਾਂ ਤਾਂ ਅਸੀਂ ਹਜ਼ਾਰ ਸਾਲਾ ਰਾਜ ਦੀ ਸਿੱਖਿਆ ਦੇਣ ਵਾਲਿਆਂ ਉੱਤੇ ਯਕੀਨ ਕਰ ਰਹੇ ਹਾਂ, ਜੋ ਇਹ ਮੰਨਦੇ ਹਨ ਕਿ ਮਸੀਹਾ ਦਾ ਰਾਜ ਅਜੇ ਕਾਇਮ ਨਹੀਂ ਹੋਇਆ।

ਬੇਸ਼ੱਕ ਸਾਨੂੰ ਇਨ੍ਹਾਂ ਸ਼ਬਦਾਂ ਵਿੱਚੋਂ ਕੁਝ ਨੂੰ ਲੈਣਾ ਚਾਹੀਦਾ ਹੈ ਪਰ ਇਹ ਦੁਆ ਇਹ ਨਹੀਂ ਦਸਦੀ ਕਿ ਮੈਨੂੰ ਅਤੇ ਤੁਹਾਨੂੰ ਰਾਜ/ਕਲੀਸੀਆ ਦੇ ਆਉਣ ਦੀ *ਫਿਕਰ* ਹੋਣੀ ਚਾਹੀਦੀ ਹੈ ਅਤੇ ਇਹ ਕਿ ਅਸੀਂ ਆਪਣੀਆਂ ਦੁਆਵਾਂ ਵਿਚ ਇਸ ਦੀ ਬੇਹਤਰੀ ਮੰਨੀਏ। ਸਾਨੂੰ ਕਲੀਸੀਆ ਲਈ ਦੁਆ ਕਰਨੀ ਚਾਹੀਦੀ ਹੈ, ਜੋ ਸਥਾਨਕ ਥਾਵਾਂ ਤੇ ਇਕੱਠੀ ਹੁੰਦੀ ਹੈ; ਸਾਨੂੰ ਦੁਨੀਆਂ ਭਰ ਦੀ ਕਲੀਸੀਆ ਦੀ ਕਾਇਮੀ ਕਰਨੀ ਚਾਹੀਦੀ ਹੈ। ਅਜਿਹਾ ਕਰਕੇ ਅਸੀਂ ''ਕਲੀਸੀਆ ਦੇ ਰਾਹੀਂ'' ਖ਼ੁਦਾ ਦੀ ''ਉਸ ਸਦੀਪਕ ਮਨਸ਼ਾ ਦੇ ਅਨੁਸਾਰ ਜਿਹੜੀ ਉਸ ਨੇ ਮਸੀਹ ਯਿਸੂ ਵਿਚ ਧਾਰੀ'' ਉਸ ਦੀ ਸਮਝ ਨੂੰ ਦੁਨੀਆਂ ਵਿਚ ਫੈਲਾਉਣ ਲਈ ਉਸ ਦੀ ਯੋਜਨਾ ਵਿਚ ਭਾਈਵਾਲ ਹੁੰਦੇ ਹਾਂ (ਅਫ਼ਸੀਆਂ 3:10, 11)!

## ਆਪਣੇ ਲਗਾਅ ਵਿਚ ਆਦਰਸ਼

ਅਗਲੀ ਬੇਨਤੀ ਵਿਚ ਰੂਹਾਨੀਅਤ ਉੱਤੇ ਫੇਰ ਜ਼ੋਰ ਦਿੱਤਾ ਗਿਆ ਹੈ, ਪਰ ਹੁਣ ਜ਼ੋਰ ਕਲੀਸੀਆ/ਰਾਜ ਦੇ ਸਾਰੇ ਧਰਤੀ ਤੇ ਜਾਣ ਨਾਲ ਬਦਲ ਜਾਂਦਾ ਹੈ: ''ਤੇਰੀ ਮਰਜ਼ੀ ਜਿਹੀ ਸੁਰਗ ਵਿਚ ਪੂਰੀ ਹੁੰਦੀ ਹੈ ਜ਼ਮੀਨ ਉੱਤੇ ਵੀ ਹੋਵੇ'' (ਮੱਤੀ 6:10ਅ, ੲ)। ਇਹ ਇੱਛਾ ਜਾਹਿਰ ਕੀਤੀ ਜਾਂਦੀ ਹੈ ਕਿ ਧਰਤੀ ਦਾ ਹਰ ਬੰਦਾ ਖ਼ੁਦਾ ਦੀ ਮਰਜ਼ੀ ਨੂੰ ਮੰਨੇ ਅਜਿਹੀ ਸੰਭਾਵਨਾ ਤੇ ਵਿਚਾਰ ਕਰਨ ਨਾਲ ਹੀ ਮੰਨ ਚਕਰਾ ਜਾਂਦਾ ਹੈ। ਵਿਚਾਰ ਕਰੋ ਕਿ ਸੁਰਗ ਵਿਚ ਇਹ ਕਿਵੇਂ ਹੁੰਦਾ ਹੋਵੇਗਾ। ਦੂਤਾਂ ਅਤੇ ਮਹਾਂਦੂਤਾਂ ਦੇ ਖ਼ੁਦਾ ਦੇ ਸਿੰਘਾਸਣ ਦੇ ਅੱਗੇ ਖਲੋਤੇ ਹੋਣ ਦੀ ਕਲਪਨਾ ਕਰੋ। ਉਨ੍ਹਾਂ ਨੂੰ ਉਸ ਦੇ ਹੁਕਮਾਂ ਨੂੰ ਪੂਰਾ ਕਰਨ ਲਈ ਸੁਣਨ ਲਈ ਕਾਹਲੇ ਅਤੇ ਗੱਲ ਮੰਨਣ ਨੂੰ ਤਿਆਰ ਵੇਖੋ। ਉੱਥੇ ਜਿੱਥੇ ਇਸ ਤਰ੍ਹਾਂ ਹੁਕਮ ਮੰਨਿਆ ਗਿਆ ਹੈ ਕਿੰਨਾਂ ਸ਼ਾਨਦਾਰ ਹੋਵੇਗਾ ਕਿ ਖ਼ੁਦਾ ਦੀ ਇੱਛਾ ਪੂਰੀ ਹੋ ਜਾਵੇਗੀ।

ਇਸ ਹਿੱਸੇ ਵਾਲੀ ਦੁਆ ਦੇ ਜਵਾਬ ਲਈ ਖ਼ੁਦਾ ਦੀ ਇੱਛਾ ਉਸ ਦੇ ਪ੍ਰਗਟ ਵਚਨ ਵਿਚ ਦਿੱਤੀ ਗਈ ਹੈ, ਇਸ ਕਰਕੇ ਸਾਨੂੰ ਪੂਰੀ ਸੱਚਾਈ ਲਈ ਵਚਨ ਕੋਲ ਹੀ ਜਾਣਾ ਪਵੇਗਾ (ਮੱਤੀ 28:18–20; ਮਰਕੁਸ 16:15, 16)। ਸਾਨੂੰ ਹਰ ਥਾਂ ਪ੍ਰਭੂ ਦਾ ਹੁਕਮ ਮੰਨਣ ਲਈ ਲੋਕਾਂ ਨੂੰ ਦਲੇਰ ਕਰਨ ਦੀ ਲੋੜ ਹੈ।

ਪਰ ਇਸ ਦੁਆ ਦੇ ਮੁੱਖ ਭਾਗ ਦੀ ਅਹਿਮੀਅਤ ਇਹ ਹੈ ਕਿ ਇਹ ਸਾਨੂੰ ਉਸਦੀ ਇੱਛਾ ਬਾਰੇ ਆਪਣੇ ਹੀ *ਵਿਹਾਰ* ਨੂੰ ਜਾਂਚਣ ਲਈ ਮਜਬੂਰ ਕਰਦੀ ਹੈ। ਸਾਫ਼ ਕਹੀਏ ਤਾਂ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਆਪਣੀਆਂ ਜ਼ਿੰਦਗੀਆਂ ਲਈ ਖ਼ੁਦਾ ਦੀ ਇੱਛਾ ਤੋਂ ਖੁਸ਼ ਨਹੀਂ ਹਨ। ਲੋਕਾਂ ਨੂੰ ਸੁਰਗ ਦੇ ਰਾਜੇ

ਵੱਲੋਂ ਉਨ੍ਹਾਂ ਨੂੰ ਦਿੱਤੇ ਗਏ ਯੋਗਦਾਨ ਪਸੰਦ ਨਹੀਂ ਹਨ। ਕੋਈ ਤਾਂ ਇਹ ਦੁਆ ਕਰ ਰਿਹਾ ਸੀ ਕਿ ''*ਮੇਰੀ* ਇੱਛਾ ਧਰਤੀ ਤੇ ਪੂਰੀ ਹੋਵੇ।'' ਦੁਆ ਦਾ ਮਕਸਦ ਖ਼ੁਦਾ ਨੂੰ ਆਪਣੀ ਇੱਛਾ ਅੱਗੇ ਝੁਕਾਉਣਾ ਨਹੀਂ ਹੈ ਬਲਕਿ ਆਪ ਉਸ ਦੀ ਇੱਛਾ ਅੱਗੇ ਝੁਕਣਾ ਹੈ।

## ਸੰਜਮ ਵਿਚ ਆਦਰਸ਼

ਅਸੀਂ ਦੁਆ ਦੇ ਅੱਧੇ ਭਾਗ ਵਿਚ ਅੱਗੇ ਨਿਕਲ ਆਏ ਹਾਂ ਅਤੇ ਅਜੇ ਤਕ ਇਸ ਵਿਚ ਨਿੱਜੀ ਬੇਨਤੀ ਨਹੀਂ ਆਈ ਪਰ ਸਾਡੇ ਮਨ ਇਹਦੇ ਲਈ ਤਿਆਰ ਹੋਣੇ ਚਾਹੀਦੇ ਹਨ। ਅੱਗੇ ਅਸੀਂ ਪੜ੍ਹਦੇ ਹਾਂ, ''ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ'' (ਮੱਤੀ 6:11)। ਲੂਕਾ ਦੇ ਵਿਰਤਾਂਤ ਵਿਚ ''ਸਾਡੀ ਰੋਜ਼ ਦੀ ਰੋਟੀ ਰੋਜ਼ ਸਾਨੂੰ ਦਿਹ'' (ਲੂਕਾ 11:3)। ਇਸ ਦੁਆ ਵਿਚ ਸੰਜਮ ਤੇ ਧਿਆਨ ਦਿਓ। ਇਹ *ਕੇਕ* ਜਾਂ (ਜਾਂ ਕਿਸੇ ਵਿਲਾਸਿਤਾ[9] ਲਈ ਨਹੀਂ) ਬਲਕਿ ਰੋਟੀ ਲਈ ਬੇਨਤੀ ਹੈ। ਇਹ *ਮਹੀਨੇ ਭਰ ਦੀ* ਰੋਟੀ ਲਈ ਨਹੀਂ ਬਲਕਿ *ਰੋਜ਼* ਦੀ ਰੋਟੀ ਲਈ ਹੈ।

ਦੁਆ ਦੇ ਇਸ ਭਾਗ ਵਿਚ ਇਕ ਸਬਕ ਇਹ ਹੈ ਕਿ ਅਸੀਂ ਜ਼ਿੰਦਗੀ ਦੀਆਂ *ਲੋੜਾਂ* ਤੋਂ ਸੰਤੁਸ਼ਟ ਹੋਈਏ। ਖਾਣਾ ਉਨ੍ਹਾਂ ਚੀਜ਼ਾਂ ਵਿੱਚੋਂ ਹੈ ਜੋ ਸਾਨੂੰ ਮਿਲਣੀਆਂ ਚਾਹੀਦੀਆਂ ਹਨ। ਹੋਰ ਬਰਕਤਾਂ ਲਈ ਦੁਆ ਕਰਨਾ ਗਲਤ ਨਹੀਂ ਹੈ। ਪਰ ਸਾਡੀ ਇੱਛਾ ਚੀਜ਼ਾਂ ਨੂੰ ਨਿਰਭਰ ਕਰਨ ਤੇ ਨਹੀਂ ਹੋਣੀ ਚਾਹੀਦੀ। ਪੌਲੁਸ ਨੇ ਲਿਖਿਆ ਹੈ, ''ਜਦੋਂ ਸਾਨੂੰ ਭੋਜਨ ਬਸਤਰ ਮਿਲਿਆ ਹੋਇਆ ਹੈ ਤਾਂ ਸਾਡੇ ਲਈ ਇਹੋ ਬਥੇਰਾ ਹੈ'' (1 ਤਿਮੋਥਿਉਸ 6:8)।

ਦੁਆ ਦੇ ਇਸ ਭਾਗ ਵਿਚ ਹੋਰ ਵੀ ਕਈ ਸਬਕ ਹਨ। ਉਦਾਹਰਣ ਲਈ, ਸਾਨੂੰ ਯਾਦ ਦੁਆਇਆ ਗਿਆ ਹੈ ਕਿ ਸਭ ਬਰਕਤਾਂ ਦਾ ਦੇਣ ਵਾਲਾ *ਖ਼ੁਦਾ* ਹੀ ਹੈ। ਸਾਨੂੰ ਉਸ ਤੋਂ ਰੋਜ਼ ਦੀ ਰੋਟੀ ਬਿਲਕੁਲ ਸਾਦੀ ਅਤੇ ਬੁਨਿਆਦੀ ਚੀਜ਼ਾਂ ਮੰਗਣੀਆਂ ਚਾਹੀਦੀਆਂ ਹਨ। ਸਾਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ''ਵੇਖੋ *ਮੈਂ* ਕੀ ਕੀਤਾ ਹੈ'' ਬਲਕਿ ਇਹ ਕਹਿਣਾ ਚਾਹੀਦਾ ਹੈ ਕਿ ''ਵੇਖੋ, ਮੇਰੇ ਲਈ *ਖ਼ੁਦਾ ਨੇ* ਕੀ ਕੀਤਾ ਹੈ।'' ਸਾਡੇ ਕੋਲ ਜੋ ਕੁਝ ਵੀ ਹੈ, ਉਸ ਨੂੰ ਅਸਾਂ ਰਸਤੇ ਵਿੱਚੋਂ ''ਉਠਾਇਆ ਹੈ'' ਪਰ ਜਿਸ ਨੇ ਉਨ੍ਹਾਂ ਬਰਕਤਾਂ ਨੂੰ ''ਉਠਾਉਣ ਲਈ'' ਉੱਥੇ ਰੱਖਿਆ ਸੀ, ਉਹ ਖ਼ੁਦਾ ਹੈ। ਸਾਨੂੰ ਰੋਜ਼ ਦੀ ਰੋਟੀ ਲਈ ਕੰਮ ਕਰਨਾ ਚਾਹੀਦਾ ਹੈ (ਵੇਖੋ 2 ਥੱਸਲੁਨੀਕੀਆਂ 3:11, 12), ਪਰ ਸਾਨੂੰ ਇਹ ਵੀ ਸਮਝ ਹੋਣੀ ਜ਼ਰੂਰੀ ਹੈ ਕਿ ਹਰ ਬਰਕਤ ਖ਼ੁਦਾ ਵੱਲੋਂ ਮਿਲਦੀ ਹੈ। ਇਕ ਪੁਰਾਣੀ ਆਇਤ ਇਸ ਸੱਚਾਈ ਨੂੰ ਯਾਦ ਦੁਆਉਂਦੀ ਹੈ।

ਰੋਟੀ ਦੇ ਪਿੱਛੇ ਹੈ ਆਟਾ,
    ਆਟੇ ਦੇ ਪਿੱਛੇ ਚੱਕੀ;
ਚੱਕੀ ਦੇ ਪਿੱਛੇ ਕਣਕ
    ਜਿਹੜੀ ਪਹਾੜੀ ਦੇ ਪਰਲੇ ਪਾਸੇ ਲਹਿਲਾਉਂਦੀ ਹੈ;
ਅਤੇ ਪਹਾੜੀ ਦੇ ਮਗਰ ਸੂਰਜ
    ਅਤੇ ਬਾਰਿਸ਼ ਅਤੇ ਪਿਤਾ ਦੀ ਇੱਛਾ

ਯਿਸੂ ਦੀ ਦੁਆ ਤੋਂ ਨਿਰਸੁਆਰਥ ਹੋਣ ਦੀ ਲੋੜ ਦਾ ਵੀ ਪਤਾ ਲਗਦਾ ਹੈ। ਸਾਨੂੰ ''*ਆਪਣੀ* ਰੋਜ਼ ਦੀ ਰੋਟੀ'' ਲਈ ਨਹੀਂ ਬਲਕਿ ''*ਸਾਡੀ* ਰੋਜ਼ ਦੀ ਰੋਟੀ'' ਲਈ ਦੁਆ ਕਰਨ ਦੀ ਲੋੜ ਹੈ। ਪੂਰੀ ਦੁਆ ਵਿਚ, ਮਸੀਹੀ ਲੋਕਾਂ ਦੇ ਸਮਾਜ ਉੱਤੇ ਜ਼ੋਰ ਨੂੰ ਦੱਸਿਆ ਗਿਆ ਹੈ। ਇਸ ਦੁਆ ਨੂੰ ਫੇਰ ਤੋਂ ਪੜ੍ਹੋ। ਇਸ ਦੇ ਵਿਅਕਤੀਵਾਚਕ ਪੜਨਾਉਂ ''ਮੈਂ'' ਨਹੀਂ ਮਿਲਦਾ। ਦੁਆ ਦੂਜਿਆਂ ਲਈ ਲਗਾਅ ਨਾਲ ਭਰੀ ਹੋਈ ਹੈ।

## ਹਲੀਮੀ ਵਿਚ ਆਦਰਸ਼

ਦੁਆ ਵਿਚ ਅੱਗੇ ਹੋਰ ਨਿੱਜੀ ਬੇਨਤੀ ਆਉਂਦੀ ਹੈ: ''ਤੂੰ ਸਾਡੇ ਕਰਜ਼ ਸਾਨੂੰ ਮਾਫ਼ ਕਰ'' (ਮੱਤੀ 6:12ੳ)। ਯੂਨਾਨੀ ਸ਼ਬਦ ਦੇ ਅਨੁਵਾਦ ''ਕਰਜ਼'' ਦਾ ਸੰਕੇਤ ਮਾਲੀ ਦੇਣਦਾਰੀਆਂ ਲਈ ਨਹੀਂ ਬਲਕਿ ਰੂਹਾਨੀ ਕਰਜ਼ ਲਈ ਹੈ। ਨਵੇਂ ਨੇਮ ਵਿਚ ਇਕ ਆਇਤ ਵਿਚ ਯੂਨਾਨੀ ਸ਼ਬਦ ਦੀ ਵਰਤੋਂ ''ਜੁਰਮ, ਗਲਤੀ ਜਾਂ ਪਾਪ ਦੇ ਅਰਥ ਵਿਚ ਕੀਤੀ ਗਈ ਹੈ।''[10] ਲੂਕਾ ਦੇ ਵਿਰਤਾਂਤ ਵਿਚ ''ਸਾਡੇ ਪਾਪ ਸਾਨੂੰ ਮਾਫ਼ ਕਰ'' (ਲੂਕਾ 11:4ੳ)।[11] ਪਵਿੱਤਰ ਪਰਮੇਸ਼ੁਰ ਦੇ ਸਾਹਮਣੇ ਖਲੋ ਕੇ ਅਸੀਂ ਮੰਨਦੇ ਹਾਂ ਕਿ ਅਸੀਂ ਪਾਪੀ ਹਾਂ ਅਤੇ ਖ਼ੁਦਾ ਅੱਗੇ ਮਾਫ਼ੀ ਦੇਣ ਦੀ ਬੇਨਤੀ ਕਰਦੇ ਹਾਂ। ਇਹ ਸਾਡੇ ਘਮੰਡੀ ਮਨ ਨੂੰ ਭੰਨਦਾ ਹੈ।

ਇਸ ਬੇਨਤੀ ਦਾ ਅਗਲਾ ਹਿੱਸਾ ਸਾਡੇ ਘਮੰਡ ਉੱਤੇ ਹੋਰ ਵੀ ਤਿੱਖਾ ਹਮਲਾ ਹੈ: ''ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ'' (ਮੱਤੀ 6:12ਅ)। ਮਾਫ਼ ਕਰਨਾ ਬੜਾ ਮੁਸ਼ਕਿਲ ਹੈ। ਜਦ ਕੋਈ ਸਾਨੂੰ ਨੁਕਸਾਨ ਪਹੁੰਚਾਉਂਦਾ ਹੈ, ਤਾਂ ਸਾਡਾ ਘਮੰਡ ਜਾਂ ਆਕੜ ਜ਼ਖ਼ਮੀ ਹੋ ਜਾਂਦੇ ਹਨ। ਅਸੀਂ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ''ਮੈਂ ਉਸ ਨੂੰ *ਕਦੇ* ਮਾਫ਼ ਨਹੀਂ ਕਰ ਸਕਦਾ!'' ਉਸ ਆਦਮੀ ਨੂੰ ਆਪਣੇ ਮਨ ਵਿਚ ਮਾਫ਼ ਕਰਨਾ ਕਿੰਨਾ ਮੁਸ਼ਕਿਲ ਹੈ। ਸਾਨੂੰ ਇਹ ਕਹਿਣਾ ਕਿੰਨਾਂ ਜ਼ਰੂਰੀ ਹੈ ਕਿ ਇਹ ਬਹੁਤ ਵੱਡੀ ਗੱਲ ਨਹੀਂ, ਮੈਂ ਇਸ ਨੂੰ ਛੱਡ ਹੀ ਦਿਆਂਗਾ।

ਮੱਤੀ 6:12 ਦੀ ਯਿਸੂ ਦੀ ਠੋਸ ਸਿੱਖਿਆ ਤੋਂ ਖਹਿੜਾ ਛੁਡਾਉਣ ਦੀਆਂ ਬੜੀਆਂ ਕੋਸ਼ਿਸ਼ਾਂ ਹੋਈਆਂ ਹਨ (ਵੇਖੋ ਆਇਤਾਂ 14, 15)। ਕੋਈ ਪੁੱਛਦਾ ਹੈ, ''ਭਲਾ ਮੈਂ ਕਿਸੇ ਅਜਿਹੇ ਬੰਦੇ ਨੂੰ ਮਾਫ਼ ਕਰ ਸਕਦਾ ਹਾਂ, ਜਿਸ ਨੇ ਤੌਬਾ ਨਾ ਕੀਤੀ ਹੋਵੇ ਅਤੇ ਮੈਥੋਂ ਮਾਫ਼ੀ ਨਾ ਮੰਗੀ ਹੋਵੇ?'' ਕੋਈ ਲੂਕਾ 17:3 ਨੂੰ ਵਿਖਾਉਂਦੇ ਹੋਏ ਕਹਿੰਦਾ ਹੈ ਕਿ ਖ਼ੁਦਾ ਸਾਨੂੰ ਉਦੋਂ ਤਕ ਮਾਫ਼ ਨਹੀਂ ਕਰਦਾ ਜਦ ਤਕ ਅਸੀਂ ਤੌਬਾ ਨਹੀਂ ਕਰਦੇ। ਅਸੀਂ ਇੱਥੇ ਸੰਗਤੀ ਦੀ ਬਹਾਲੀ ਦੀ ਗੱਲ ਨਹੀਂ ਕਰਦੇ, ਅਸੀਂ ਤਾਂ ਆਪਣੇ ਮਨਾਂ ਦੇ (ਵਿਹਾਰ) ਦੀ ਗੱਲ ਕਰ ਰਹੇ ਹਾਂ। ਸਲੀਬ ਉੱਤੇ ਯਿਸੂ ਨੇ ਦੁਆ ਕੀਤੀ ਸੀ, ''ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਉਹ ਕੀ ਕਰਦੇ ਹਨ'' (ਲੂਕਾ 23:34ੳ)। ਉਸ ਨੇ ਇਹ ਦੁਆ ਤਾਂ ਕੀਤੀ ਪਰ ਉਨ੍ਹਾਂ ਦੇ ਪਾਪ ਦਾ ਦੋਸ਼ ਉਦੋਂ ਤਕ ਬਣਿਆ ਰਿਹਾ ਜਦ ਤਕ ਉਨ੍ਹਾਂ ਨੇ ਆਪ ਤੌਬਾ ਨਹੀਂ ਕੀਤੀ (ਵੇਖੋ ਰਸੂਲਾਂ ਦੇ ਕੰਮ 2:36–38)। ਤਾਂ ਵੀ (ਅਤੇ ਇਹ ਕਾਰਣ ਹੈ ਕਿ ਸਾਨੂੰ ਅਜਿਹਾ ਕਰਨਾ ਸਿੱਖਣ ਦੀ ਲੋੜ ਹੈ) ਯਿਸੂ ਨੇ *ਆਪਣੇ* ਮਨ ਵਿਚ ਉਨ੍ਹਾਂ ਨੂੰ ਉਦੋਂ ਹੀ ਮਾਫ਼ ਕਰ ਦਿੱਤਾ ਸੀ। ਜੇ ਕੋਈ ਮੈਨੂੰ ਨੁਕਸਾਨ ਪਹੁੰਚਾਉਂਦਾ ਹੈ, ਤਾਂ ਉਸ ਆਦਮੀ ਨਾਲ ਮੇਰਾ ਰਿਸਤਾ ਉਦੋਂ ਤਕ ਤਨਾਅ ਭਰਿਆ ਰਹੇਗਾ ਜਦ ਤਕ ਉਹ ਆਪਣੀ ਗਲਤੀ ਮੰਨ ਨਹੀਂ ਲੈਂਦਾ। ਪਰ ਮੇਰੀ ਚਿੰਤਾ ਆਪਣੇ ਮਨ ਵਿਚ ਇਹ ਹੋਣੀ ਜ਼ਰੂਰੀ ਹੈ ਕਿ ਮੈਂ *ਆਪਣੇ* ਮਨ ਵਿਚ ਉਸ ਦੇ ਖ਼ਿਲਾਫ਼ ਕੋਈ ਵੈਰ ਨਾ ਰੱਖਾਂ। ਮੈਨੂੰ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ''ਕੋਈ ਕੌੜੀ ਜੜ੍ਹ'' ਨਾ ਫੁੱਟ ਨਿੱਕਲੇ (ਇਬਰਾਨੀਆਂ 12:15), ਜਿਹੜੀ ਮੇਰੇ ਮਨ ਵਿਚ ਫੈਲ ਕੇ ਉਸ ਪਿਆਰ ਨੂੰ ਜਿਹੜਾ ਦੂਜਿਆਂ ਲਈ ਮੇਰੇ ਮਨ ਵਿਚ ਹੋਣਾ ਚਾਹੀਦਾ ਹੈ, ਬਾਹਰ ਕੱਢ ਦੇਵੇ।

ਦੁਆ ਦੇ ਇਸ ਭਾਗ ਦੇ ਲੂਕਾ ਦੇ ਵਿਰਤਾਂਤ ਵਿਚ ਇਹ ਸਕਾਰਾਤਮਕ ਟਿੱਪਣੀ ਮਿਲਦੀ ਹੈ: ''ਕਿਉਂ ਜੋ ਅਸੀਂ ਆਪ ਵੀ ਆਪਣੇ ਹਰੇਕ ਕਰਜਾਈ ਨੂੰ ਮਾਫ਼ ਕਰਦੇ ਹਾਂ'' (ਲੂਕਾ 11:4ਅ)। ਜੇ ਅਸੀਂ ਮਾਫ਼ ਕਰਨ ਲਈ ਤਿਆਰ ਨਾ ਹੋਈਏ ਤਾਂ? ਕਿਹਾ ਜਾਂਦਾ ਹੈ ਕਿ ਜੋ ਆਦਮੀ ਮਾਫ਼ ਕਰਨ ਲਈ ਤਿਆਰ ਨਹੀਂ ਹੈ, ਉਹ ਉਸੇ ਪੁਲ ਨੂੰ ਢਾਹ ਰਿਹਾ ਹੈ ਜਿਸ ਉੱਤੋਂ ਦੀ ਉਸ ਨੇ ਆਪ ਲੰਘਣਾ ਹੈ। ਆਦਰਸ਼ ਦੁਆ ਦੇ ਫ਼ੌਰਨ ਬਾਅਦ ਯਿਸੂ ਦੇ ਹਿਲਾ ਦੇਣ ਵਾਲੇ ਸ਼ਬਦਾਂ ਤੇ ਧਿਆਨ ਦਿਓ: ''ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਦਿਓ ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ। ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਤੁਹਾਡੇ

ਅਪਰਾਧ ਮਾਫ਼ ਨਹੀਂ ਕਰੇਗਾ'' (ਮੱਤੀ 6: 14, 15)।

## ਦੂਰ-ਅੰਦੇਸ਼ੀ ਵਿਚ ਆਦਰਸ਼

ਦੁਆ ਜਾਰੀ ਰਹਿੰਦੀ ਹੈ, ''ਤਾਂ ਸਾਨੂੰ ਪਰਤਾਵੇ ਵਿਚ ਨਾ ਲਿਆ[12] ਸਗੋਂ ਬੁਰਿਆਈ ਤੋਂ ਬਚਾ'' (ਮੱਤੀ 6: 13ੳ; ਵੇਖੋ ਲੂਕਾ 11: 4ੲ)। ਆਦਰਸ਼ ਦੁਆ ਦੂਰਅੰਦੇਸ਼ੀ ਵਿਚ ਆਦਰਸ਼ ਹੈ, ਕਿਉਂਕਿ ਇਹ ਸਿਰਫ਼ ਪਾਪਾਂ ਦੀ ਮਾਫ਼ੀ ਨਾਲ ਹੀ ਨਹੀਂ ਬਲਕਿ ਉਸ ਤੋਂ ਦੂਰ ਰਹਿਣ ਦਾ ਧਿਆਨ ਰੱਖਦੀ ਹੈ, ਜੋ ਪਾਪ ਵੱਲ ਲੈ ਜਾਂਦਾ ਹੈ।

''ਬੁਰਿਆਈ'' ਸ਼ਬਦ ਦੇ ਸਬੰਧ ਵਿਚ ਯੂਨਾਨੀ ਲਿਖਤ ਵਿਚ ਇਸ ਤੋਂ ਪਹਿਲਾਂ ਇਕ ਉਪਸਰਗ ਹੈ: ''*the* evil'' ਇਸ ਤੋਂ ਭਾਵ ''ਬੁਰੀ [ਚੀਜ਼] ਹੋ ਸਕਦਾ ਹੈ'' (ਭਾਵ ਕੋਈ ਵੀ ਜੋ ਬੁਰੀ) ਜਾਂ ''ਬੁਰਾ'' (ਭਾਵ ਸ਼ੈਤਾਨ)।[13] ਦੂਜਾ (ਬੁਰਾ) ਪਹਿਲੇ (ਬੁਰੀ ਚੀਜ਼) ਲਈ ਜ਼ਿੰਮੇਵਾਰ ਹੈ, ਇਸ ਕਰਕੇ ਦੋਹਾਂ ਵਿਚ ਇੱਕੋ ਹੀ ਮੂਲ ਵਿਚਾਰ ਹੋ ਸਕਦਾ ਹੈ।

ਦੁਆ ਦਾ ਇਹ ਭਾਗ ਸਾਨੂੰ ਅਜ਼ਮਾਇਸ਼ ਤੋਂ ਦੂਰ ਰਹਿਣ ਲਈ ਖ਼ੁਦਾ ਦੀ ਮਦਦ। ਉਸ ਅਜ਼ਮਾਇਸ਼ ਦਾ ਸਾਹਮਣਾ ਕਰਨ ਲਈ[14] ਮਦਦ ਜਿਹੜੀ ਸਾਡੇ ਰਾਹ ਵਿਚ ਆਉਂਦੀ ਹੈ ਅਤੇ ਸ਼ੈਤਾਨ ਨੂੰ ਹਰਾਉਣ ਲਈ ਮਦਦ ਮੰਗਣਾ ਸਿਖਾਉਂਦਾ ਹੈ। ਇਹ ਸਾਡੇ ਉੱਤੇ ਜ਼ਿੰਮੇਵਾਰੀ ਵੀ ਪਾਉਂਦਾ ਹੈ। ਹਰ ਵਾਰ ਅਸੀਂ ਅਜ਼ਮਾਇਸ਼ ਭਰੇ ਹਾਲਾਤ ਵਿਚ ਆਪਣੀਆਂ ਅੱਖਾਂ ਖੋਲ ਕੇ ਜਾਣ ਦੇ ਬਾਅਦ ਚਾਹੁੰਦੇ ਹਾਂ ਕਿ ਖ਼ੁਦਾ ਸਾਨੂੰ ਮੁਸ਼ਕਿਲ ਵਿੱਚੋਂ ਕੱਢ ਦੇਵੇ। ਅਸੀਂ ਲਗਾਤਾਰ ਦੁਆ ਕਰਦਿਆਂ ਕਿ ''ਸਾਨੂੰ ਅਜ਼ਮਾਇਸ਼ ਵਿਚ ਨਾ ਪਾ'' ਜਾਣ ਬੁੱਝ ਕੇ ਅਤੇ ਇਹ ਜਾਣਦੇ ਹੋਏ ਕਿ ਉਨ੍ਹਾਂ ਹਾਲਾਤ ਵਿਚ ਨਹੀਂ ਜਾ ਸਕਦੇ, ਜਿਨ੍ਹਾਂ ਵਿਚ ਸਾਨੂੰ ਪਤਾ ਹੈ ਕਿ ਅਸੀਂ ਅਜ਼ਮਾਇਸ਼ ਵਿਚ ਪੈ ਜਾਵਾਂਗੇ।

## ਤਾਰੀਫ਼ ਵਿਚ ਆਦਰਸ਼

ਮਸ਼ਹੂਰ ''ਪ੍ਰਭੂ ਦੀ ਪ੍ਰਾਰਥਨਾ'' ਇਸ ਆਖ਼ਰੀ ਸ਼ਬਦਾਂ ਨੂੰ ਅੰਗ੍ਰੇਜ਼ੀ ਦੇ ਨਿਊ ਅਮੈਰੀਕਨ ਸਟੈਂਡਰਡ ਬਾਈਬਲ ਵਿਚ ਬ੍ਰੈਕਟਾਂ ਵਿਚ ਰੱਖਿਆ ਗਿਆ ਹੈ: ''ਕਿਉਂਕਿ ਰਾਜ ਅਤੇ ਕੁਦਰਤ ਅਤੇ ਵਡਿਆਈ ਸਦਾ ਤੇਰੇ ਹਨ। ਆਮੀਨ'' (ਮੱਤੀ 6: 13ਅ)। ਇਹ ਸਮਾਪਤੀ ਮੁੱਢਲੀਆਂ ਮੂਲ ਲਿਖਤਾਂ ਵਿਚ ਨਹੀਂ ਮਿਲਦੀ। ਪਰ ਇਸ ਗੱਲ ਦਾ ਸਬੂਤ ਹੈ ਕਿ ਇਹ ਸ਼ਬਦ ਮੁੱਢਲੀਆਂ ਸਦੀਆਂ ਦੀ ਕਲੀਸੀਆ ਵਿਚ ਵਰਤੇ ਜਾਂਦੇ ਸਨ ਅਤੇ ਜ਼ਿਆਦਾਤਰ ਅਨੁਵਾਦਾਂ ਵਿਚ ਕਿਤੇ ਨਾ ਕਿਤੇ ਟਿੱਪਣੀਆਂ ਜਾਂ ਨੋਟਸ ਵਿਚ ਮਿਲ ਜਾਂਦੇ ਹਨ। ਉਹ ਦੁਆ ਖ਼ਤਮ ਕਰਨ ਦਾ ਸਹੀ ਤਰੀਕਾ ਹਨ। ਉਹ ਹਰ ਤਰ੍ਹਾਂ ਦੀ ਭਲਿਆਈ ਦੇ ਦੇਣ ਵਾਲੇ ਖ਼ੁਦਾ ਵੱਲ ਨੂੰ ਵਾਪਸ ਜਾਂਦੇ ਹਾਂ।

- ''ਰਾਜ'' ਉਸੇ ਦਾ ਹੈ। ਰਾਜ ਉਸੇ ਦਾ ਹੈ, ਅਤੇ ਉਹ ਸਭ ਦੇ ਉੱਪਰ ਹੈ। ਸਾਨੂੰ ਉਸ ਨੂੰ ਮੰਨਣਾ ਪਵੇਗਾ।
- ''ਕੁਦਰਤ'' ਉਸੇ ਦੀ ਹੈ। ਮਨੁੱਖ ਕੋਲ ਜੋ ਵੀ ਸ਼ਕਤੀ ਹੈ ਉਹ ਖ਼ੁਦਾ ਦੀ ਸ਼ਕਤੀ ਦੇ ਸਾਹਮਣੇ ਬਹੁਤ ਘੱਟ ਹੈ। ਸਾਨੂੰ ਇਸ ਹਕੀਕਤ ਨੂੰ ਵੀ ਮੰਨਣਾ ਚਾਹੀਦਾ ਹੈ।
- ''ਵਡਿਆਈ'' ਉਸੇ ਦੀ ਹੈ ਅਤੇ ਸਾਨੂੰ ਇਹ ਦੱਸਣਾ ਚਾਹੀਦਾ ਹੈ। ਇਹ ਸਭ ਗੱਲਾਂ, ਸਦਾ ਤੀਕ ਰਹਿਣਗੀਆਂ ''ਆਮੀਨ''

## ਸਾਰ

ਇਹੀ ਆਦਰਸ਼ ਪ੍ਰਾਰਥਨਾ ਹੈ ਕਿ ਇਹ ਤੁਹਾਨੂੰ ਅਤੇ ਮੈਨੂੰ ਉਹ ਸਭ ਸਿਖਾਉਂਦੀ ਹੈ ਜੋ ਦੁਆ

ਬਾਰੇ ਜਾਣਨਾ ਜ਼ਰੂਰੀ ਹੈ? ਉਦਾਹਰਣ ਲਈ ਇਹ ਯਿਸੂ ਦੇ ਨਾਂਅ ਵਿਚ ਨਹੀਂ ਹੈ। ਆਦਰਸ਼ ਦੁਆ ਉਦੋਂ ਕਹੀ ਗਈ ਸੀ ਜਦ ਮੂਸਾ ਦੀ ਸ਼ਰ੍ਹਾ ਪ੍ਰਭਾਵੀ ਸੀ ਅਤੇ ਅੱਜ ਕਿਸੇ ਵੀ ਵਿਵੇਕੀ ਯਹੂਦੀ ਵੱਲੋਂ ਕੀਤੀ ਜਾ ਸਕਦੀ ਹੈ। ਪੌਲੁਸ ਨੇ ਦੱਸਿਆ ਕਿ ਨਵੇਂ ਨੇਮ ਵਿਚ ਸਾਨੂੰ ''ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ *ਮਸੀਹ ਦੇ ਨਾਮ ਉੱਤੇ*[15] ਪਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ'' ਕਰਦੇ ਰਹਿਣਾ ਚਾਹੀਦਾ ਹੈ (ਅਫ਼ਸੀਆਂ 5:20; ਵੀ ਵੇਖੋ ਕੁਲੁੱਸੀਆਂ 3:17)।

ਫਿਰ ਆਦਰਸ਼ ਪ੍ਰਾਰਥਨਾਂ ਦੀਆਂ ਬੇਨਤੀਆਂ ਆਮ ਬੇਨਤੀਆਂ ਹੀ ਹਨ। ਜਦ ਤੁਸੀਂ ਅਤੇ ਮੈਂ ਦੁਆ ਕਰਦੇ ਹਾਂ, ਤਾਂ ਸਾਨੂੰ ਸਾਫ਼ ਗੱਲਾਂ ਕਰਨੀਆਂ ਚਾਹੀਦੀਆਂ ਹਨ। ਸਾਨੂੰ ਖ਼ਾਸ ਬਰਕਤਾਂ ਲਈ ਸ਼ੁਕਰ ਕਰਨਾ ਚਾਹੀਦਾ ਹੈ; ਸਾਨੂੰ ਖ਼ਾਸ ਪਾਪਾਂ ਨੂੰ ਮੰਨ ਲੈਣਾ ਚਾਹੀਦਾ ਹੈ; ਸਾਨੂੰ ਖ਼ਾਸ ਲੋਕਾਂ ਲਈ ਦੁਆ ਕਰਨੀ ਚਾਹੀਦੀ ਹੈ।

ਤਾਂ ਵੀ ਬਹੁਤ ਕੁਝ ਹੈ ਜਿਹੜਾ ਇਸ ਆਦਰਸ਼ ਪ੍ਰਾਰਥਨਾ ਤੋਂ ਸਿੱਖਿਆ ਜਾ ਸਕਦਾ ਹੈ। ਜਿਵੇਂ ਕਿ ਕਿਹਾ ਗਿਆ ਹੈ ਕਿ ਇਹ ਪਵਿੱਤਰਤਾਈ, ਜ਼ੋਰ, ਵਿਰਾਗ, ਸੰਜਮ, ਹਲੀਮੀ, ਦੂਰ–ਅੰਦੇਸ਼ੀ ਅਤੇ ਵਡਿਆਈ ਵਿਚ ਆਦਰਸ਼ ਹੈ।

ਅਖ਼ੀਰ ਵਿਚ ਮੈਂ ਤੁਹਾਨੂੰ ਯਾਦ ਦੁਆਉਣਾ ਚਾਹੁੰਦਾ ਹਾਂ ਕਿ ਇਸ ਦੁਆ ਦੀ ਸ਼ੁਰੂਆਤ ''*ਹੇ ਸਾਡੇ ਪਿਤਾ,* ਜਿਹੜਾ ਸੁਰਗ ਵਿਚ ਹੈ'' (ਮੱਤੀ 6:9ਅ) ਨਾਲ ਹੁੰਦੀ ਹੈ। ਤੁਸੀਂ ਹਕੀਕਤ ਵਿਚ ਉਦੋਂ ਤਕ ਇਹ ਦੁਆ ਨਹੀਂ ਕਰ ਸਕਦੇ ਜਦੋਂ ਤਕ ਖ਼ੁਦਾ ਤੁਹਾਡਾ ਪਿਤਾ ਨਹੀਂ ਹੈ। *ਕੀ* ਉਹ ਤੁਹਾਡਾ ਪਿਤਾ ਹੈ? *ਕੀ* ਤੁਸੀਂ ਉਸ ਦੀ ਸੰਤਾਨ ਹੋ? ਕੀ ਤੁਸੀਂ ਵਿਸ਼ਵਾਸ ਅਤੇ ਹੁਕਮ ਮੰਨਣ ਦੇ ਰਾਹੀਂ ਉਸ ਦੇ ਪਰਿਵਾਰ ਵਿਚ ਜਨਮ ਲੈ ਲਿਆ ਹੈ? ਪੌਲੁਸ ਨੇ ਲਿਖਿਆ ਹੈ, ''ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤਰ ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ'' (ਗਲਾਤੀਆਂ 3:26, 27)। ਜੇ ਤੁਸੀਂ ਪਸਚਾਤਾਪੀ ਵਿਸ਼ਵਾਸੀ ਦੇ ਤੌਰ ਤੇ ਬਪਤਿਸਮਾ ਲਿਆ ਹੈ, ਤਾਂ ਕੀ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ *ਸਲੂਕ* ਕੀਤਾ ਹੈ ਜਾਂ ਤੁਸੀਂ ਆਪਣੇ ਪਰਿਵਾਰ, ਕਲੀਸੀਆ ਦੇ ਨਾਂਅ ਨੂੰ ਧੱਬਾ ਲਾਇਆ ਹੈ (1 ਤਿਮੋਥਿਉਸ 3:15)? ਜੇ ਤੁਸੀਂ ਬਪਤਿਸਮਾ ਨਹੀਂ ਲਿਆ ਜਾਂ ਤੁਹਾਨੂੰ ਘਰ ਵਾਪਸੀ ਦੀ ਲੋੜ ਹੈ (ਵੇਖੋ ਗਲਾਤੀਆਂ 6:1; ਰਸੂਲਾਂ ਦੇ ਕੰਮ 8:22; ਯਾਕੂਬ 5:16), ਤਾਂ ਮੇਰੀ ਦੁਆ ਹੈ ਕਿ ਅੱਜ ਹੀ ਲੈ ਲਵੋ।

## ਨੋਟਸ

ਇਸ ਸਰਮਨ ਵਿੱਚੋਂ ਪ੍ਰਚਾਰ ਕਰਦਿਆਂ ਮੈਂ ਪ੍ਰਚਾਰ ਕਰਨ ਤੋਂ ਪਹਿਲਾਂ ਕਿਸੇ ਨੂੰ ਲੂਕਾ 11:1–4 ਪੜ੍ਹਨ ਲਈ ਆਖਦਾ ਹਾਂ। ਇਸ ਤਰ੍ਹਾਂ ਇਹ ਟਿੱਪਣੀਆਂ ਸ਼ੁਰੂ ਕਰਨ ਨਾਲ ਇਹ ਸ਼ਬਦ ਸੁਣਨ ਵਾਲਿਆਂ ਦੇ ਮਨਾਂ ਵਿਚ ਤਾਜ਼ੇ ਹੋ ਜਾਂਦੇ ਹਨ। ਫਿਰ ਜਦ ਮੈਂ ਦਸਦਾ ਹਾਂ ਕਿ ਯਿਸੂ ਦਾ ਜਵਾਬ ਉਹ ਕਥਿਤ ''ਪ੍ਰਭੂ ਦੀ ਪ੍ਰਾਰਥਨਾ'' ਸੀ ਤਾਂ ਮੈਂ ਆਖਦਾ ਹਾਂ, ''ਤੁਸੀਂ ਹੁਣੇ ਲੂਕਾ ਦਾ ਲਿਖਿਆ ਪੜਿਆ।'' ਇਹ ਮੱਤੀ ਦਾ ਲਿਖਿਆ ਹੈ। ਫਿਰ ਮੈਂ ਮੱਤੀ 6 ਵਿੱਚੋਂ ਪੜ੍ਹਦਾ ਜਾਂ ਦੁਹਰਾਉਂਦਾ ਹਾਂ।

ਇਸ ਸਮਰਨ ਲਈ ਮੇਰੇ ਪਹਿਲੇ ਨੋਟਸ ਬਹੁਤ ਪਹਿਲਾਂ ਬਣਾਏ ਗਏ ਸਨ; ਜੇ ਮੈਂ ਦੂਜਿਆਂ ਦੇ ਵਿਚਾਰਾਂ ਲਈ ਕਿਸੇ ਨੂੰ ਬਣਦਾ ਸੇਹਰਾ ਨਹੀਂ ਦੇ ਪਾਇਆ ਤਾਂ ਉਸਦੇ ਲਈ ਖਿਮਾਂ ਦਾ ਯਾਜਕ ਹਾਂ।

---

ਟਿੱਪਣੀਆਂ

[1]ਬੱਚਿਆਂ, ਜਵਾਨਾਂ ਅਤੇ ਬਾਲਗਾਂ ਦੇ ਤਿੰਨ ਵਰਗਾਂ ਦੇ ਸਬੰਧ ਵਿਚ ਮੈਂ ਆਮ ਹੋਣ ਦੀ ਕੋਸ਼ਿਸ਼ ਕੀਤੀ। ਇਸ ਤੇ ਪ੍ਰਚਾਰ ਕਰਦਿਆਂ, ਜਿੱਥੇ ਤੁਸੀਂ ਰਹਿੰਦੇ ਹੋ ਉੱਥੇ ਵੱਖ ਵੱਖ ਉਮਰ ਦੇ ਵਰਗਾਂ ਦੇ ਲੋਕਾਂ ਵੱਲੋਂ ਪੁੱਛੇ ਗਏ

ਸਵਾਲ ਜੋੜ ਲਵੋ। [2]ਭਾਵ ਮੱਤੀ ਦੇ ਵਿਰਤਾਂਤ ਦੇ NASB ਦੇ ਅਨੁਵਾਦ ਵਿਚ ਆਇਤ 13 ਦੇ ਆਖ਼ਰੀ ਸ਼ਬਦਾਂ ਸਣੇ, 68 ਸ਼ਬਦ ਵਰਤੇ ਗਏ ਹਨ। (ਇਸ ਤੇ ਅੱਗੇ ਨੋਟਸ ਵੇਖੋ) KJV ਵਿਚ ਮੱਤੀ ਦੇ ਵਿਰਤਾਂਤ ਵਿਚ 66 ਸ਼ਬਦ ਵਰਤੇ ਗਏ ਹਨ। ਯੂਨਾਨੀ ਲਿਖਤ ਵਿਚ ਜਿਸ ਵਿਚ ਮੱਤੀ 6:13 ਦਾ ਅਖ਼ਰੀ ਭਾਗ ਨਹੀਂ ਹੈ, 57 ਸ਼ਬਦ ਵਰਤੇ ਗਏ ਹਨ। [3]ਇਹ ਗਿਣਤੀ NASB ਦੇ ਅਧਾਰ ਤੇ ਹੈ। KJV ਵਿਚ ਲੂਕਾ ਦੇ ਵਿਰਤਾਂਤ ਵਿਚ 58 ਸ਼ਬਦ ਹਨ। [4]ਕਿਹਾ ਜਾਂਦਾ ਹੈ ਕਿ ''ਪ੍ਰਭੂ ਦੀ ਪ੍ਰਾਰਥਨਾ'' *ਅਸਲ ਵਿਚ* ਯੂਹੰਨਾ 17 ਵਿਚ ਹੈ। [5]ਇਕੱਲੇ ਲੰਮੀਆਂ ਲੰਮੀਆਂ ਦੁਆਵਾਂ ਕਰਨ ਵਿਚ ਕੋਈ ਬੁਰਿਆਈ ਨਹੀਂ ਹੈ। ਯਿਸੂ ਆਮ ਤੌਰ ਤੇ ਰਾਤ ਰਾਤ ਭਰ ਦੁਆ ਕਰਦਾ ਰਹਿੰਦਾ ਸੀ। ਪਰ ਯਾਦ ਰੱਖੋ ਕਿ ਆਮ ਲੋਕਾਂ ਵਿਚ ਕੀਤੀਆਂ ਜਾਣ ਵਾਲੀਆਂ ਦੁਆਵਾਂ (ਲੋਕਾਂ ਵਿਚ ਦਿੱਤੇ ਗਏ ਸਰਮਨਾਂ ਵਾਂਗ) ਪ੍ਰਭਾਵਸ਼ਾਲੀ ਹੋਣ ਲਈ ਲੰਮੀਆਂ ਨਹੀਂ ਹੋਣੀਆਂ ਚਾਹੀਦੀਆਂ। [6]ਜਦ ਮੈਂ ਛੋਟਾ ਸਾਂ, ਤਾਂ ਅਸੀਂ ਕਹਿੰਦੇ ਹੋਵਾਂਗੇ, ''ਉਹ ਸਿਰਫ਼ ਤੁਹਾਡਾ ਯਾਰ ਹੀ ਨਹੀਂ ਹੈ।'' ਤੁਹਾਡੇ ਇੱਥੇ ਵੀ ਅਜਿਹੇ ਸ਼ਬਦ ਜ਼ਰੂਰ ਹੋਣਗੇ। [7]*ਦ ਅਨਾਲੈਟਿਕਲ ਗ੍ਰੀਕ ਲੈਕਸੀਕਨ* (ਲੰਦਨ: ਸੈਮੂਏਲ ਬੈਗਸਟਰ ਐਂਡ ਸੰਜ਼ ਲਿਮਿਟਡ, 1971), 3. [8]ਦਾਨੀਏਲ ਨੇ ਨਬੂਵਤ ਕੀਤੀ ਕਿ ਚੌਥੇ ਰਾਜੇ ਦੇ ਦਿਨਾਂ ਵਿਚ ਰਾਜ ਕਾਇਮ ਹੋਵੇਗਾ, ਜੋ ਕਿ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਰੋਮੀ ਹਕੂਮਤ ਸੀ। [9]ਜਿੱਥੇ ਤੁਸੀਂ ਰਹਿੰਦੇ ਹੋ, ਉੱਥੋਂ ਦੀਆਂ ਕੀਤੀਆਂ ਜਾ ਸਕਣ ਵਾਲੀਆਂ ਬੇਨਤੀਆਂ ਨੂੰ ਦਰਸਾਉਣ ਲਈ ਇਸ ਵਾਕ ਨੂੰ ਬਦਲ ਲਵੋ। [10]*ਗ੍ਰੀਕ ਲੈਕਸੀਕਨ,* 296. ਇਸ ਪ੍ਰਾਰਥਨਾ ਦੇ ਇਕ ਅਨੁਵਾਦ ਵਿਚ ਜਿਸ ਦੀ ਵਰਤੋਂ ਬਹੁਤ ਸਾਰੇ ਲੋਕਾਂ ਵੱਲੋਂ ਕੀਤੀ ਜਾਂਦੀ ਹੈ ''ਅਪਰਾਧ'' ਸ਼ਬਦ ਹੈ (ਜਿਸਦਾ ਅਰਥ ''ਪਾਪ'' ਹੋ ਸਕਦਾ ਹੈ): ''ਸਾਡੇ ਅਪਰਾਧਾਂ ਨੂੰ ਮਾਫ਼ ਕਰ, ਜਿਵੇਂ ਅਸੀਂ ਆਪਣੇ ਅਪਰਾਧ ਕਰਨ ਵਾਲਿਆਂ ਨੂੰ ਮਾਫ਼ ਕਰਦੇ ਹਾਂ।''

[11]ਲੂਕਾ ਨੇ ''ਪਾਪ'' ਅਤੇ ''ਕਰਜ਼'' ਸ਼ਬਦਾਂ ਨੂੰ ਇਕ ਦੂਜੇ ਦੇ ਥਾਂ ਤੇ ਵਰਤਿਆ ਹੈ। [12]ਯੂਨਾਨੀ ਸ਼ਬਦ ਦੇ ਅਨੁਵਾਦ ''ਪਰਤਾਵਾ'' ਦੇ ਕਈ ਅਰਥ ਹੋ ਸਕਦੇ ਹਨ। ਪਰ ਇਸ ਆਇਤ ਵਿਚ ਇਸਦੀ ਵਰਤੋਂ ''ਬੁਰਿਆਈ'' ਦੇ ਥਾਂ ਹੋਈ ਹੈ। ਇਸ ਸੰਦਰਭ ਵਿਚ ਇਹ ''ਬੁਰਿਆਈ ਕਰਨ ਦੀ ਅਜ਼ਮਾਇਸ਼'' ਲਈ ਹੈ। [13]NKJV ਦਾ ਅਨੁਵਾਦ ''ਬੁਰਿਆਰ'' ਹੈ। [14]ਖ਼ੁਦਾ ਕਿਸੇ ਨੂੰ ਅਜ਼ਮਾਉਂਦਾ ਨਹੀਂ ਹੈ (ਯਾਕੂਬ 1:13), ਇਸ ਕਰਕੇ ''ਸਾਨੂੰ ਪਰਤਾਵੇ ਵਿਚ ਨਾ ਲਿਆ'' ਵਾਕਅੰਸ਼ ਤੋਂ ਭਾਵ ਕੁਝ ''ਸਾਨੂੰ ਅਜ਼ਮਾਇਸ਼ ਵਿਚ ਪੈਣ ਤੋਂ ਬਚਣ ਵਿਚ ਮਦਦ ਕਰ'' ਹੋਣਾ ਚਾਹੀਦਾ ਹੈ। [15]ਮਸ਼ਹੂਰ ਵਾਕਅੰਸ਼ ''ਯਿਸੂ ਦੇ ਨਾਮ ਵਿਚ'' ਤੋਂ ਭਾਵ ਸਿਰਫ਼ ਕੁਝ ਕਹਿਣਾ ਨਹੀਂ ਹੈ; ਇਹ ਇਸ ਗੱਲ ਨੂੰ ਸਮਝਣ ਦੀ ਸਾਡੀ ਮਜਬੂਰੀ ਹੈ ਕਿ ਯਿਸੂ ਸਾਡਾ ਵਿਚੋਲਾ ਹੈ (1 ਤਿਮੋਥਿਉਸ 2:5)।

# ''ਤੂੰ ਪਰਮੇਸ਼ੁਰ ਦੇ ਰਾਜ ਤੋਂ ਦੂਰ ਨਹੀਂ ਹੈਂ''[1]

## ਮਰਕੁਸ 12:28-34

ਧਰਤੀ ਉਤਲੀ ਯਿਸੂ ਦੀ ਸੇਵਕਾਈ ਦੇ ਆਖ਼ਰੀ ਹਫ਼ਤੇ ਵਾਲਾ ਮੰਗਲਵਾਰ ਸਵਾਲਾਂ ਦਾ ਵੱਡਾ ਦਿਨ ਸੀ।[2] ਉਸ ਦੇ ਵੈਰੀ ਉਸ ਨੂੰ ਫਸਾਉਣ ਦੀ ਕੋਸ਼ਿਸ਼ ਵਿਚ ਇਕ ਦੇ ਬਾਅਦ ਇਕ ਸਵਾਲ ਲੈ ਕੇ ਆ ਰਹੇ ਸਨ। ਇਹ ਸਰਮਨ ਉਸ ਦਿਨ ਉਸ ਦੇ ਵਿਰੋਧੀਆਂ ਵੱਲੋਂ ਪੁੱਛੇ ਗਏ ਆਖ਼ਰੀ ਸਵਾਲ ਤੇ ਹੈ।

ਮੱਤੀ ਦਾ ਵਿਰਤਾਂਤ (ਮੱਤੀ 22:34-40) ਇਹ ਸਪਸ਼ਟ ਕਰਦਾ ਹੈ ਕਿ ਫ਼ਰੀਸੀ ਪ੍ਰਭੂ ਨੂੰ ਫ਼ਸਾਉਣੀ ਉਮੀਦ ਨਾਲ ਇਸ ਸਵਾਲ ਦੀ ਹਮਾਇਤ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਇਹ ਸਵਾਲ ਦੱਸਣ ਦੀ ਕੋਸ਼ਿਸ਼ ਕਰਦਿਆਂ ਕਿ ਅੱਗੇ ਕੀ ਪੁੱਛਣਾ ਹੈ, ਡੰਡ ਪਾਉਂਦਿਆਂ ਵੇਖ ਸਕਦਾ ਹਾਂ। ਸਵਾਲ ਲੈ ਕੇ ਆਉਣ ਦੇ ਬਾਅਦ ਉਨ੍ਹਾਂ ਨੇ ਵਿਚਾਰ ਕੀਤਾ ਕਿ ਸਵਾਲ ਕੌਣ ਪੁੱਛੇਗਾ। ਇਕ ਪਾਸੇ ਖੜੇ ਯਿਸੂ ਨੂੰ ਵੇਖਦੇ ਹੋਏ ਮੈਂ ਯਰੂਸ਼ਲਮ ਦੇ ਸਭ ਤੋਂ ਤੇਜ਼ ਤਰਾਰ ਗ੍ਰੰਥੀ ਦੀ ਕਲਪਨਾ ਕਰ ਸਕਦਾ ਹਾਂ। ਦੂਜਿਆਂ ਨੇ ਕਿਹਾ ਹੋ ਸਕਦਾ ਹੈ, ''ਇਹ ਵੀ ਸਹੀ ਹੈ। ਚਲੋ *ਇਸੇ ਨੂੰ ਸਵਾਲ* ਪੁੱਛਣ ਲਾਉਂਦੇ ਹਾਂ।''[3] ਜਿਹੜੀ ਗੱਲ ਉਨ੍ਹਾਂ ਨੇ ਨਹੀਂ ਸਮਝੀ ਉਹ ਇਹ ਸੀ ਕਿ ਇਹ ਆਦਮੀ ਸਦੂਕੀਆਂ ਨੂੰ ਦਿੱਤੇ ਯਿਸੂ ਦੇ ਪਹਿਲੇ ਜਵਾਬ ਵੇਲੇ ਉਸ ਤੋਂ ਪ੍ਰਭਾਵਿਤ ਹੋ ਚੁੱਕਿਆ ਸੀ (ਵੇਖੋ ਮਰਕੁਸ 12:28ੳ; ਲੂਕਾ 20:39)।

## ਰਾਜ ਤੋਂ ਦੂਰ ਨਹੀਂ-ਉਸ ਵਕਤ

### ਗ੍ਰੰਥੀ ਦਾ ਸਵਾਲ

ਇਸ ਘਟਨਾ ਦੇ ਮਰਕੁਸ ਦੇ ਵਿਰਤਾਂਤ ਤੋਂ ਇਸ ਆਦਮੀ ਦੀ ਖ਼ਾਸ ਖੂਬੀ ਦਾ ਪਤਾ ਲਗਦਾ ਹੈ, ਉਹ ਖੂਬੀ ਜਿਸ ਦੀ ਮਸੀਹ ਨੇ ਤਾਰੀਫ਼ ਕੀਤੀ। ''ਗ੍ਰੰਥੀਆਂ ਵਿੱਚੋਂ ਇਕ ਨੇ ਕੋਲ ਆਣ ਕੇ ਉਨ੍ਹਾਂ ਦਾ ਸਵਾਲ ਜਵਾਬ ਸੁਣਿਆ ਅਤੇ ਇਹ ਸਮਝ ਕੇ ਕਿ ਉਸ ਨੇ ਉਨ੍ਹਾਂ *[ਯਿਸੂ ਅਤੇ ਸਦੂਕੀਆਂ]* ਨੂੰ ਚੰਗਾ ਜਵਾਬ ਦਿੱਤਾ ਉਹ ਨੂੰ ਪੁੱਛਿਆ, ਸਭਨਾਂ ਹੁਕਮਾਂ ਵਿੱਚੋਂ ਵੱਡਾ ਕਿਹੜਾ ਹੈ'' (ਮਰਕੁਸ 12:28)।

ਗ੍ਰੰਥੀਆਂ ਨੇ ਪੁਰਾਣੇ ਨੇਮ ਦੀ ਲਿਖਤ ਦੇ ਹੁਕਮਾਂ ਦੀ ਗਿਣਤੀ ਕੀਤੀ ਸੀ ਅਤੇ ਉਨ੍ਹਾਂ ਦੇ ਮੁਤਾਬਿਕ ਇਹ ਹੁਕਮ 613 ਹਨ। ਇਨ੍ਹਾਂ ਵਿੱਚੋਂ ਸੱਠ ਫ਼ੀਸਦੀ ਦੇ ਕਰੀਬ ਨਕਾਰਾਤਮਕ ਅਤੇ ਚਾਲੀ ਫ਼ੀਸਦੀ ਦੇ ਕਰੀਬ ਸਕਾਰਾਤਮਕ ਸਨ। ਐਨੇ ਸਾਰੇ ਹੁਕਮਾਂ ਨੂੰ ਯਾਦ ਰੱਖਣ ਦੇ ਬਜਾਏ ਉਨ੍ਹਾਂ ਨੇ ਕੁਝ ਕੁਝ ਮੁੱਖ ਹੁਕਮਾਂ ਉੱਤੇ ਧਿਆਨ ਲਾਉਣ ਅਤੇ ਬਾਕੀ ਹੁਕਮਾਂ ਨੂੰ ਇਨ੍ਹਾਂ ਨਾਲ ਜੋੜਨ ਦਾ ਫ਼ੈਸਲਾ ਕੀਤਾ ਸੀ। ਇਸ ਨਾਲ ਸਹੀ ਅਤੇ ਗਲਤ ਸਵਾਲਾਂ ਦਾ ਫ਼ੈਸਲਾ ਕਰਨਾ ਆਸਾਨ ਹੋ ਜਾਂਦਾ ਸੀ। ਇਸ ਕਰਕੇ ਉਹ ਬਹਿਸ ਕਰਦੇ ਸਨ ਕਿ ''ਸਭਨਾਂ ਹੁਕਮਾਂ ਵਿੱਚੋਂ ਵੱਡਾ ਕਿਹੜਾ ਹੈ?''

### ਯਿਸੂ ਦਾ ਜਵਾਬ

ਪਹਿਲਾਂ ਵੀ ਯਿਸੂ ਤੋਂ ਇਹ ਸਵਾਲ ਪੁੱਛਿਆ ਗਿਆ ਸੀ (ਲੂਕਾ 10:25-28) ਅਤੇ ਉਸ ਦਾ ਜਵਾਬ ਹੁਣ ਵੀ ਉਹੀ ਸੀ, ''ਮੁੱਖ ਇਹ ਹੈ ਕਿ ਹੇ ਇਸਰਾਏਲ, ਸੁਣ। ਪ੍ਰਭੂ ਸਾਡਾ ਪਰਮੇਸ਼ੁਰ ਇੱਕੋ

ਪ੍ਰਭੂ ਹੈ। ਅਰ ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰ'' (ਮਰਕੁਸ 12:29, 30)। ਮਸੀਹ ਵਿਵਸਥਾਸਾਰ 6:4, 5 ਵਿੱਚੋਂ ਦੋਹਰਾ ਰਿਹਾ ਸੀ।

ਸਵਾਲ ਪੁੱਛਣ ਵਾਲਿਆਂ ਨੇ ਸਭ ਤੋਂ ਵੱਡੇ ਦੂਜੇ ਹੁਕਮ ਬਾਰੇ ਨਹੀਂ ਪੁੱਛਿਆ, ਪਰ ਯਿਸੂ ਨੇ ਉਸ ਦਾ ਵੀ ਜਵਾਬ ਦਿੱਤਾ: ''ਦੂਆ ਇਹ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ'' (ਮਰਕੁਸ 12:31ੳ)। ਇਹ ਹਵਾਲਾ ਲੇਵੀਆਂ ਦੀ ਪੋਥੀ 19:18 ਵਿੱਚੋਂ ਲਿਆ ਗਿਆ ਸੀ। ਪ੍ਰਭੂ ਨੇ ਨਿਚੋੜ ਕੱਢਿਆ ''ਇਨ੍ਹਾਂ ਤੋਂ ਵੱਡਾ ਕੋਈ ਹੁਕਮ ਨਹੀਂ ਹੈ'' (ਮਰਕੁਸ 12:31ਅ)।

## ਗ੍ਰੰਥੀ ਦਾ ਜਵਾਬ

ਅਸੀਂ ਯਿਸੂ ਦੇ ਜਵਾਬ ਦੇ ਬਾਅਦ ਹੋਣ ਵਾਲੀ ਗੱਲਬਾਤ ਤੇ ਧਿਆਨ ਲਾਉਣਾ ਚਾਹੁੰਦੇ ਹਾਂ, ਇੱਥੋਂ ਤਕ, ਉਸ ਮੰਗਲਵਾਰ ਮਸੀਹ ਵੱਲੋਂ ਆਪਣੇ ਵੈਰੀਆਂ ਨੂੰ ਜਵਾਬ ਦੇਣ ਦੇ ਬਾਅਦ ਉਨ੍ਹਾਂ ਨੇ ਜਾਂ ਤਾਂ ਆਪਣਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ ਜਾਂ ਚੁੱਪ ਕਰਕੇ ਬੈਠ ਗਏ। ਸਵਾਲ ਪੁੱਛਣ ਵਾਲੇ ਇਸ ਆਦਮੀ ਨੇ ਇਨ੍ਹਾਂ ਵਿੱਚੋਂ ਕੋਈ ਵੀ ਗੱਲ ਨਹੀਂ ਕੀਤੀ:

> ਤਦ ਉਸ ਗ੍ਰੰਥੀ ਨੇ ਉਹ ਨੂੰ ਕਿਹਾ, ਠੀਕ ਗੁਰੂ ਜੀ, ਤੈਂ ਸੱਚ ਆਖਿਆ ਕਿ ਉਹ ਇੱਕੋ ਹੈ ਅਤੇ ਉਹ ਦੇ ਬਿਨਾ ਹੋਰ ਕੋਈ ਨਹੀਂ। ਅਤੇ ਸਾਰੇ ਦਿਲ ਨਾਲ ਅਤੇ ਸਾਰੀ ਸਮਝ ਨਾਲ ਅਤੇ ਸਾਰੀ ਸ਼ਕਤੀ ਨਾਲ ਉਹ ਨੂੰ ਪਿਆਰ ਕਰਨਾ ਅਰ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰਨਾ ਸਾਰੇ ਹੋਮਾਂ ਅਤੇ ਬਲੀਦਾਨਾਂ ਨਾਲੋਂ ਵੱਧ ਹੈ (ਆਇਤਾਂ 32, 33)।

ਕਈ ਵਾਰ ਅਸੀਂ ਇਹ ਪ੍ਰਭਾਵ ਛੱਡਦੇ ਹਾਂ ਕਿ ਪੁਰਾਣੇ ਨੇਮ ਵਿਚ ਸਿਰਫ਼ ਬਾਹਰੀ ਨਿਯਮਾਂ ਦਾ ਹੀ ਧਿਆਨ ਰੱਖਿਆ ਜਾਂਦਾ ਸੀ। ਪੁਰਾਣੇ ਨੇਮ ਵਿਚ ਅਜਿਹੇ ਨਿਯਮਾਂ ਤੇ ਜ਼ੋਰ ਦਿੱਤਾ ਗਿਆ ਸੀ ਅਤੇ ਪੁਰਾਣੀ ਸ਼ਰ੍ਹਾ ਵਿਚ ਮਨ ਤੇ ਵੀ ਜ਼ੋਰ ਦਿੱਤਾ ਗਿਆ ਸੀ (ਵੇਖੋ 1 ਸਮੂਏਲ 16:7; ਕਹਾਉਤਾਂ 23:7; ਹਿਜ਼ਕੀਏਲ 18:31)। ਖ਼ੁਦਾ ਦਾ ਹੁਕਮ ਮੰਨਣਾ ਦਿਲੋਂ ਹੋਣਾ ਜ਼ਰੂਰੀ ਸੀ, ਨਹੀਂ ਤਾਂ ਇਹ ਮੰਨਿਆ ਨਹੀਂ ਜਾਂਦਾ ਸੀ (ਵੇਖੋ ਵਿਵਸਥਾਸਾਰ 30:2)। ਇਸ ਵਿਚ ਵੀ ਉਹ ਕੁਰਬਾਨੀਆਂ ਸਨ ਜਿਨ੍ਹਾਂ ਨੂੰ ਕਰਨ ਦਾ ਇਸਰਾਏਲੀਆਂ ਨੂੰ ਹੁਕਮ ਦਿੱਤਾ ਗਿਆ ਸੀ, ਬਾਦਸ਼ਾਹ ਸ਼ਾਊਲ ਨੇ ਜਦ ਖ਼ੁਦਾ ਦਾ ਹੁਕਮ ਤੋੜ ਕੇ ਕੁਰਬਾਨੀ ਦੇ ਕੇ ''ਇਸ ਨੂੰ ਸੁਧਾਰਨ'' ਦੀ ਕੋਸ਼ਿਸ਼ ਕੀਤੀ ਤਾਂ ਸਮੂਏਲ ਨੇ ਉਸ ਨੂੰ ਦੱਸਿਆ ਸੀ, ''ਵੇਖ, ਹੁਕਮ *[ਮੰਨਣਾ]* ਭੇਟਾਂ ਚੜ੍ਹਾਉਣ ਨਾਲੋਂ ਅਤੇ ਸਰੋਤਾ ਬਣਨਾ ਛੱਤਰਿਆਂ ਦੀ ਚਰਬੀ ਨਾਲੋਂ ਚੰਗਾ ਹੈ'' (1 ਸਮੂਏਲ 15:22ਅ)। ਵਚਨ ਦਾ ਅਧਿਐਨ ਕਰਦਿਆਂ ਇਸ ਗ੍ਰੰਥੀ ਨੇ ਇਸ ਮਹਾਨ ਸੱਚਾਈ ਨੂੰ ਪੜ੍ਹਿਆ ਸੀ। ਮਰਕੁਸ ਨੇ ਲਿਖਿਆ ਹੈ ਕਿ ''ਯਿਸੂ ਨੇ ਡਿੱਠਾ ਕਿ ਉਹ ਨੇ ਅਕਲ ਨਾਲ ਉੱਤਰ ਦਿੱਤਾ'' (ਮਰਕੁਸ 12:34ੳ)।

## ਯਿਸੂ ਦਾ ਮੁਲਾਂਕਣ

ਪ੍ਰਭੂ ਨੇ ਸਵਾਲ ਪੁੱਛਣ ਵਾਲੇ ਨੂੰ ਟਟੋਲਿਆ ਅਤੇ ਉਸ ਨੂੰ ਵੇਖ ਕੇ ਪਸੰਦ ਕੀਤਾ–ਉਵੇਂ ਹੀ ਜਿਵੇਂ ਉਸ ਨੇ ਅਮੀਰ ਹਾਕਮ ਨੂੰ ਵੇਖ ਕੇ ਉਸ ਨੂੰ ਪਿਆਰ ਕੀਤਾ ਸੀ (ਮਰਕੁਸ 10:21)। ਫਿਰ ਯਿਸੂ ਨੇ ਦਿਲਚਸਪੀ ਵਾਲੀ ਇਹ ਗੱਲ ਕਹੀ, ''ਤੂੰ ਪਰਮੇਸ਼ੁਰ ਦੇ ਰਾਜ ਤੋਂ ਦੂਰ ਨਹੀਂ ਹੈਂ'' (ਮਰਕੁਸ 12:34ਅ)। ਮਸੀਹ ਦਾ ਪ੍ਰਚਾਰ ਸੀ, ''... ਸੁਰਗ ਦਾ ਰਾਜ ਨੇੜੇ ਆਇਆ ਹੈ'' (ਮੱਤੀ 4:17), ਪਰ ਉਸਦੇ ਕਹਿਣ ਦਾ ਮਤਲਬ ਇਹ ਨਹੀਂ ਸੀ ਕਿ ਉਹ ਗ੍ਰੰਥੀ ਰਾਜ ਦੇ ਕਾਇਮ ਹੋਣ ਦੇ ਨੇੜੇ ਹੈ। ਬਲਕਿ ਉਸ ਦੇ ਕਹਿਣ ਦਾ ਸਾਫ਼ ਮਤਲਬ ਇਹ ਸੀ ਕਿ ਉਸ ਆਦਮੀ ਨੂੰ ਮਸੀਹਾ ਦੇ ਰਾਜ ਬਾਰੇ

ਕੁਝ ਸਮਝ ਪਹਿਲਾਂ ਤੋਂ ਸੀ। ਹੋ ਸਕਦਾ ਹੈ ਕਿ ਉਹ ਆਦਮੀ ਮਸੀਹ ਨੂੰ ਮਸੀਹਾ ਦੇ ਰੂਪ ਵਿਚ ਕਬੂਲ ਕਰਨ ਲਈ ਬਹੁਤ ਨੇੜੇ ਹੋਵੇ। ਵਿਲੀਅਮ ਬਾਰਕਲੇ ਨੇ ਲਿਖਿਆ ਹੈ, ''ਉਸ ਤੋਂ ਤੂੰ ਬਹੁਤ ਅੱਗੇ ਨਿਕਲ ਗਿਆ ਹੈਂ। ਭਲਾ ਤੂੰ ਹੋਰ ਅੱਗੇ ਚੱਲ ਕੇ ਮੇਰੇ ਤਰੀਕੇ ਨੂੰ ਮੰਨੇਗਾ? ਕਹਿੰਦੇ ਹੋਏ ਯਿਸੂ ਦੀਆਂ ਅੱਖਾਂ ਵਿਚ ਪਿਆਰ ਅਤੇ ਮੋਹ ਨਜ਼ਰ ਆਇਆ ਹੈ?''[4]

ਕਹਾਣੀ ਦਾ ਅੰਤ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ: ''ਅਤੇ ਏਦੋਂ ਅੱਗੇ ਕਿਸੇ ਦਾ ਹਿਆਉ[5] ਨਾ ਪਿਆ ਜੋ ਉਸ ਕੋਲੋਂ ਕੁਝ ਸਵਾਲ ਕਰੇ'' (ਮਰਕੁਸ 12:34ੲ)। ਪਰ ਮੈਨੂੰ ਯਿਸੂ ਦੀ ਗੱਲ ਤੇ **''ਤੂੰ ਪਰਮੇਸ਼ੁਰ ਦੇ ਰਾਜ ਤੋਂ ਦੂਰ ਨਹੀਂ ਹੈਂ''** ਤੇ ਕੁਝ ਸਮਾਂ ਦੇਣਾ ਚੰਗਾ ਲੱਗੇਗਾ।

## ਰਾਜ ਤੋਂ ਦੂਰ ਨਹੀਂ- ਅੱਜ

ਉਹ ਗ੍ਰੰਥੀ **ਰਾਜ**[6] ਦੇ ਕਾਇਮ ਹੋਣ ਤੋਂ ਪਹਿਲਾਂ ਰਹਿੰਦਾ ਸੀ, ਜਦਕਿ ਅਸੀਂ ਇਸ ਦੇ ਕਾਇਮ ਹੋਣ ਦੇ ਬਾਅਦ ਦੇ ਸਮੇਂ ਵਿਚ ਰਹਿੰਦੇ ਹਾਂ।[7] ਪਰ ਭਲਾ ਯਿਸੂ ਦੇ ਸ਼ਬਦ ਕੁਝ ਅੱਜ ਬਾਰੇ ਨਹੀਂ ਦਸਦੇ? ਰੂਹਾਨੀ ਅਰਥ ਵਿਚ, ਇਨ੍ਹਾਂ ਤਿੰਨ ਥਾਵਾਂ ਤੇ ਵਿਚਾਰ ਕਰੋ, ਜਿਨ੍ਹਾਂ ਵਿਚ ਲੋਕ ਹੋ ਸਕਦੇ ਹਨ। ਕੁਝ ਲੋਕ ''ਰਾਜ ਤੋਂ ਦੂਰ ਨਹੀਂ'' ਹਨ; ''ਰਾਜ **ਨੇੜੇ**[8] ਹੈ'', ਉਨ੍ਹਾਂ ਦੀ ਸਥਿਤੀ ਦੇ ਬਿਆਨ ਦਾ ਇਕ ਹੋਰ ਢੰਗ ਹੈ। ਜੇ ਉਹ ਨੇੜੇ ਹੈ, ਤਾਂ ਦੂਜੇ ਲੋਕ ਰਾਜ ਤੋਂ **ਦੂਰ**[9] ਹੋਣਗੇ। ਦੋਹਾਂ ਹੀ ਸ਼ਬਦਾਂ ਦਾ ਅਰਥ ਹੈ ਕਿ ਕੁਝ ਲੋਕ ਰਾਜ **ਵਿਚ**[10] ਹਨ।

ਅਸੀਂ ਅਰਾਮ ਨਾਲ ਇਹ ਕਹਿ ਸਕਦੇ ਹਾਂ ਕਿ **''ਦੂਰ''** ਦੇ ਵਰਗ ਵਾਲੇ ਕੁਝ ਲੋਕ ਇੱਥੇ ਹਨ। ਆਮ ਤੌਰ ਤੇ ਜੋ ਲੋਕ ਰਾਜ ਤੋਂ ਦੂਰ ਹੁੰਦੇ ਹਨ, ਉਹ ਰੂਹਾਨੀ ਗੱਲਾਂ ਵਿਚ ਦਿਲਚਸਪੀ ਨਹੀਂ ਲੈਂਦੇ। ਅਸਲ ਵਿਚ ਸੁਣਨ ਵਾਲਿਆਂ ਵਿੱਚੋਂ ਜ਼ਿਆਦਾਤਰ ਲੋਕ **ਰਾਜ ਵਿਚ** ਹੀ ਹਨ।[11] ਪਰ ਸਾਫ਼ ਹੈ ਕਿ ਮਸੀਹੀ ਲੋਕ ਜਦ ਇਕੱਠੇ ਹੁੰਦੇ ਹਨ ਤਾਂ ਕੁਝ ਲੋਕ **ਨੇੜੇ** ਹੁੰਦੇ ਹਨ। ਸ਼ਾਇਦ ਉਹ ਬਪਤਿਸਮਾ ਲੈਣ ਦਾ ਫ਼ੈਸਲਾ ਨਹੀਂ ਲੈ ਪਾ ਰਹੇ ਹਨ। ਇਸ ਵੇਲੇ ਮੇਰੀ ਚਿੰਤਾ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਨੇੜੇ ਹਨ।

### ਰਾਜ ਦਾ ਸੁਭਾਅ

ਅੱਗੇ ਵਧਣ ਤੋਂ ਪਹਿਲਾਂ ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਜਦ ਅਸੀਂ **ਰਾਜ** ਆਖਦੇ ਹਾਂ ਤਾਂ ਇਸ ਦਾ ਮਤਲਬ ਕੀ ਹੁੰਦਾ ਹੈ। ''ਰਾਜ'' ਸ਼ਬਦ ਤੋਂ ਭਾਵ ਲੋਕਾਂ ਦੀ ਜਮਾਤ ਲਈ ਹੈ ਜਿਹੜੇ ਮਸੀਹ ਨੂੰ ਰਾਜੇ ਦੇ ਰੂਪ ਵਿਚ ਮੰਨਦੇ ਹਨ ਭਾਵ ਜਿਨ੍ਹਾਂ ਨੇ ਉਸ ਦੇ ਇਖ਼ਤਿਆਰ ਨੂੰ ਮੰਨ ਲਿਆ ਹੈ।[12] ਪੌਲੁਸ ਨੇ ਲਿਖਿਆ ਕਿ ਮਸੀਹੀ ਬਣ ਜਾਣ ਵੇਲੇ ਖ਼ੁਦਾ ਸਾਨੂੰ ''ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ'' ਪਹੁੰਚਾ ਦਿੰਦਾ ਹੈ (ਕੁਲੁੱਸੀਆਂ 1:13)। ਯੂਹੰਨਾ ਨੇ ਲਿਖਿਆ ਹੈ ਕਿ ''*[ਖ਼ੁਦਾ ਨੇ]* ਸਾਨੂੰ ਇਕ ਰਾਜ ਬਣਾਇਆ'' ਹੈ (ਪ੍ਰਕਾਸ਼ ਦੀ ਪੋਥੀ 1:6)।

ਲੋਕਾਂ ਦੀ ਜਮਾਤ ਜਿਸ ਨਾਲ ਰਾਜ ਬਣਦਾ ਹੈ, ਨੂੰ ਨਵੇਂ ਨੇਮ ਵਿਚ ਕਈ ਹੋਰ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਵਿਚ ਮਸ਼ਹੂਰ ਸ਼ਬਦ ਮੱਤੀ 16 ਵਿਚ ਮਿਲਦਾ ਹੈ। ਪਤਰਸ ਵੱਲੋਂ ਚੰਗਾ ਇਕਰਾਰ ਕਰਨ ਦੇ ਬਾਅਦ ਯਿਸੂ ਨੇ ਉਸ ਨੂੰ ਸ਼ਾਬਾਸ਼ ਦਿੰਦਿਆਂ ਆਖਿਆ ਸੀ, ''ਮੈਂ ਇਸ ਪੱਥਰ *[ਉਹ ਸਚਿਆਈ ਜਿਸ ਦਾ ਪਤਰਸ ਨੇ ਇਕਰਾਰ ਕੀਤਾ ਸੀ]* ਉੱਤੇ *ਆਪਣੀ ਕਲੀਸੀਆ* ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹਦੇ ਉੱਤੇ ਕੁਝ ਵੱਸ ਨਾ ਚੱਲੇਗਾ'' (ਆਇਤ 18)।[13] ਯਿਸੂ ਨੇ ਇਮਾਰਤ ਬਣਾਏ ਜਾਣ ਦੇ ਰੂਪਕ ਦੀ ਵਰਤੋਂ ਕੀਤੀ।[14] ਅਗਲੀ ਆਇਤ ਵਿਚ ਉਸ ਨੇ ਇਕ ਬੰਦ ਦਰਵਾਜੇ ਦਾ ਜਿਸ ਨੂੰ ਚਾਬੀ ਨਾਲ ਖੋਲ੍ਹਿਆ ਜਾਣਾ ਸੀ, ਸੰਕੇਤ ਦਿੰਦਿਆਂ ਇਸ ਉਦਾਹਰਣ ਨੂੰ ਜਾਰੀ ਰੱਖਿਆ। ਉਸ ਨੇ ਪਤਰਸ ਨੂੰ ਆਖਿਆ, ''ਮੈਂ ਸੁਰਗ ਦੇ *ਰਾਜ* ਦੀਆਂ ਕੁੰਜੀਆਂ ਤੈਨੂੰ ਦਿਆਂਗਾ'' (ਆਇਤ 19ੳ)। ਇਹ ਇਸ ਰਸੂਲ ਨੂੰ ਦਿੱਤਾ ਵਾਅਦਾ ਸੀ ਕਿ ਉਸੇ ਦੇ ਰਾਹੀਂ ਸਭ

ਤੋਂ ਪਹਿਲਾਂ ਇੰਜੀਲ ਸੁਣਾਈ ਜਾਵੇਗੀ, ਜਿਸ ਨਾਲ ਪਾਪੀਆਂ ਲਈ ਕਲੀਸੀਆ ਵਿਚ ਆਉਣ ਦਾ ''ਰਾਹ ਖੁੱਲ੍ਹ'' ਜਾਵੇਗਾ।[15] ਪਰ ਜਿਸ ਸਚਿਆਈ ਨੂੰ ਮੈਂ ਵਿਖਾਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਇਸ ਆਇਤ ਵਿਚ ਯਿਸੂ ਨੇ ''ਕਲੀਸੀਆ'' ਅਤੇ ''ਰਾਜ'' ਸ਼ਬਦਾਂ ਨੂੰ ਇਕ ਦੂਜੇ ਦੀ ਥਾਂ ਅਦਲ ਬਦਲ ਕੇ ਰੱਖਿਆ। **ਰਾਜ ਵਿਚ** ਹੋਣ ਤੋਂ ਭਾਵ **ਕਲੀਸੀਆ ਵਿਚ** ਹੋਣਾ ਹੈ।

''ਕਲੀਸੀਆ'' ਯੂਨਾਨੀ ਭਾਸ਼ਾ ਦੇ ਸ਼ਬਦ *ਇਕਲੇਸੀਆ* ਤੋਂ ਲਿਆ ਗਿਆ ਹੈ ਜਿਸਦਾ ਮੂਲ ਅਰਥ ਹੈ ''ਸੱਦੇ ਹੋਏ *[ਲੋਕ]*।'' ਇਹ ਸ਼ਬਦ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਨੂੰ ਸੰਸਾਰ ਵਿੱਚੋਂ ਯਿਸੂ ਮਸੀਹ ਨਾਲ ਇਕ ਨਵੇਂ ਸਬੰਧ ਵਿਚ ਸੱਦਿਆ ਗਿਆ ਹੈ। ਇਹ ਰਸੂਲਾਂ ਦੇ ਕੰਮ ਅਤੇ ਪੱਤਰੀਆਂ ਵਿਚ ਲੋਕਾਂ ਦੀ ਇਸ ਖ਼ਾਸ ਜਮਾਤ ਲਈ ਵਰਤਿਆ ਜਾਣ ਵਾਲਾ ਸਭ ਤੋਂ ਮਸ਼ਹੂਰ ਸ਼ਬਦ ਹੈ (ਉਦਾਹਰਣ ਲਈ, ਵੇਖੋ ਰਸੂਲਾਂ ਦੇ ਕੰਮ 5:11; 8:1, 3; 9:31; ਰੋਮੀਆਂ 16:1; 1 ਕੁਰਿੰਥੀਆਂ 1:2)।

ਲੋਕਾਂ ਦੀ ਇਸ ਜਮਾਤ ਲਈ ਇਕ ਹੋਰ ਸ਼ਬਦ ''ਸਰੀਰ'' ਜਾਂ ਦੇਹ ਦੀ ਵਰਤੋਂ ਕੀਤੀ ਜਾਂਦੀ ਹੈ। ਅਫ਼ਸੀਆਂ 1:22, 23 ਵਿਚ ਪੌਲੁਸ ਨੇ ਲਿਖਿਆ ਹੈ ਕਿ ਖ਼ੁਦਾ ਨੇ ''ਸੱਭੋ ਕੁਝ *[ਯਿਸੂ ਦੇ]* ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸੀਆ ਲਈ ਦੇ ਦਿੱਤਾ। ਇਹ ਉਸ ਦੀ ਦੇਹ ਹੈ ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿਚ ਸੱਭੋ ਕੁਝ ਭਰਦਾ ਹੈ।'' ਪੌਲੁਸ ਨੇ ''ਕਲੀਸੀਆ'' ਅਤੇ ''ਦੇਹ'' ਸ਼ਬਦਾਂ ਦੀ ਵਰਤੋਂ ਇਕ ਦੂਜੇ ਦੀ ਥਾਂ ਅਦਲ ਬਦਲ ਕੇ ਕੀਤੀ। ''ਕਲੀਸੀਆ ... ਉਸ ਦੀ ਦੇਹ ਹੈ।'' ਕੁਲੁੱਸੀਆਂ 1:18 ਵਿਚ ਉਸ ਨੇ ਇਨ੍ਹਾਂ ਸ਼ਬਦਾਂ ਨੂੰ ਉਲਟਾ ਕਰ ਦਿੱਤਾ: ''ਉਹ ਦੇਹੀ ਦਾ ਅਰਥਾਤ ਕਲੀਸੀਆ ਦਾ ਸਿਰ ਹੈ।'' ਇਸ ਕਰਕੇ **ਕਲੀਸੀਆ ਵਿਚ** ਹੋਣਾ **ਦੇਹ ਵਿਚ** ਹੋਣਾ ਹੈ।[17]

''ਦੇਹ'' ਸ਼ਬਦ ਦੀ ਵਰਤੋਂ ਇਹ ਜ਼ੋਰ ਦੇਣ ਲਈ ਕੀਤੀ ਜਾਂਦੀ ਹੈ ਕਿ ਇਕ ਇਕਾਈ ਦੇ ਰੂਪ ਵਿਚ ਰਾਜ/ਕਲੀਸੀਆ ਦੇ ਲੋਕ ਕਿਵੇਂ ਕੰਮ ਕਰਦੇ ਹਨ। ਜਿਵੇਂ ਜਿਸਮਾਨੀ ਦੇਹ ਦੇ ਕਈ ਅੰਗ ਹਨ (ਜਿਵੇਂ ਬਾਹਾਂ, ਲੱਤਾਂ, ਹੱਥ ਅਤੇ ਪੈਰ) ਹੁੰਦੇ ਹਨ, ਉਵੇਂ ਹੀ ਮਸੀਹੀ ਲੋਕ ਮਸੀਹ ਦੀ ਦੇਹ (1 ਕੁਰਿੰਥੀਆਂ 12:27) ਦੇ ਅੰਗ (ਕੰਮ ਕਰਨ ਵਾਲੇ ਅੰਗ) ਹਨ ਜਿਨ੍ਹਾਂ ਦਾ ''ਸਿਰ'' ਯਿਸੂ ਆਪ ਹੈ (ਕੁਲੁੱਸੀਆਂ 1:18)।

ਮੈਂ ਇਕ ਆਖ਼ਰੀ ਗੱਲ ਦੱਸਦਾ ਹਾਂ ਜਿਸ ਵਿਚ ਉਸ ਸਬੰਧ ਤੇ ਜ਼ੋਰ ਦਿੱਤਾ ਗਿਆ ਹੈ ਜਿਹੜਾ **ਰਾਜ** ਉੱਤੇ *ਰਾਜੇ* ਦਾ ਅਤੇ **ਦੇਹ** ਦੇ *ਸਿਰ* ਨਾਲ ਸਾਡਾ ਹੈ, ਉਹ ਹੈ **ਮਸੀਹ ਵਿਚ**।[18] ''ਮਸੀਹ ਵਿਚ'' ਵਾਂਕ ਅੰਸ਼ ਮੁਕਤੀਦਾਤੇ ਨਾਲ ਸਾਡੇ ਨਜ਼ਦੀਕੀ ਸਬੰਧ ਨੂੰ ਵਿਖਾਉਣ ਲਈ ਪੌਲੁਸ ਦਾ ਪਸੰਦੀਦਾ ਸ਼ਬਦ ਸੀ। ਦੋ ਇਸ ਨੂੰ ਦਰਸਾਉਂਦੇ ਹਵਾਲੇ ਹਨ: ''... ਉਸ *[ਪਰਮੇਸ਼ੁਰ]* ਤੋਂ ਤੁਸੀਂ *ਮਸੀਹ ਯਿਸੂ ਵਿਚ ਹੋ*'' (1 ਕੁਰਿੰਥੀਆਂ 1:30ੳ); ''ਸੋ ... ਉਨ੍ਹਾਂ ਲਈ ਜਿਹੜੇ *ਮਸੀਹ ਯਿਸੂ ਵਿਚ* ਹਨ ... ਸਜ਼ਾ ਦਾ ਹੁਕਮ ਨਹੀਂ ਹੈ'' (ਵੇਖੋ ਰੋਮੀਆਂ 8:1)। [19] ਜਦ ਕੋਈ ਮਸੀਹੀ ਬਣਦਾ ਹੈ ਤਾਂ ਉਹ ਮਸੀਹ ਨੂੰ ''ਪਹਿਨ'' ਲੈਂਦਾ ਹੈ (ਵੇਖੋ ਰੋਮੀਆਂ 13:14; ਗਲਾਤੀਆਂ 3:27)।

''ਮਸੀਹ ਵਿਚ'' ਹੋਣਾ ਰਾਜ ਭਾਵ ਕਲੀਸੀਆ ਜਾਂ ਦੇਹ ਵਿਚ ਹੋਣਾ ਹੈ। ਸੌਲੁਸ **ਕਲੀਸੀਆ** ਨੂੰ ਸਤਾ ਰਿਹਾ ਸੀ (ਰਸੂਲਾਂ ਦੇ ਕੰਮ 8:1–3; ਫ਼ਿਲਿੱਪੀਆਂ 3:6), ਤਾਂ ਉਹ **ਮਸੀਹ** ਨੂੰ ਹੀ ਸਤਾ ਰਿਹਾ ਸੀ (ਰਸੂਲਾਂ ਦੇ ਕੰਮ 22:8)। **ਮਸੀਹ** ਨੂੰ ਉਸ ਦੀ **ਦੇਹ** ਨਾਲੋਂ ਅੱਡ ਕਰਨਾ ਨਾਮੁਮਕਿਨ ਹੈ। ਇਕ ਸਾਦਾ ਪਰ ਥੋੜ੍ਹੀ ਜਿਹੀ ਬੇਮੇਲ ਉਦਾਹਰਣ ਵਰਤਦੇ ਹਾਂ। ਜੇ ਮੈਂ ਇਕ ਗੋਲੀ ਖਾਧੀ ਹੋਵੇ, ਤਾਂ ਮੈਂ ਕਹਿ ਸਕਦਾ ਹਾਂ ਕਿ ਗੋਲੀ *ਮੇਰੇ ਅੰਦਰ* ਜਾਂ *ਮੇਰੀ ਦੇਹ ਵਿਚ* ਹੈ।

**ਰਾਜ ਦੀਆਂ ਬਰਕਤਾਂ**

**ਰਾਜ/ਕਲੀਸੀਆ/ਦੇਹ/ਮਸੀਹ** ਵਿਚ ਹੋਣਾ ਕਿੰਨਾ ਜ਼ਰੂਰੀ ਹੈ? ਅਫ਼ਸੀਆਂ 1:3 ਪੜ੍ਹੋ: ''ਮੁਬਾਰਕ ਹੋਵੇ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ *ਮਸੀਹ ਵਿਚ* ਸੁਰਗੀ ਥਾਵਾਂ ਵਿਚ ਸਭ ਪ੍ਰਕਾਰ ਦੀਆਂ ਆਤਮਿਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ।'' ਪੌਲੁਸ ਨੇ **''ਸਭ ਪ੍ਰਕਾਰ ਦੀਆਂ ਆਤਮਿਕ ਬਰਕਤਾਂ''**[20] ਵਾਕ ਅੰਸ਼ ਦੀ ਭਾਵ ਨਾ ਤਾਂ ''ਸਭ ਆਤਮਿਕ ਬਰਕਤਾਂ,'' ਨਾ ''ਲਗਭਗ ਹਰ ਆਤਮਿਕ ਬਰਕਤ'' ਦੀ, ਬਲਕਿ **ਸਭ ਪ੍ਰਕਾਰ ਦੀਆਂ ਆਤਮਿਕ ਬਰਕਤਾਂ** ਦੀ ਵਰਤੋਂ ਕੀਤੀ। ਇਸ ਤੋਂ ਛੁੱਟ ਉਸ ਨੇ ਕਿਹਾ ਇਹ ਬਰਕਤਾਂ **''ਮਸੀਹ ਵਿਚ''** ਹਨ। ਇਸ ਕਰਕੇ ਉਹ **ਕਲੀਸੀਆ, ਰਾਜ, ਦੇਹ** ਵਿਚ ਵੀ ਮਿਲਦੀਆਂ ਹਨ।

ਸਮਾਂ ਉਨ੍ਹਾਂ ਸਭ ਸ਼ਾਨਦਾਰ ਬਰਕਤਾਂ ਦੀ ਜਿਹੜੀਆਂ ਸਾਨੂੰ ਮਸੀਹ ਵਿਚ ਮਿਲੀਆਂ ਹਨ, ਇਕ ਇਕ ਕਰਕੇ ਬਿਆਨ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਜੋ ਲੇਅਰਡ ਨੇ ਲਿਖਿਆ ਹੈ:

> ਉਸਦੀਆਂ ਰੂਹਾਨੀ ਬਰਕਤਾਂ ਦੀਆਂ ਕੁਝ ਉਦਾਹਰਣਾਂ ਹਨ ... ਪਾਪਾਂ ਦੀ ਮਾਫ਼ੀ, ਮਸੀਹ ਦਾ ਲਹੂ, ਮਹਾ ਯਾਜਕ ਦੇ ਰੂਪ ਵਿਚ ਯਿਸੂ ਦਾ ਹੋਣਾ, ਦੁਆ ਅਤੇ ਪ੍ਰਭੂ ਭੋਜ ਦੀ ਬਰਕਤ, ਖ਼ੁਦਾ ਦੇ ਵਾਰਿਸ ਅਤੇ ਮਸੀਹ ਦੇ ਨਾਲ ਸੰਗੀ ਵਾਰਿਸ ਹੋਣਾ, ਪਵਿੱਤਰ ਆਤਮਾ ਦਾ ਵਾਸ, *[ਅਤੇ]* ਖ਼ੁਦਾ ਦੇ ਨਾਲ ਹਮੇਸ਼ਾ ਦੀ ਜ਼ਿੰਦਗੀ। ...[21]

ਇਨ੍ਹਾਂ ਸ਼ਬਦਾਂ ਬਾਰੇ ਜਿਨ੍ਹਾਂ ਦਾ ਨਾਂਅ ਉੱਪਰ ਦਿੱਤਾ ਗਿਆ ਹੈ, ਮੈਂ ਦੋ ਤਿੰਨ ਬਰਕਤਾਂ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ। ਇਕ ਬਰਕਤ ਤਾਂ ਇਹ ਹੈ ਕਿ ਮਸੀਹ ਵਿਚ ਸਾਨੂੰ ਆਪਣੇ ਪਿਛਲੇ ਪਾਪਾਂ ਤੋਂ **ਨਿਸਤਾਰਾ**[22] ਮਿਲਦਾ ਹੈ। ਕੁਲੁੱਸੀਆਂ 1:13 ਇਕ ਵਾਰ ਫੇਰ ਵੇਖੋ, ਇਸ ਵਾਰ ਆਇਤ 14 ਵੀ ਨਾਲ ਵੇਖੋ: ''ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ *ਛੁਡਾ ਕੇ* ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ ਪੁਚਾ ਦਿੱਤਾ। ਉਸ ਦੇ ਵਿਚ ਸਾਨੂੰ *ਨਿਸਤਾਰਾ* ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ।'' ਇਹ ਨਿਸਤਾਰਾ ਜਾਂ ਛੁਟਕਾਰਾ ਮਸੀਹ ਵਿਚ ਭਾਵ **ਦੇਹ ਵਿਚ ਭਾਵ ਕਲੀਸੀਆ ਵਿਚ ਭਾਵ ਰਾਜ** ਵਿਚ ਮਿਲਦਾ ਹੈ।

ਇਹ ਕਹਿਣ ਤੋਂ ਕਿ ਸਾਨੂੰ ਪਾਪਾਂ ਤੋਂ ਛੁਟਕਾਰਾ ਮਿਲਿਆ ਹੈ, ਭਾਵ ਹੈ ਕਿ ਸਾਨੂੰ ਉਨ੍ਹਾਂ ਪਾਪਾਂ ਤੋਂ *ਮੁਕਤੀ ਮਿਲੀ ਹੈ।* **ਦੇਹ** ਅਰਥਾਤ **ਕਲੀਸੀਆ** ਵਿਚ ਸਾਨੂੰ ਯਿਸੂ ਦੇ ਲਹੂ ਰਾਹੀਂ **ਮੁਕਤੀ**[23] ਮਿਲਦੀ ਹੈ। ਅਫ਼ਸੀਆਂ 5 ਅਧਿਆਇ ਖੋਲ੍ਹੋ ਜਿੱਥੇ ਪੌਲੁਸ ਨੇ ਮਸੀਹ ਅਤੇ ਉਸ ਦੀ ਕਲੀਸੀਆ ਵਿਚ ਪੁੱਛ ਗਿੱਛ ਉਸ ਦੇ ਸਬੰਧ ਦੀ ਤੁਲਨਾ ਇਕ ਆਦਮੀ ਅਤੇ ਉਸ ਦੀ ਪਤਨੀ ਦੇ ਵਿਚਲੇ ਸਬੰਧ ਨਾਲ ਕੀਤੀ। ਆਇਤਾਂ 23 ਅਤੇ 25 ਵਿਚ ਖ਼ਾਸ ਧਿਆਨ ਦਿਓ:

> ਕਿਉਂ ਜੋ ਪਤੀ ਪਤਨੀ ਦਾ ਸਿਰ ਹੈ ਜਿਵੇਂ ਮਸੀਹ ਵੀ ਕਲੀਸੀਆ ਦਾ ਸਿਰ ਹੈ। ਉਹ ਤਾਂ ਆਪ *ਦੇਹੀ ਦਾ ਬਚਾਉਣ ਵਾਲਾ* ਹੈ (ਆਇਤ 23)।
>
> ਹੇ ਪਤੀਓ, ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ ਜਿਵੇਂ ਮਸੀਹ ਨੇ ਵੀ *ਕਲੀਸੀਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ* (ਆਇਤ 25)।

ਜੇ ਅਸੀਂ ਬਚਾਏ ਜਾਣਾ ਚਾਹੁੰਦੇ ਹਾਂ ਤਾਂ ਸਾਡੇ ਲਈ **ਦੇਹ** ਵਿਚ ਹੋਣਾ ਜ਼ਰੂਰੀ ਹੈ। ਭਾਵ ਜੇ ਅਸੀਂ ਯਿਸੂ ਦੀ ਕੁਰਬਾਨੀ ਦਾ ਫ਼ਾਇਦਾ ਲੈਣਾ ਚਾਹੁੰਦੇ ਹਾਂ ਤਾਂ ਸਾਡਾ **ਕਲੀਸੀਆ** ਵਿਚ ਹੋਣਾ ਜ਼ਰੂਰੀ ਹੈ।

ਛੁਟਕਾਰਾ ਪਾਉਣ ਅਤੇ ਬਚਾਏ ਜਾਣ ਨੂੰ ਕਹਿਣ ਦਾ ਇਕ ਹੋਰ ਢੰਗ ਇਹ ਹੈ ਕਿ ਅਸੀਂ **ਪਰਮੇਸ਼ੁਰ ਦੀ ਸੰਤਾਨ** ਹਾਂ।[24] ਗਲਾਤੀਆਂ 3:26, 27 ਕਹਿੰਦਾ ਹੈ, ''ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ

ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤਰ [KJV ਵਿਚ ''ਪਰਮੇਸ਼ੁਰ ਦੀ ਸੰਤਾਨ'' ਹੈ] ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ।'' ਮਸੀਹ ਵਿਚ ਬਪਤਿਸਮਾ ਲੈਣ ਲਈ ਅਸੀਂ ''ਮਸੀਹ ਨੂੰ ਪਹਿਨ'' ਲੈਂਦੇ ਹਾਂ ਤਾਂ ਅਸੀਂ ''ਪਰਮੇਸ਼ੁਰ ਦੇ ਪੁੱਤਰ'' ਅਤੇ KJV ਦੀ ਭਾਸ਼ਾ ਵਰਤੀਏ ਤਾਂ ''ਖ਼ੁਦਾ ਦੀ ਸੰਤਾਨ'' ਅਖਵਾਉਂਦੇ ਹਾਂ। ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਲਿਖਿਆ ਸੀ ਕਿ ''ਜੇ ਕੋਈ ਮਸੀਹ ਵਿਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ'' (2 ਕੁਰਿੰਥੀਆਂ 5:17)।

ਰਾਜ/ਕਲੀਸੀਆ/ਦੇਹ/ਮਸੀਹ **ਵਿਚ** ਹੋਣ ਤੋਂ ਕੀ ਭਾਵ ਹੈ? ਇਸ ਦਾ ਮਤਲਬ ਇਹ ਹੈ ਕਿ ਸਾਨੂੰ **ਹਰ ਤਰ੍ਹਾਂ ਦੀਆਂ ਰੂਹਾਨੀ ਬਰਕਤਾਂ** ਮਿਲੀਆਂ ਹਨ।[25] ਇਸ ਦਾ ਭਾਵ ਇਹ ਹੈ ਕਿ ਸਾਨੂੰ ਪਿਛਲੇ ਪਾਪਾਂ ਤੋਂ **ਛੁਟਕਾਰਾ** ਮਿਲਿਆ ਹੈ ਭਾਵ ਸਾਨੂੰ **ਮੁਕਤੀ** ਮਿਲੀ ਹੈ। ਇਸ ਦਾ ਮਤਲਬ ਇਹ ਹੈ ਕਿ ਅਸੀਂ **ਖ਼ੁਦਾ ਦੀ ਸੰਤਾਨ** ਹਾਂ। ਰਾਜ/ਕਲੀਸੀਆ/ਮਸੀਹ ਵਿਚ ਆਉਣ ਲਈ ਮਿਲਣ ਵਾਲੀਆਂ ਬਰਕਤਾਂ ਨੂੰ ਅਫ਼ਸੀਆਂ 2:12, 13 ਵਿਚ ਬੇਹਤਰ ਢੰਗ ਨਾਲ ਸੰਖੇਪ ਕੀਤਾ ਗਿਆ ਹੈ:

> ਤੁਸੀਂ ਉਸ ਸਮੇਂ[26] ਮਸੀਹ ਤੋਂ ਅੱਡ, ਇਸਰਾਏਲ ਦੀ ਬਾਦਸ਼ਾਹੀ ਤੋਂ ਨਿਆਰੇ ਕੀਤੇ ਹੋਏ, ਵਚਨ ਦੇ ਨੇਮਾਂ ਤੋਂ ਬਾਹਰ, ਆਸ ਹੀਣ ਅਤੇ ਜਗਤ ਵਿਚ ਪਰਮੇਸ਼ੁਰ ਤੋਂ ਰਹਿਤ ਸਾਓ। ਪਰ ਹੁਣ ਮਸੀਹ ਯਿਸੂ[27] ਵਿਚ ਤੁਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਣ ਨੇੜੇ ਕੀਤੇ ਗਏ ਹੋ।

ਦੂਜੇ ਪਾਸੇ ਰਾਜ/ਕਲੀਸੀਆ/ਦੇਹ/ਮਸੀਹ ਤੋਂ **ਦੂਰ** ਹੋਣ ਦਾ ਕੀ ਮਤਲਬ। ਜੇ ਤੁਸੀਂ ਇਸ ਹਾਲਤ ਵਿਚ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਆਪਣੇ ਪਿਛਲੇ ਪਾਪਾਂ ਤੋਂ **ਛੁਟਕਾਰਾ** ਪਾਉਣ ਤੋਂ *ਦੂਰ* ਹੋ ਭਾਵ ਤੁਸੀਂ **ਮੁਕਤੀ** ਤੋਂ ਦੂਰ ਹੋ। ਤੁਸੀਂ **ਖ਼ੁਦਾ ਦੀ ਸੰਤਾਨ** ਹੋਣ ਤੋਂ *ਦੂਰ* ਹੋ।

ਰਾਜ/ਕਲੀਸੀਆ/ਦੇਹ/ਮਸੀਹ ਦੇ **ਨੇੜੇ** ਹੋਣ ਤੋਂ ਕੀ ਭਾਵ ਹੈ? ਜੇ ਤੁਹਾਡੀ ਇਹ ਸਥਿਤੀ ਹੈ ਤਾਂ ਇਸ ਤੋਂ ਇਹ ਭਾਵ ਹੈ ਕਿ ਤੁਸੀਂ ਆਪਣੇ ਪਿਛਲੇ ਪਾਪਾਂ ਤੋਂ **ਛੁਟਕਾਰੇ** ਦੇ *ਨੇੜੇ* ਹੋ। ਤੁਸੀਂ **ਬਚਾਏ ਜਾਣ** ਦੇ *ਨੇੜੇ* ਹੋ। ਤੁਸੀਂ **ਖ਼ੁਦਾ ਦੀ ਸੰਤਾਨ**[28] ਹੋਣ ਦੇ *ਬਹੁਤ* ਨੇੜੇ ਹੋ, ਪਰ ਅਜੇ ਤਕ ਇਨ੍ਹਾਂ ਬਰਕਤਾਂ ਵਿੱਚੋਂ ਕੋਈ ਵੀ ਬਰਕਤ ਤੁਸਾਂ ਪਾਈ ਨਹੀਂ ਹੈ।

**ਰਾਜ ਨਾਲ ਸਾਡਾ ਸਬੰਧ**

ਇਸ ਨਾਲ ਤੁਹਾਡੇ ਮਨ ਵਿਚ ਕੁਝ ਸਵਾਲ ਆ ਸਕਦੇ ਹਨ, ਪਰ ਉਨ੍ਹਾਂ ਦਾ ਜਵਾਬ ਦੇਣ ਤੋਂ ਪਹਿਲਾਂ ਮੈਂ ਉਨ੍ਹਾਂ ਵਿਚ ਜੋ **ਨੇੜੇ** ਹਨ ਉਨ੍ਹਾਂ ਨਾਲੋਂ ਜੋ **ਦੂਰ** ਹਨ, ਫ਼ਰਕ ਕਰਨ ਲਈ ਕੁਝ ਹੋਰ ਸਮਾਂ ਦੇਣਾ ਚਾਹੁੰਦਾ ਹਾਂ। ਦੋਵੇਂ ਹੀ ਇਕ ਦੂਜੇ ਨਾਲ ਮਿਲਦੇ ਨਹੀਂ ਹੈ। ਇਸ ਕਰਕੇ ਮੈਂ ਆਮ ਸ਼ਬਦਾਂ ਵਿਚ ਹੀ ਗੱਲ ਕਰਾਂਗਾ। ਪਰ ਮੈਨੂੰ ਇਨ੍ਹਾਂ ਦੋਹਾਂ ਹਾਲਤਾਂ ਵਿਚ ਸੰਭਾਵਿਤ ਫ਼ਰਕ ਦੱਸਣੇ ਪੈਣਗੇ।

ਬਹੁਤ ਸਾਰੇ ਲੋਕ ਜੋ ਰਾਜ ਤੋਂ **ਦੂਰ** ਹਨ ਉਹ ਮੁਤਅੱਸਬ ਨਾਲ ਭਰੇ ਹੋਏ ਹਨ।[29] ਉਨ੍ਹਾਂ ਨੂੰ ਰੂਹਾਨੀ ਮਾਮਲਿਆਂ ਤੇ ਵਿਚਾਰ ਕਰਨਾ ਚੰਗਾ ਨਹੀਂ ਲਗਦਾ। ਉਹ ਉਸ ਨਿਸ਼ਾਨ ਵਰਗੇ ਹਨ ਜਿਹੜਾ ਇਕ ਵਾਰ ਮੈਂ ਪੜ੍ਹਿਆ ਸੀ: ''ਮੇਰਾ ਮਨ ਬਣ ਚੁੱਕਿਆ ਹੈ; ਤੱਥ ਦੱਸ ਕੇ ਮੈਨੂੰ ਉਲਝਾਓ ਨਾ।'' ਪਰ ਆਮ ਤੌਰ ਤੇ ਜਿਹੜਾ ਖ਼ੁਦਾ ਦੇ ਰਾਜ ਦੇ **ਨੇੜੇ** ਹੋਵੇ ਉਹ **ਨੇਕ ਦਿਲ**[30] ਹੁੰਦਾ ਹੈ। ਸ਼ਾਇਦ ਇਹੀ ਉਹ ਖ਼ੂਬੀ ਹੈ ਜਿਹੜੀ ਯਿਸੂ ਨੇ ਗ੍ਰੰਥੀ ਦੇ ਮਨ ਵਿਚ ਵੇਖ ਕੇ ਉਸ ਦੀ ਤਾਰੀਫ਼ ਕੀਤੀ। ਉਸ ਆਦਮੀ ਵਿਚ ਉਹ ਮੁਤਅੱਸਬ ਨਹੀਂ ਸੀ ਜਿਸ ਨਾਲ ਜ਼ਿਆਦਾਤਰ ਫ਼ਰੀਸੀਆਂ ਦੇ ਮਨ ਸਖ਼ਤ ਹੋ ਗਏ ਸਨ।

ਕੁਝ ਲੋਕ **ਦੁਸ਼ਟਤਾ** ਦੇ ਕਾਰਣ ਰਾਜ ਤੋਂ **ਦੂਰ** ਹੋ ਗਏ ਹਨ।[31] ਉਨ੍ਹਾਂ ਨੇ ਇਸ ਸੰਸਾਰ ਦੇ ਨੈਤਿਕ ਮਾਪਦੰਡਾਂ ਨੂੰ ਅਪਣਾ ਲਿਆ ਹੈ ਅਤੇ ਉਨ੍ਹਾਂ ਨੇ ਇਸੇ ਤੇ ਬਣੇ ਰਹਿਣ ਦਾ ਮਨ ਬਣਾ ਲਿਆ ਹੈ। ਦੂਜੇ

ਲੋਕ **ਨੇੜੇ** ਹਨ ਕਿਉਂਕਿ ਉਨ੍ਹਾਂ ਨੂੰ ਸਹੀ ਅਤੇ ਗਲਤ ਦੀ ਸਮਝ ਹੈ ਅਤੇ ਉਹ **ਭਲਾ, ਸਦਾਚਾਰੀ ਜੀਵਨ** ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਨ।[32]

ਕੁਝ ਲੋਕ **ਦੂਰ** ਹਨ ਕਿਉਂਕਿ ਉਨ੍ਹਾਂ ਵਿਚ ਖ਼ੁਦਾ ਦੀ ਇੱਛਾ ਬਾਰੇ **ਸਿੱਖਿਆ ਦੀ ਘਾਟ**[33] ਹੈ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਸਿੱਖਣ ਦਾ ਮੌਕਾ ਨਾ ਮਿਲਿਆ ਹੋਵੇ। ਜਾਂ ਜੇ ਉਨ੍ਹਾਂ ਨੂੰ ਮੌਕਾ ਤਾਂ ਮਿਲਿਆ ਪਰ ਉਨ੍ਹਾਂ ਨੇ ਉਸ ਦਾ ਫ਼ਾਇਦਾ ਨਾ ਲਿਆ ਹੋਵੇ। ਇਸ ਦੇ ਉਲਟ ਜਿਹੜੇ **ਨੇੜੇ** ਹੁੰਦੇ ਹਨ ਉਹ ਆਮ ਤੌਰ ਤੇ **ਸਿੱਖਣ ਲਈ ਕਾਹਲੇ** ਹੁੰਦੇ ਹਨ।[34] ਉਹ ਖ਼ੁਦਾ ਦੇ ਵਚਨ ਨੂੰ ਜਾਣਨਾ ਚਾਹੁੰਦੇ ਹਨ। ਸ਼ਾਇਦ ਆਪਣੇ ਤੌਰ ਤੇ ਸਿੱਖ ਰਹੇ ਹਨ। ਸ਼ਾਇਦ ਉਹ ਦੂਜਿਆਂ ਨਾਲ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਰੂਹਾਂ ਦੀ ਫ਼ਿਕਰ ਹੈ, ਅਧਿਐਨ ਕਰਦੇ ਹਨ।

**ਦੂਰ** ਹੋਣ ਵਾਲਿਆਂ ਦੀ ਇਕ ਖ਼ਾਸ ਗੱਲ ਹੈ। **ਆਪਣੇ ਆਪ ਵਿਚ ਸੰਤੁਸ਼ਟ** ਹੋਣ:[35] ''ਮੈਂ ਜਿਵੇਂ ਹਾਂ ਠੀਕ ਹਾਂ; ਮੈਨੂੰ ਇਕੱਲਾ ਛੱਡ ਦਿਓ!'' ਕਈ ਸਾਲ ਪਹਿਲਾਂ ਮੈਨੂੰ ਕਵਿਨਲ, ਟੈਕਸਸ ਵਿਚ ਉਪਦੇਸ਼ਾਂ ਦੀ ਇਕ ਲੜੀ ਪੇਸ਼ ਕਰਨ ਲਈ ਆਖਿਆ ਗਿਆ ਹੈ। ਮੇਰੇ ਪਹੁੰਚਣ ਤੋਂ ਪਹਿਲਾਂ ਉਥੋਂ ਦਾ ਸਥਾਨਕ ਪ੍ਰਚਾਰਕ ਉਸ ਆਦਮੀ ਨੂੰ ਮਿਲਣ ਗਿਆ ਜਿਸ ਤੋਂ ਉਸ ਨੂੰ ਉਮੀਦ ਸੀ ਕਿ ਉਹ ਵਚਨ ਨੂੰ ਮੰਨ ਲਵੇਗਾ। ਜਦ ਪ੍ਰਚਾਰਕ ਨੇ ਉਸ ਆਦਮੀ ਦੀ ਰੂਹਾਨੀ ਹਾਲਤ ਜਾਣਨੀ ਚਾਹੀ ਤਾਂ ਉਸ ਨੂੰ ਦੱਸਿਆ ਗਿਆ, ''ਪ੍ਰਚਾਰਕ ਭਾਈ, ਇਕ ਮਿਨਟ ਰੁਕਣਾ! ਤੁਸੀਂ ਇੱਥੇ ਆ ਕੇ ਸਮਾਂ ਬਰਬਾਦ ਕਰ ਰਹੇ ਹੋ! ਜੇ ਤੁਸੀਂ ਕੁਝ ਦੇਰ ਰੁਕ ਕੇ ਮਿਲਣਾ ਚਾਹੋ ਤਾਂ ਆਪਣੇ ਨਾਲ ਧਰਮ ਨੂੰ ਨਾ ਲਿਆਓ। ਜੇ ਤੁਸੀਂ ਧਰਮ ਦੀ ਗੱਲ ਕੀਤੀ ਤਾਂ ਰਸਤਾ ਓਧਰ ਹੈ!'' ਤੁਲਨਾ ਕਰਦੇ ਹੋਏ, ਜਿਹੜੇ ਲੋਕ **ਨੇੜੇ** ਹਨ ਉਹ ਆਮ ਤੌਰ ਤੇ ਆਪਣੀਆਂ ਰੂਹਾਨੀ **ਲੋੜਾਂ ਬਾਰੇ ਚੌਕਸ** ਹੁੰਦੇ ਹਨ।[36] ਕਈ ਵਾਰ ਉਹ ਇਸ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਹੁੰਦੇ ਹਨ ਕਿ ਉਹ ਗੁਆਚੇ ਹੋਏ ਹਨ ਅਤੇ ਮੁਕਤੀ ਲਈ ਉਨ੍ਹਾਂ ਲਈ ਪ੍ਰਭੂ ਕੋਲ ਆਉਣਾ ਜ਼ਰੂਰੀ ਹੈ।

ਮੈਂ ਵਿਰੋਧ ਸੁਣ ਰਿਹਾ ਹਾਂ: ''ਉੱਥੇ ਹੀ ਰੁਕ ਜਾਓ! ਤੁਹਾਡੇ ਵਿੱਚੋਂ ਕਿਸੇ **ਨੇਕ ਦਿਲ** ਵਾਲੇ ਨੂੰ ਜੋ **ਨੇਕ,** ਸਦਾਚਾਰੀ ਜੀਵਨ ਜੀਉਂਦਾ ਹੈ, ਜਿਹੜਾ **ਸੁਣਨ ਨੂੰ ਕਾਹਲਾ** ਅਤੇ ਆਤਮਿਕ **ਲੋੜਾਂ ਤੋਂ ਜਾਣੂ** ਹੈ, ਦੀ ਗੱਲ ਕਰ ਰਹੇ ਹੋ। ਭਲਾ ਤੁਸੀਂ ਇਹ ਸੁਝਾਅ ਦੇ ਰਹੇ ਹੋ ਕਿ ਅਜਿਹਾ ਸ਼ਖ਼ਸ *ਗੁਆਚਿਆ ਹੋਇਆ* ਹੋ ਸਕਦਾ ਹੈ?''

ਕਾਸ਼ ਅਜਿਹਾ ਨਾ ਹੁੰਦਾ। ਮੇਰੀ ਦਿਲੀ ਇੱਛਾ ਇਹੀ ਹੈ ਪਰ ਮੈਂ ਕਿਸੇ ਹੋਰ ਗੱਲ ਨੂੰ ਸਿਖਾ ਕੇ ਬਾਈਬਲ ਨਾਲ ਇਮਾਨਦਾਰੀ ਨਹੀਂ ਕਰ ਸਕਦਾ। ਰਾਜ ਦੇ **ਨੇੜੇ** ਹੋ ਕੇ ਵੀ ਕੋਈ ਗੁਆਚਿਆ ਹੋਇਆ ਕਿਵੇਂ ਹੋਵੇਗਾ? ਕਿਉਂਕਿ ਉਹ **ਮਸੀਹ ਵਿਚ** ਨਹੀਂ ਹੈ, ਜਿੱਥੇ **ਹਰ ਤਰ੍ਹਾਂ ਦੀਆਂ ਰੂਹਾਨੀ ਬਰਕਤਾਂ** ਹਨ। ਉਹ *ਯਿਸੂ ਦੇ ਲਹੂ ਨਾਲ* ਧੋਤਾ ਨਹੀਂ ਗਿਆ, ਜਿਸ ਨੂੰ ਉਸ ਨੂੰ ਉਸਦੇ ਪਿਛਲੇ ਪਾਪਾਂ ਤੋਂ **ਛੁਟਕਾਰਾ** ਮਿਲ ਸਕੇ। ਜੇ ਤੁਹਾਨੂੰ ਬਾਈਬਲ ਵਿੱਚੋਂ ਨੇੜੇ ਦੀ ਕੋਈ ਉਦਾਹਰਣ ਚਾਹੀਦੀ ਹੈ ਤਾਂ ਕੁਰਨੇਲਿਉਸ ਨਾਮਕ ਇਕ ਰੋਮੀ ਸਿਪਾਹੀ ਨੂੰ ਵੇਖੋ। ਖ਼ੁਦਾ ਦੀ ਪ੍ਰੇਰਣਾ ਨਾਲ ਲਿਖੀ ਇਸ ਕਿਤਾਬ ਵੱਲ ਧਿਆਨ ਦਿਓ:

> ਕੈਸਰੀਆ ਵਿਚ ਕੁਰਨੇਲਿਉਸ ਕਰਕੇ ਇੱਕ ਮਨੁੱਖ ਸੀ ਜਿਹੜਾ ਇਤਾਲੀਆਨੀ ਨਾਮੇ ਇਕ ਪਲਟਣ ਦਾ ਸੂਬੇਦਾਰ ਸੀ। ਉਹ ਧਰਮੀ ਲੋਕ ਅਤੇ ਆਪਣੇ ਸਾਰੇ ਟੱਬਰ ਸਣੇ ਪਰਮੇਸ਼ੁਰ ਦਾ ਭੌ ਕਰਨ ਵਾਲਾ ਸੀ ਅਤੇ ਲੋਕਾਂ ਨੂੰ ਬਹੁਤ ਦਾਨ ਦਿੰਦਾ ਅਤੇ ਨਿੱਤ ਪਰਮੇਸ਼ੁਰ ਅੱਗੇ ਬੇਨਤੀ ਕਰਦਾ ਸੀ (ਰਸੂਲਾਂ ਦੇ ਕੰਮ 10:1, 2)।

ਇਸ ਆਦਮੀ ਬਾਰੇ ਪੜ੍ਹਨ ਤੇ ਤੁਹਾਨੂੰ ਮਿਲੇਗਾ ਕਿ ਉਸਦਾ **ਨੇਕ ਦਿਲ** ਸੀ ਉਹ **ਭਲਾ, ਸਦਾਚਾਰੀ** ਸੀ, ਸੁਣਨ ਨੂੰ ਕਾਹਲਾ ਸੀ ਅਤੇ ਇੱਥੋਂ ਤਕ ਕਿ ਰੂਹਾਨੀ ਲੋੜਾਂ ਬਾਰੇ ਵੀ **ਚੌਕਸ ਸੀ।** ਕੀ

ਉਹ ਬਚਾਇਆ ਗਿਆ ਸੀ? ਇਕ ਫ਼ਰਿਸ਼ਤੇ ਨੇ ਉਹਨੂੰ ਦੱਸਿਆ ਸੀ ਕਿ ''ਯਾੱਪਾ ਵੱਲ ਮਨੁੱਖ ਭੇਜ ਕੇ ਸ਼ਮਊਨ ਨੂੰ ਜਿਹੜਾ ਪਤਰਸ ਕਹਾਉਂਦਾ ਹੈ ਬੁਲਵਾ। ਉਹ ਤੈਨੂੰ ਅਜਿਹੀਆਂ ਗੱਲਾਂ ਸੁਣਾਵੇਗਾ ਜਿਨ੍ਹਾਂ ਤੋਂ ਤੂੰ ਅਤੇ ਤੇਰਾ ਸਾਰਾ ਘਰਾਣਾ *ਬਚਾਏ* ਜਾਓਗੇ'' (ਰਸੂਲਾਂ ਦੇ ਕੰਮ 11:13, 14)। ਕੁਰਨੇਲਿਉਸ **ਨੇੜੇ,** ਐਨਾ ਨੇੜੇ ਸੀ ਪਰ ਉਹ ਬਚਾਇਆ ਨਹੀਂ ਗਿਆ ਸੀ। ਇਸ ਸੂਬੇਦਾਰ ਵਿਚ ਤਾਰੀਫ਼ ਦੇ ਯੋਗ ਬਹੁਤ ਕੁਝ ਸੀ ਪਰ ਫਿਰ ਵੀ ਉਹ ਗੁਆਚਿਆ ਹੋਇਆ ਸੀ।

### ਰਾਜ ਵਿਚ ਵੜਨਾ

ਅਗਲਾ ਸਵਾਲ ਹੈ ''ਅਸੀਂ ਰਾਜ ਵਿਚ ਕਿਵੇਂ ਵੜਦੇ ਹਾਂ?'' **ਰਾਜ/ਕਲੀਸੀਆ/ਦੇਹ/ਮਸੀਹ** ਵਿਚ **ਵੜਨ ਲਈ**[37] ਕੀ ਹੋਣਾ ਜ਼ਰੂਰੀ ਹੈ? ਇਸ ਸਵਾਲ ਦਾ ਜਵਾਬ ਦੇਣ ਲਈ ਮੈਂ ਉਨ੍ਹਾਂ ਸ਼ਬਦਾਂ ਨਾਲ ਜੁੜੀਆਂ ਆਇਤਾਂ ਦੇ ਧਿਆਨ ਦੁਆਉਣਾ ਚਾਹੁੰਦਾ ਹਾਂ ਜਿਨ੍ਹਾਂ ਤੇ ਅਸਾਂ ਬਹੁਤ ਪਹਿਲਾਂ ਚਰਚਾ ਕੀਤੀ ਸੀ।

ਮੱਤੀ 18:3 ਵਿਚ ''ਰਾਜ'' ਸ਼ਬਦ ਦੀ ਵਰਤੋਂ ਹੋਈ ਸੀ ਜਿੱਥੇ ਯਿਸੂ ਨੇ ਕਿਹਾ, ''ਮੈਂ ਤੁਹਾਨੂੰ ਸਚ ਆਖਦਾ ਹਾਂ ਭਈ ਜੇ ਤੁਸੀਂ ਨਾ ਮੁੜੋ ਅਤੇ ਛੋਟਿਆਂ ਬਾਲਕਾਂ ਵਾਂਙੁ[38] ਨਾ ਬਣੋ ਤਾਂ ਸੁਰਗ ਦੇ ਵਿਚ ਰਾਜ ਵਿਚ ਕਦੀ ਨਾ ਵੜੋਗੇ।'' **ਰਾਜ ਵਿਚ ਵੜਨ ਲਈ ਮਨਬਦਲੀ**[39] ਜ਼ਰੂਰੀ ਹੈ। ''ਮਨਬਦਲੀ'' ਸ਼ਬਦ ਤੋਂ ਭਾਵ ਬੁਨਿਆਦੀ ਤੌਰ ਤੇ ''ਬਦਲਣਾ'' ਹੈ। ਮਨਬਦਲੀ ਦੀ ਪ੍ਰਕਿਰਿਆ ਤਿਹਰੀ ਹੈ:

(1) *ਵਿਹਾਰ* ਵਿਚ ਬਦਲਾਅ ਜ਼ਰੂਰੀ ਹੈ। ਜੋ *ਵਿਸ਼ਵਾਸ* ਨਾਲ ਆਉਂਦਾ ਹੈ। ਯਿਸੂ ਨੇ ਆਖਿਆ, ''ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ'' (ਯੂਹੰਨਾ 8:24)।

(2) *ਜ਼ਿੰਦਗੀ* ਵਿਚ ਬਦਲਾਅ ਹੋਣਾ ਜ਼ਰੂਰੀ ਹੈ, ਜੋ *ਤੌਬਾ* ਦੇ ਨਾਲ ਆਉਂਦਾ ਸੀ। ਉਸ ਨੇ ਕਿਹਾ, ''ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਪਰ ਜੋ ਤੁਸੀਂ ਤੌਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋ ਜਾਵੇਗਾ'' (ਲੂਕਾ 13:3)।

(3) *ਸਬੰਧ* ਭਾਵ ਪ੍ਰਭੂ ਨਾਲ ਸਾਡੇ ਸਬੰਧ ਵਿਚ ਬਦਲਾਅ ਜ਼ਰੂਰੀ ਹੈ, ਜਿਹੜਾ *ਬਪਤਿਸਮੇ* ਨਾਲ ਆਉਂਦਾ ਹੈ। ਯਿਸੂ ਨੇ ਕਿਹਾ, ''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹੀ ਬਚਾਇਆ ਜਾਵੇਗਾ'' (ਮਰਕੁਸ 16:16ੳ)।

ਬਹੁਤ ਸਾਰੇ ਧਾਰਮਿਕ ਲੋਕ ਜਿਹੜੇ ਯਿਸੂ ਵਿਚ ਵਿਸ਼ਵਾਸ ਕਰਦੇ ਹਨ, ਉਹ ਸਮਝਦੇ ਹਨ ਕਿ ਮਨਬਦਲੀ ਦੀ ਪ੍ਰਕ੍ਰਿਆ ਲਈ ਵਿਸ਼ਵਾਸ ਅਤੇ ਤੌਬਾ ਜ਼ਰੂਰੀ ਹੈ, ਪਰ ਕੁਝ ਲੋਕ **ਬਪਤਿਸਮੇ** ਦੀ ਲੋੜ ਨੂੰ ਚੁਣੌਤੀ ਦਿੰਦੇ ਹਨ।[40] ਇਸ ਲਈ ਮੈਂ ਆਪਣੇ ਰਾਜ ਵਿਚ ਵੜਨ ਦੇ ਇਸ ਪਹਿਲੂ ਤੇ ਕੁਝ ਹੋਰ ਗੱਲ ਕਰਨਾ ਚਾਹੰਦਾ ਹਾਂ। ਰਾਜ ਦੇ ਵੇਰਵੇ ਲਈ ਅਸੀਂ ਕਿਸੇ ਵੀ ਹੋਰ ਸ਼ਬਦ ਦੀ ਚੋਣ ਕਰੀਏ, ਸਾਡੇ ਲਈ ਉਸ ਵਿਚ ਵੜਨ ਲਈ ਪਾਣੀ ਵਿਚ ਬਪਤਿਸਮਾ ਲੈਣਾ ਜ਼ਰੂਰੀ ਮੰਨਿਆ ਜਾਂਦਾ ਹੈ:

- **''ਰਾਜ''** ਸ਼ਬਦ ਦੇ ਸਬੰਧ ਵਿਚ, ਯੂਹੰਨਾ 3:5 ਵੇਖੋ ਜਿੱਥੇ ਯਿਸੂ ਨੇ ਕਿਹਾ, ''... ਕੋਈ ਮਨੁੱਖ ਜੇਕਰ *ਜਲ ਅਰ ਆਤਮਾ ਤੋਂ ਨਾ ਜੰਮੇ*[41] ਤਾਂ ਪਰਮੇਸ਼ੁਰ ਦੇ ਰਾਜ ਵਿਚ ਵੜ ਨਹੀਂ ਸਕਦਾ।''
- **''ਕਲੀਸੀਆ''** ਸ਼ਬਦ ਦੇ ਸਬੰਧ ਵਿਚ ਰਸੂਲਾਂ ਦੇ ਕੰਮ 2 ਵਿਚ ਪਤਰਸ ਨੇ ਲੂਕਾ ਨੂੰ ਕਿਹਾ ਸੀ, ''ਤੌਬਾ ਕਰੋ ਅਤੇ ... ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ *ਬਪਤਿਸਮਾ''* ਲਵੋ (ਆਇਤ 38)। ਫਿਰ ਅਸੀਂ ਪੜ੍ਹਦੇ ਹਾਂ, ''... ਜਿਨ੍ਹਾਂ ਉਹਦੀ ਗੱਲ ਮੰਨ ਲਈ ਉਨ੍ਹਾਂ ਨੇ *ਬਪਤਿਸਮਾ ਲਿਆ* ਅਤੇ ਉਸੇ ਦਿਨ ਤਿੰਨ ਕੁ ਹਜ਼ਾਰ ਜਣੇ ਉਨ੍ਹਾਂ ਵਿਚ ਰਲਾਏ ਗਏ'' (ਆਇਤ 41)। ਆਇਤ 47 ਦੱਸਦੀ ਹੈ ਕਿ ''ਪ੍ਰਭੂ

ਦਿਨੋ ਦਿਨ ਉਨ੍ਹਾਂ ਨੂੰ ਜਿਹੜੇ ਬਚਾਏ ਜਾਂਦੇ ਸਨ ਉਨ੍ਹਾਂ ਵਿਚ ਰਲਾਉਂਦਾ ਸੀ।'' ਬਪਤਿਸਮਾ ਲੈਣ ਵਾਲਿਆਂ ਨੂੰ ਪ੍ਰਭੂ ਵੱਲੋਂ ਬਚਾਏ ਹੋਏ ਲੋਕਾਂ ਦੀ ਜਮਾਤ ਭਾਵ ''ਕਲੀਸੀਆ'' ਵਿਚ ਰਲਾ ਲਿਆ ਜਾਂਦਾ ਸੀ (ਅਫ਼ਸੀਆਂ 5:23, 25)। KJV ਦੇ ਮੁਤਾਬਿਕ ਪਤਰਸ ਦੀ ਗੱਲ ਮੰਨ ਕੇ ਬਪਤਿਸਮਾ ਲੈਣ ਵਾਲਿਆਂ ਬਾਰੇ ਕਿਹਾ ਗਿਆ ਹੈ ਕਿ ''ਜਿਹੜੇ ਬਚਾਏ ਜਾਂਦੇ ਸਨ ਪ੍ਰਭੂ ਉਨ੍ਹਾਂ ਨੂੰ ਰੋਜ਼ *ਕਲੀਸੀਆ* ਵਿਚ ਰਲਾ ਲੈਂਦਾ ਸੀ'' (ਰਸੂਲਾਂ ਦੇ ਕੰਮ 2:47)।

- **''ਦੇਹ''** ਸ਼ਬਦ ਦੇ ਸਬੰਧ ਵਿਚ 1 ਕੁਰਿੰਥੀਆਂ 12:13ੳ ਵੇਖੋ: ''ਕਿਉਂ ਜੋ ਅਸਾਂ ਸਭਨਾਂ ਨੂੰ ... ਇਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ *ਬਪਤਿਸਮਾ* ਦਿੱਤਾ ਗਿਆ।''[42]
- **''ਮਸੀਹ ਵਿਚ''** ਵਾਕ ਅੰਸ਼ ਬਾਰੇ ਮੈਂ ਗਲਾਤੀਆਂ 3:26, 27 ਫਿਰ ਦੋਹਰਾਉਂਦਾ ਹਾਂ, ''ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ਰ ਦੇ ਪੁੱਤਰ ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ।'' ਇਕ ਹੋਰ ਹਵਾਲਾ ਰੋਮੀਆਂ 6:3, 4 ਹੈ ਜਿਸ ਵਿਚ ਬੁਨਿਆਦੀ ਤੌਰ ਤੇ ਇਹੀ ਸੱਚਾਈ ਦੱਸੀ ਗਈ ਹੈ:

> ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ ਬਪਤਿਸਮਾ ਲਿਆ? ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦਫ਼ਨਾਏ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ।

ਜਦ ਸਾਡੇ ਮਨ, ਜ਼ਿੰਦਗੀ ਅਤੇ ਸਬੰਧ ਪ੍ਰਭੂ ਵਿਚ ਭਰੋਸਾ ਕਰਨ ਕਰਕੇ ਬਦਲ ਜਾਂਦੇ ਹਨ, ਭਾਵ ਆਪਣੇ ਪਾਪਾਂ ਤੋਂ ਤੌਬਾ ਕਰਕੇ ਅਤੇ ਬਪਤਿਸਮੇ ਵਿਚ ਦਫ਼ਨਾਏ ਜਾ ਕੇ ਅਸੀਂ ਬਦਲ ਜਾਂਦੇ ਹਾਂ, ਤਾਂ ਨਤੀਜਾ ਕੀ ਨਿਕਲਦਾ ਹੈ? ਫਿਰ ਇਕ ਖ਼ੁਦਾਈ **ਤਬਦੀਲੀ**[43] ਹੁੰਦੀ ਹੈ ਜਿਸ ਵਿਚ ਖ਼ੁਦਾ ''ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ'' ਬਚਾ ਲੈਂਦਾ ਹੈ ਅਤੇ ''ਆਪਣੇ ਪਿਆਰੇ ਪੁੱਤਰ ਦੇ **ਰਾਜ** ਵਿਚ ਪਹੁੰਚਾ'' ਦਿੰਦਾ ਹੈ (ਕੁਲੁੱਸੀਆਂ 1:13)! ਸਾਨੂੰ **ਕਲੀਸੀਆ** ਵਿਚ ਰਲਾ ਦਿੱਤਾ ਜਾਂਦਾ ਹੈ। ਅਸੀਂ **ਦੇਹ** ਦੇ ਅੰਗ ਬਣ ਜਾਂਦੇ ਹਾਂ। ਅਸੀਂ **ਮਸੀਹ** ਨੂੰ ਪਹਿਨ ਲੈਂਦੇ ਹਾਂ

ਹੁਣ ਸਾਨੂੰ ਸਾਫ਼ ਸਮਝ ਆ ਗਈ ਹੋਣੀ ਚਾਹੀਦੀ ਹੈ ਕਿ ''**ਰਾਜ ਵਿਚ**'' ਵਾਕ ਅੰਸ਼ ਤੋਂ ਸਾਡਾ ਕੀ ਭਾਵ ਹੈ ਅਤੇ ਇਹ ਵੀ ਕਿ **ਦੂਰ** ਅਤੇ **ਨੇੜੇ** ਦਾ ਕੀ ਅਰਥ ਹੈ। ਰਾਜ ਦੇ ਬਾਹਰ ਲੋਕ **ਦੂਰ** ਹੋਣ ਜਾਂ **ਨੇੜੇ**, ਉਹ ਬਦਲਦੇ ਨਹੀਂ ਹਨ। ਉਨ੍ਹਾਂ ਨੇ ਵਚਨ ਅਨੁਸਾਰ ਬਪਤਿਸਮਾ ਨਹੀਂ ਲਿਆ, ਇਸ ਕਰਕੇ ਉਨ੍ਹਾਂ ਨੂੰ **ਰਾਜ/ਕਲੀਸੀਆ/ਦੇਹ/ਮਸੀਹ** ਵਿਚ ਲਿਆਂਦਾ ਨਹੀਂ ਗਿਆ। ਇੱਥੇ ਹੀ ਤਾਂ **ਹਰ ਤਰ੍ਹਾਂ ਦੀ ਰੂਹਾਨੀ ਬਰਕਤ** ਹੈ ਜਿਸ ਵਿਚ **ਛੁਟਕਾਰਾ** ਅਤੇ ਪਿਛਲੇ ਪਾਪਾਂ ਤੋਂ **ਮੁਕਤੀ** ਅਤੇ **ਖ਼ੁਦਾ ਦੀ ਸੰਤਾਨ** ਹੋਣ ਦੇ ਯੋਗ ਬਣਨਾ ਸ਼ਾਮਿਲ ਹੈ।

## ਸਾਰ

ਮੈਂ ਪੱਕਾ ਨਹੀਂ ਕਹਿ ਸਕਦਾ ਕਿ ਕੁਝ ਲੋਕ ਰਾਜ ਦੇ **ਨੇੜੇ** ਆ ਕੇ ਇਸ **ਵਿਚ** ਵੜਦੇ ਕਿਉਂ ਨਹੀਂ ਹਨ। ਕੁਝ ਲੋਕ ਬਾਅਦ ਵਿਚ ਆਉਣ ਦੀ ਯੋਜਨਾ ਬਣਾਉਂਦੇ ਹਨ। ਸ਼ਾਇਦ ਕਈਆਂ ਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਅਜੇ ਚੰਗੀ ਤਰ੍ਹਾਂ ਪਤਾ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਮਨਾਂ ਵਿਚ ਅਜੇ ਵੀ ਸਵਾਲ ਹਨ। ਦੂਜਿਆਂ ਨੂੰ ਸ਼ਾਇਦ ਇਹ ਲਗਦਾ ਹੈ ਕਿ ਉਹ ਅਜੇ ਬਹੁਤ ਛੋਟੇ ਹਨ ਅਤੇ ਜਾਂ ਬਹੁਤ ਬੁੱਢੇ ਹੋ ਗਏ ਹਨ।

ਪਰ ਵਚਨ ਤੋਂ ਅਤੇ ਲੋਕਾਂ ਨਾਲ ਵਰ੍ਹਿਆਂ ਦੀ ਸੰਗਤੀ ਤੋਂ ਮੈਂ ਤੁਹਾਨੂੰ ਇਹ ਦੱਸ ਸਕਦਾ ਹਾਂ

ਕਿ ਕੋਈ ਵੀ *ਨੇੜੇ* ਨਹੀਂ *ਰਹਿੰਦਾ,* ਮੇਰੀ ਗੱਲ ਸੁਣੋ। ਕੋਈ ਨੇੜੇ ਨਹੀਂ ਰਹਿੰਦਾ ਹੈ। ਨੇੜੇ ਆਉਣ ਵਾਲਾ ਜਾਂ ਤਾਂ ਰਾਜ ਵਿਚ ਵੜ ਜਾਂਦਾ ਹੈ ਜਾਂ ਉਸ ਤੋਂ ਦੂਰ ਚਲਿਆ ਜਾਂਦਾ ਹੈ। ਜਿੰਨੀ ਵਾਰ ਉਹ ਮੌਕਾ ਠੁਕਰਾਉਂਦਾ ਹੈ, ਓਨੀ ਹੀ ਵਾਰ ਉਸਦਾ ਮਨ ਸਖ਼ਤ ਹੁੰਦਾ ਰਹਿੰਦਾ ਹੈ। ਇਕ ਵਾਰ **ਰਾਜ ਤੋਂ** ਦੂਰ ਹੋ ਜਾਣ ਤੇ ਉਹਦੇ ਲਈ ਪਹਿਲਾਂ ਵਾਲੀ ਦਿਲਚਸਪੀ ਫੇਰ ਤੋਂ ਪੈਦਾ ਕਰਨੀ ਨਾਮੁਮਕਿਨ ਜਿਹੀ ਹੋ ਜਾਂਦੀ ਹੈ। ਜੇ ਕੋਈ ਖ਼ੁਦਾ ਵੱਲ ਨੂੰ ਅੱਗੇ ਵਧ ਕੇ ਰਾਜ ਵਿਚ ਆਉਣ ਦੀ ਦਿਸ਼ਾ ਵਿਚ ਬਣਿਆ ਨਹੀਂ ਰਹਿੰਦਾ ਤਾਂ **ਨੇੜੇ** ਹੋਣ ਦਾ ਕੋਈ ਫ਼ਾਇਦਾ ਨਹੀਂ ਹੈ।

ਮੈਂ ਹਰ ਕਿਸੇ ਨੂੰ, ਜਿਸ ਨੂੰ ਵੀ ਪ੍ਰਭੂ ਨੂੰ ਕਬੂਲ ਕਰਨ ਦੀ ਲੋੜ ਹੈ, ਭਾਵੇਂ ਉਹ ਭਟਕਿਆ ਹੋਇਆ ਮਸੀਹੀ ਹੀ ਹੋਵੇ, ਜਿਸ ਨੂੰ ਘਰ ਵਾਪਸੀ ਦੀ ਲੋੜ ਹੈ ਅਤੇ ਭਾਵੇਂ ਉਹ ਹੋਰ ਕਾਰਣਾਂ ਨਾਲ ਦੁਆ ਦੀ ਇੱਛਾ ਕਰਦਾ ਹੋਵੇ, ਸੱਦਾ ਦਿੰਦਾ ਹੈ।[44] ਮੈਂ *ਖ਼ਾਸ ਤੌਰ ਤੇ* ਕਿਸੇ ਵੀ ਉਸ ਸ਼ਖ਼ਸ ਨੂੰ ਜਿਸ ਨੂੰ ਰਾਜ ਦੇ ਨੇੜੇ ਹੋਣਾ ਚਾਹੀਦਾ ਹੈ, ਬੇਨਤੀ ਕਰਦਾ ਹਾਂ। ਇਸ ਗੱਲ ਨੂੰ ਸਮਝੋ ਕਿ ਤੁਸੀਂ ਉੱਥੇ ਬਹੁਤੀ ਦੇਰ ਤਕ ਖੜੇ ਨਹੀਂ ਰਹਿ ਸਕੋਗੇ। ਜਦ ਜਦ ਪੌਲੁਸ ਨੇ ਫ਼ੇਲਿਕਸ ਨਾਲ ''ਧਰਮ ਅਤੇ ਸੰਜਮ ਅਤੇ ਹੋਣ ਵਾਲੀ ਅਦਾਲਤ ਦੇ ਵਿਖੇ'' ਗੱਲ ਕੀਤੀ, ਇਸ ਹਾਕਮ ਨੇ ''ਭੈਅ ਖਾਧਾ'' ਸੀ (ਰਸੂਲਾਂ ਦੇ ਕੰਮ 24:25ੳ)। ਉਹ ਰਾਜ ਦੇ ਥੋੜ੍ਹਾ ਹੋਰ ਨੇੜੇ ਆਇਆ ਸੀ ਪਰ ਫੇਰ ਦੂਰ ਚਲਿਆ ਗਿਆ। ਉਹ ਇਸ ਰਸੂਲ ਨੂੰ ਕਹਿੰਦਾ ਸੀ, ''ਐਤਕੀ ਤੂੰ ਜਾਹ, ਫੇਰ ਵੇਲਾ ਪਾ ਕੇ ਤੈਨੂੰ ਬੁਲਾਵਾਂਗਾ'' (ਰਸੂਲਾਂ ਦੇ ਕੰਮ 24:25ਅ)। ਪੌਲੁਸ ਨੇ ਜਦ ਅਗ੍ਰਿੱਪਾ ਨੂੰ ਵਚਨ ਸੁਣਾਇਆ ਸੀ ਤਾਂ ਉਸ ਰਾਜੇ ਨੇ ਉਸ ਨੂੰ ਆਖਿਆ ਸੀ ''ਤੈਨੂੰ ਆਸ ਹੋਊਗੀ ਭਈ ਮੈਨੂੰ ਥੋੜ੍ਹੇ ਹੀ ਕਿਤੇ ਮਸੀਹੀ ਕਰ ਲਵੇਂ'' (ਰਸੂਲਾਂ ਦੇ ਕੰਮ 26:28); ਪਰ ਜੇ ਉਸਦੇ ਮਨ ਤੇ ਇਸ ਦਾ ਅਸਰ ਹੋਇਆ ਸੀ ਤਾਂ ਉਸ ਨੇ ਇਸ ਦੀ ਮੰਨੀ ਤਾਂ ਨਹੀਂ।

ਖ਼ੁਦਾ ਦਾ ਸ਼ੁਕਰ ਹੋਵੇ ਕਿ **ਨੇੜੇ** ਆਉਣ ਵਾਲਾ ਹਰ ਸ਼ਖ਼ਸ **ਦੂਰ** ਨਹੀਂ ਜਾਂਦਾ। ਕੁਰਨੇਲਿਉਸ ਦਾ ਜ਼ਿਕਰ ਮੈਂ ਇਕ ਉਦਾਹਰਣ ਦੇ ਰੂਪ ਵਿਚ ਕੀਤਾ ਸੀ ਜਿਹੜਾ **ਨੇੜੇ** ਆ ਕੇ ਗੁਆਚਿਆ ਨਹੀਂ ਸੀ। ਰਸੂਲਾਂ ਦੇ ਕੰਮ 10:1–11:18 ਉਸ ਦੀ ਮਨਬਦਲੀ ਦੀ ਕਹਾਣੀ ਹੈ ਜਿਸ ਵਿਚ ਮਸੀਹ ਵਿਚ ਉਸ ਦੇ ਵਿਸ਼ਵਾਸ ਲਿਆਉਣ (ਰਸੂਲਾਂ ਦੇ ਕੰਮ 10:43) ਅਤੇ ਬਪਤਿਸਮਾ ਲੈਣ (ਰਸੂਲਾਂ ਦੇ ਕੰਮ 10:48) ਬਾਰੇ ਦੱਸਿਆ ਗਿਆ ਹੈ। ਇਕ ਹੋਰ ਰੋਮਾਂਚਕਾਰੀ ਉਦਾਹਰਣ ਹਬਸ਼ ਦੇਸ਼ ਦੇ ਮੰਤਰੀ ਦੀ ਹੈ, ਜਿਸਦੀ ਕਹਾਣੀ ਰਸੂਲਾਂ ਦੇ ਕੰਮ 8:26–39 ਵਿਚ ਦੱਸੀ ਗਈ ਹੈ। **ਨੇੜੇ** ਹੋਣ ਦਾ ਸਾਡਾ ਹਰ ਸ਼ਬਦ ਉਸ ਉੱਤੇ ਲਾਗੂ ਹੋਵੇਗਾ ਕਿਉਂਕਿ ਉਹ **ਨੇਕ ਮਨ** ਵਾਲਾ ਸੀ; ਅਸੀਂ ਮੰਨ ਸਕਦੇ ਹਾਂ ਕਿ ਉਹ **ਭਲਾ** ਸਦਾਚਾਰੀ **ਜੀਵਨ ਜੀ ਰਿਹਾ** ਸੀ। ਉਹ **ਸਿੱਖਣ ਨੂੰ ਕਾਹਲਾ** ਸੀ ਅਤੇ ਉਹ ਰੂਹਾਨੀ **ਲੋੜਾਂ ਬਾਰੇ ਚੌਕਸ** ਸੀ। ਫ਼ਿਲਿੱਪੁਸ ਵੱਲੋਂ ਉਸ ਨੂੰ ਸਮਝਾਉਣ ਦੇ ਬਾਅਦ (ਆਇਤ 35) ਉਸਨੇ ਕਿਹਾ ਸੀ: ''ਵੇਖ ਪਾਣੀ ਹੈਗਾ ਹੁਣ ਮੈਨੂੰ ਬਪਤਿਸਮਾ ਲੈਣ ਤੋਂ ਕਿਹੜੀ ਚੀਜ਼ ਰੋਕਦੀ ਹੈ?'' (ਆਇਤ 36)। ਖੁਸ਼ਖਬਰੀ ਦੇ ਪ੍ਰਚਾਰਕ ਨੇ ਉਸ ਨੂੰ ਦੱਸਿਆ ਸੀ, ''*[ਜੇ ਤੂੰ ਪੂਰੇ ਮਨ ਨਾਲ ਵਿਸ਼ਵਾਸ ਕਰਦਾ ਹੈਂ ਤਾਂ ਹੋ ਸਕਦਾ ਹੈ]*'' (ਆਇਤ 37ੳ)। ਉੱਥੇ ਹੀ ਉਸ ਅਧਿਕਾਰੀ ਲਈ ਜਾਂ ਤਾਂ ਅੱਗੇ ਵਧਣਾ ਜਾਂ ਪਿੱਛੇ ਮੁੜਨਾ ਪੈਣਾ ਸੀ; ਪਰ ਉੱਥੇ ਹੀ ਜਿੱਥੇ ਉਹ ਸੀ, ਉਹ ਨਹੀਂ ਰਹਿ ਸਕਦਾ ਸੀ। ਮੈਨੂੰ ਇਹ ਦੱਸਣਾ ਚੰਗਾ ਲਗਦਾ ਹੈ ਕਿ ਉਸ ਨੇ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕੀਤਾ (ਆਇਤ 37ਅ) ਅਤੇ ਬਪਤਿਸਮਾ ਲਿਆ (ਆਇਤ 38)। ਜਦ ਕੁਰਨੇਲਿਉਸ ਅਤੇ ਖੋਜਾ ਫ਼ੈਸਲਾ ਲੈ ਕੇ **ਰਾਜ ਵਿਚ, ਕਲੀਸੀਆ ਵਿਚ, ਦੇਹ ਵਿਚ, ਮਸੀਹ ਵਿਚ** ਆ ਗਏ ਸਨ ਅਤੇ **ਹਰ ਤਰ੍ਹਾਂ ਦੀ ਰੂਹਾਨੀ ਬਰਕਤ** ਪਾਉਣ ਦੇ ਹੱਕਦਾਰ ਹੋ ਗਏ ਸਨ।

ਨੇੜੇ ਆਉਣ ਵਾਲੇ ਉਸ ਗ੍ਰੰਥੀ ਦਾ ਕੀ ਹੋਇਆ? ਭਲਾ ਉਸ ਨੇ ਯਿਸੂ ਨੂੰ ਮਸੀਹਾ ਮਨ ਲਿਆ ਸੀ? ਪੈਂਟੀਕਾਸਟ ਵਾਲੇ ਦਿਨ ਉਸ ਨੇ ਤੌਬਾ ਕਰ ਲਈ ਸੀ? ਭਲਾ ਉਸ ਨੇ ਬਪਤਿਸਮਾ ਲੈ ਲਿਆ ਸੀ? ਪਤਾ ਨਹੀਂ, ਪਰ ਇਸ ਨਾਲੋਂ ਵੀ ਵੱਡਾ ਸਵਾਲ ਇਹ ਹੈ ਕਿ ''*ਤੁਸੀਂ* ਕਿੱਥੇ ਹੋ?'' ਸ਼ਾਇਦ

ਤੁਸੀਂ **ਨੇੜੇ** ਹੋ। ਜੇ ਹਾਂ ਤਾਂ ਕੀ ਤੁਸੀਂ ਪ੍ਰਭੂ ਲਈ ਫੈਸਲਾਕੁਨ ਫੈਸਲਾ ਲੈਣ ਨੂੰ ਤਿਆਰ ਹੋ ਤਾਂ ਜੋ ਤੁਸੀਂ ਵੀ ਉਸ ਖੋਜੇ ਵਾਂਗ ਅਨੰਦ ਕਰਦੇ ਹੋਏ ਘਰ ਨੂੰ ਜਾਓ? ਫ਼ੈਸਲਾ ਤੁਹਾਡੇ ਹੱਥ ਹੈ।

## ਨੋਟਸ

ਕਈ ਕਿਤਾਬਾਂ ਵੇਖੀਆਂ ਗਈਆਂ ਪਰ ਇਹ ਪਾਠ *ਆਫ਼ਟ–ਆਸਕਡ ਕਵੈਸ਼ਚੰਜ਼* (ਓਕਲਾਹੋਮਾ ਸਿਟੀ, ਓਕਾਲਾਹੋਮਾ: ਜੋ ਡਬਲਯੂ. ਲੇਅਰਡ ਐਂਡ ਹੋਇਟ ਹਫ਼ਾਈਨਸ, 1960) 173–87 ਕਿਤਾਬ ਵਿਚ ਜੋ ਲੇਅਰਡ ਦੇ ''ਆਰ ਯੂ ਨੀਅਰ ਦ ਕਿੰਗਡਮ?'' ਨਾਮਕ ਸਰਮਨ ਤੇ ਅਧਾਰਿਤ ਹੈ। ਚਾਰਟ ਜੋ ਵੱਲੋਂ ਬੋਰਡ ਤੇ ਬਣਾਏ ਚਾਰਟ ਤੇ ਅਧਾਰਿਤ ਹੈ।

ਮੈਂ ਇਸ ਚਾਰਟ ਨੂੰ ਫ਼ਲਾਲੈਨ ਤੇ ਬਣਾ ਲਿਆ ਤਾਂ ਜੋ ਸਰਮਨ ਵਿਚ ਅੱਗੇ ਹੋਰ ਜਾਣਕਾਰੀ ਜੋੜ ਸਕਾਂ। ਇਹ ਚਾਰਟ ਬੋਰਡ ਜਾਂ ਗੱਤੇ ਤੇ ਬਣਾਇਆ ਜਾ ਸਕਦਾ ਹੈ ਜਾਂ ਪ੍ਰੋਜੈਕਟਰ ਨਾਲ ਵਰਤਿਆ ਜਾ ਸਕਦਾ ਹੈ। ਹਾਲ ਹੀ ਵਿਚ ਮੈਂ ਇਸ ਚਾਰਟ ਦੀ ਵਰਤੋਂ ਪਾਵਰ ਪੁਆਇੰਟ ਵਿਚ ਕੀਤੀ। ਇਹ ਚਾਰਟ ਮੁੱਖ ਤੌਰ ਤੇ NASB ਦੇ ਅਨੁਵਾਦ ਤੇ ਅਧਾਰਿਤ ਹੈ। ਜੇ ਤੁਸੀਂ ਕਿਸੇ ਹੋਰ ਅਨੁਵਾਦ ਦੀ ਵਰਤੋਂ ਕਰਦੇ ਹੋ ਤਾਂ ਸ਼ਬਦਾਂ ਨੂੰ ਉਸੇ ਮੁਤਾਬਿਕ ਬਦਲ ਲਵੋ।

ਇਸ ਪਾਠ ਨੂੰ ਵਿਖਾਉਣ ਦਾ ਇਕ ਹੋਰ ਤਰੀਕਾ ਪੁਲਪਿਟ ਦੇ ਆਲੇ ਦੁਆਲੇ ਦੇ ''ਦੂਰ,'' ''ਨੇੜੇ,'' ਅਤੇ ''ਵਿਚ'' ਥਾਵਾਂ ਹੋ ਸਕਦੀਆਂ ਹਨ। ''ਵਿਚ'' ਬੁਲਾਰੇ ਦੇ ਸਟੈਂਡ ਦੇ ਬਿਲਕੁਲ ਪਿੱਛੇ ਹੋ ਸਕਦਾ ਹੈ। ''ਨੇੜੇ'' ਸਟੈਂਡ ਦੇ ਇਕ ਪਾਸੇ ਹੋ ਸਕਦਾ ਹੈ। ''ਦੂਰ'' ਬੁਲਾਰੇ ਦੇ ਸਟੈਂਡ ਤੋਂ ਬਿਲਕੁਲ ਦੂਰ ਹੋ ਸਕਦਾ ਹੈ। ਜੇ ਤੁਸੀਂ ਉੱਚੇ ਸਟੇਜ ਤੋਂ ਬੋਲਦੇ ਹੋ ਤਾਂ ਦੂਰ ਸਟੇਜ ਤੋਂ ਬਿਲਕੁਲ ਪਰ੍ਹੇ, ਹਾਲ ਦੇ ਫ਼ਰਸ਼ ਉੱਤੇ ਹੇਠਲੇ ਪਾਸੇ ਹੋ ਸਕਦਾ ਹੈ। ਫਿਰ ਵੱਖੋ ਵੱਖ ਹਾਲਤਾਂ ਦੀ ਚਰਚਾ ਕਰਦਿਆਂ ਤੁਸੀਂ ਇਨ੍ਹਾਂ ਥਾਂਵਾਂ ਦੇ ਪਿੱਛੇ ਅਤੇ ਅੱਗੇ ਹੋ ਸਕਦੇ ਹੋ।

---

ਟਿੱਪਣੀਆਂ

[1]ਇਸ ਪਾਠ ਦੇ ਨਾਲ ''ਤੂੰ ਪਰਮੇਸ਼ੁਰ ਦੇ ਰਾਜ ਤੋਂ ਦੂਰ ਨਹੀਂ'' ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਚਾਰਟ ਦੀ ਵਰਤੋਂ ਕਰਨਾ ਚੁਣਨ ਵਾਲਿਆਂ ਦੀ ਮਦਦ ਲਈ ਸਰਮਨ ਵਿਚ ਇਹ ਸੰਕੇਤ ਦੇਣ ਲਏ ਕਿ ਚਾਰਟ ਵਿਚ ਕਦੋਂ ਨਵੇਂ ਸ਼ਬਦ ਜਾਂ ਵਾਕ ਅੰਸ਼ ਜੋੜੇ ਜਾਣ ਜਾਂ ਪਹਿਲਾਂ ਤੋਂ ਲਾਏ ਸ਼ਬਦਾਂ ਤੇ ਕਦੋਂ ਧਿਆਨ ਦਿੱਤਾ ਜਾਵੇ। *ਮੋਟੇ ਅੱਖਰਾਂ* ਦੀ ਵਰਤੋਂ ਕੀਤੀ ਗਈ ਹੈ। *ਟਿੱਪਣੀਆਂ* ਤੋਂ ਸੰਕੇਤ ਮਿਲਦਾ ਹੈ ਕਿ ਚਾਰਟ ਵਿਚ ਕਦੋਂ ਕੋਈ ਸ਼ਬਦ ਜਾਂ ਵਾਕ ਅੰਸ਼ *ਜੋੜਿਆ* ਜਾਵੇ। ਜੇ ਕੋਈ ਟਿੱਪਣੀ *ਨਹੀਂ* ਮਿਲਦੀ ਤਾਂ ਬੋਲਡ ਕੀਤੇ ਗਏ ਅੱਖਰ ਚਾਰਟ ਦੇ ਸ਼ਬਦਾਂ ਵੱਲ *ਇਸ਼ਾਰਾ ਕਰਦੇ* ਹਨ। [2]ਪਾਠ ਦੇ ਸ਼ੁਰੂ ਵਿਚ ਹੀ ਬੋਰਡ ਦੇ ਉੱਤੇ ਸਿਰਲੇਖ ਲਾ ਦਿੱਤਾ ਜਾਵੇ, ਬੋਰਡ ਦੇ ਸੱਜੇ ਪਾਸੇ ਆਇਤਾਕਾਰ ਦੇ ਨਾਲ ਸਵਾਲਾਂ ਦੇ ਵੱਡੇ ਦਿਨ ਦੇ ਪਿੱਛੋਕੜ ਲਈ, *ਮਸੀਹ ਦੀ ਜ਼ਿੰਦਗੀ, 5* ਕਿਤਾਬ ਵਿਚ ''ਕੈਸਾ ਦਿਨ ਹੈ'' ਪਾਠ ਵੇਖੋ। ਵਿਚਾਰ ਅਧੀਨ ਸਪੱਸ਼ਟ ਘਟਨਾ ਦੇ ਪਿਛੋਕੜ ਲਈ ਉਸੇ ਕਿਤਾਬ ਵਿਚ ''ਜੇਤੂ ਅਤੇ ਅੱਜ ਵੀ ਚੈਂਪੀਅਨ'' ਪਾਠ ਵੇਖੋ। [3]ਉਸ ਨੇ ਆਪਣੀ ਮਰਜ਼ੀ ਨਾਲ ਕੀਤਾ ਹੋ ਸਕਦਾ ਹੈ। [4]ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮਾਰਕ,* ਸੋਧਿਆ ਅੰਕ, ਦ ਡੇਅਲੀ ਸਟੱਡੀ ਬਾਈਬਲ ਸੀਰੀਜ਼ (ਫਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈਸ, 1975), 296–97. [5]KJV ਵਿਚ ਪੁਰਾਣੀ ਅੰਗ੍ਰੇਜ਼ੀ ਦਾ ਸ਼ਬਦ (durst) ਵਰਤਿਆ ਗਿਆ ਹੈ ਜਿਸਦਾ ਅਰਥ ਹੈ ''ਹਿੰਮਤ'' (ਵੇਖੋ NKJV). [6]''**ਰਾਜ**'' ਸ਼ਬਦ ਨੂੰ ਚਾਰਟ ਦੇ ਉੱਪਰਲੇ ਪਾਸੇ, ਆਇਤਾਕਾਰ ਵਿਚ ਰੱਖੋ। [7]ਯਿਸੂ ਨੇ ਕਿਹਾ ਕਿ ਰਾਜ ਉਸ ਦੇ ਚੇਲਿਆਂ ਦੇ ਜੀਉਂਦਿਆਂ ਜੀ ਕੁਦਰਤ ਨਾਲ ਆਵੇਗਾ (ਮਰਕੁਸ 9:1)। ਉਸਨੇ ਕਿਹਾ ਕਿ ਪਵਿੱਤਰ ਆਤਮਾ ਦੇ ਆਉਣ ਨਾਲ ਸਮਰਥਾ ਮਿਲੇਗੀ (ਰਸੂਲਾਂ ਦੇ ਕੰਮ 1:8)। ਪਵਿੱਤਰ ਆਤਮਾ, ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ

ਦੇ ਬਾਅਦ ਵਾਲੇ ਪਹਿਲੇ ਪੈਂਟੀਕਾਸਟ ਤੇ ਆਇਆ। ਉਸ ਮੌਕੇ ਤੇ ਸ਼ਕਤੀ ਆਈ ਅਤੇ ਰਾਜ ਕਾਇਮ ਕੀਤਾ। [8]ਸੰਕੇਤ ਦਿੱਤੇ ਹੋਏ ਥਾਂ ਤੇ ਚਾਰਟ ਉੱਤੇ ''**ਨੇੜੇ**'' ਸ਼ਬਦ ਰੱਖੋ। [9]ਚਾਰਟ ਉੱਤੇ ''**ਦੂਰ**'' ਸ਼ਬਦ ਲਾਓ। [10] ''**ਵਿਚ**'' ਸ਼ਬਦ ਨੂੰ ਉੱਪਰਲੇ ਪਾਸੇ ਆਇਤਾਕਾਰ ਦੇ ਨੇੜੇ ''**ਰਾਜ**'' ਸ਼ਬਦਾਂ ਨੂੰ ਜੋੜੋ।

[11]ਜਿਵੇਂ ਕਿ ਇਸ ਸਰਮਨ ਵਿਚ ਅੱਗੇ ਅਸੀਂ ਵੇਖਾਂਗੇ, ਮੈਂ ਮਸੀਹੀ ਲੋਕਾਂ ਤੇ, ਭਾਵ ਪ੍ਰਭੂ ਦੀ ਕਲੀਸੀਆ ਦੇ ਮੈਂਬਰਾਂ ਦੀ ਗੱਲ ਕਰ ਰਿਹਾ ਹਾਂ। [12]ਨਵੇਂ ਨੇਮ ਵਿਚ ਸੁਰਗ ਵਿਚ ਪਰਮੇਸ਼ੁਰ ਦੇ ਸਿੰਘਾਸਣ ਜਾਂ ਪੂਰੀ ਧਰਤੀ ਉੱਤੇ ਪਰਮੇਸ਼ੁਰ ਦੇ ਇਖ਼ਤਿਆਰ ਨੂੰ ਦੱਸਣ ਲਈ ''ਰਾਜ'' ਸ਼ਬਦ ਦੀ ਵਰਤੋਂ ਕਈ ਤਰ੍ਹਾਂ ਨਾਲ ਕੀਤੀ ਜਾਂਦੀ ਹੈ। ਅਸੀਂ ਜਿਨ੍ਹਾਂ ਆਇਤਾਂ ਦੀ ਵਰਤੋਂ ਕਰਾਂਗੇ ਉਹ ਲੋਕਾਂ ਦੀ ਜਮਾਤ ਲਈ ਹਨ ਜਿਸ ਨੂੰ ਆਮ ਤੌਰ ਤੇ ਪੈਂਟੀਕਾਸਟ ਵਾਲੇ ਦਿਨ ਤੋਂ ''ਕਲੀਸੀਆ'' ਆਖਿਆ ਜਾਂਦਾ ਹੈ। [13]ਮੱਤੀ 16:13–20 ਤੇ ਸੰਖੇਪ ਟਿੱਪਣੀਆਂ ਵੇਖੋ, *ਮਸੀਹ ਦੀ ਜ਼ਿੰਦਗੀ, 3* ਕਿਤਾਬ ਵਿਚ ''ਪਹਾੜਾਂ ਦੀਆਂ ਚੋਟੀਆਂ ਅਤੇ ਘਾਟੀਆਂ'' ਪਾਠ ਵੇਖੋ। [14]ਇਸ ਗੱਲ ਨੂੰ ਸਮਝੋ ਕਿ ਕਲੀਸੀਆ ਜਾਂ ਚਰਚ ਇਮਾਰਤ *ਨਹੀਂ* ਬਲਕਿ ਲੋਕ ਹਨ। ਇਹ ਰੂਪਕ ਜਾਂ ਉਦਾਹਰਣ ਹੈ, ਜਿਸਦੀ ਵਰਤੋਂ ਯਿਸੂ ਨੇ ਕੀਤੀ ਹੈ। [15]ਇਹ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਪਹਿਲੇ ਪੈਂਟੀਕਾਸਟ ਵਾਲੇ ਦਿਨ ਹੋਇਆ (ਰਸੂਲਾਂ ਦੇ ਕੰਮ 2:14–40)। [16]''**ਰਾਜ ਵਿਚ**'' ਸ਼ਬਦਾਂ ਦੇ ਹੇਠਾਂ ''**ਕਲੀਸੀਆ ਵਿਚ**'' ਸ਼ਬਦ ਜੋੜ ਲਵੋ। [17]''**ਕਲੀਸੀਆ ਵਿਚ**'' ਦੇ ਹੇਠਾਂ ''**ਦੇਹ ਵਿਚ**'' ਸ਼ਬਦ ਜੋੜ ਲਵੋ। [18]''**ਦੇਹ ਵਿਚ**'' ਦੇ ਹੇਠਾਂ ''**ਮਸੀਹ ਵਿਚ**'' ਸ਼ਬਦ ਜੋੜ ਲਵੋ। [19]ਹੋਰ ਉਦਾਹਰਣਾਂ ਲਈ ਤੁਸੀਂ ਕਿਸੇ ਕੰਕੌਰਡੈਂਸ ਜਾਂ ਅਨੁਕ੍ਰਮਨਿਕਾ ਵਿਚ ''ਮਸੀਹ ਵਿਚ,'' ''ਯਿਸੂ ਵਿਚ,'' ''ਯਿਸੂ ਮਸੀਹ ਵਿਚ'' ਸ਼ਬਦ ਵੇਖ ਸਕਦੇ ਹੋ। [20]ਚਾਰਟ ਵਿਚ ''**ਹਰ ਤਰ੍ਹਾਂ ਦੀ ਰੂਹਾਨੀ ਬਰਕਤ**'' ਸ਼ਬਦ ਜੋੜ ਲਵੋ।

[21]ਜੋ ਲੇਅਰਡ, *ਆਫ਼ਟ–ਆਸਕਡ ਕਵੈਸ਼ਚੰਜ਼* (ਓਕਲਾਹੋਮਾ ਸਿਟੀ: ਜੋ ਡਬਲਯੂ. ਲੇਅਰਡ ਐਂਡ ਹੋਇਟ ਹਫ਼ਾਈਨਸ, 1960) 176–77. [22]ਚਾਰਟ ਵਿਚ ''**ਛੁਟਕਾਰਾ**'' ਸ਼ਬਦ ਜੋੜ ਲਵੋ। [23]ਚਾਰ ਵਿਚ ''**ਮੁਕਤੀ**'' ਸ਼ਬਦ ਜੋੜ ਲਵੋ। [24]ਚਾਰਟ ਵਿਚ ''**ਖ਼ੁਦਾ ਦੀ ਸੰਤਾਨ**'' ਜੋੜ ਲਵੋ। (KJV ਦੇ ਇਸ ਵਾਕ ਅੰਸ਼ ਦਾ ਅਰਥ ਭਾਵੇਂ ਉਹੀ ਹੈ ਪਰ ਇਹ NASB ਦੇ ''ਪਰਮੇਸ਼ੁਰ ਦੇ ਪੁੱਤਰਾਂ'' ਨਾਲੋਂ ਵੱਧ ਲਗ ਸਕਦਾ ਹੈ)। [25]ਇਸ ਸਰਮਨ ਵਿਚ ਦੁਹਰਾਉਣਾ ਜਾਣ ਬੁੱਝ ਕੇ ਕੀਤਾ ਗਿਆ ਹੈ। ''ਸਿੱਖਣ ਦਾ ਸਭ ਤੋਂ ਵਧੀਆ ਤਰੀਕਾ ਦੁਹਰਾਉਣਾ ਹੈ।'' [26]ਆਇਤਾਕਾਰ ਦੇ ਬਾਹਰ ਵਾਲੇ ਪਾਸੇ ਵੱਲ ਇਸ਼ਾਰਾ ਕਰੋ। [27]''**ਮਸੀਹ ਵਿਚ**'' ਅਤੇ ਆਇਤਾਕਾਰ ਦੇ ਅੰਦਰ ਵੱਲ ਧਿਆਨ ਦੁਆਓ। [28]''**ਖ਼ੁਦਾ ਦੀ ਸੰਤਾਨ**'' ਸ਼ਬਦਾਂ ਵੱਲ ਧਿਆਨ ਦੁਆਓ ਭਾਵੇਂ ਉਨ੍ਹਾਂ ਹੀ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਗਈ ਹੈ। [29]ਚਾਰਟ ਵਿਚ ''ਮੁਤਅੱਸਬ'' ਸ਼ਬਦ ਜੋੜ ਲਵੋ। ਮੈਂ ਇਨ੍ਹਾਂ ਪੁਆਇੰਟਾਂ ਵਿਚ ਛੇਤੀ ਨਾਲ ਫ਼ਰਕ ਕਰ ਦਿੰਦਾਂ ਹਾਂ। ਤੁਸੀਂ ਚਾਹੋ ਤਾਂ ਇਨ੍ਹਾਂ ਉੱਤੇ ਕੁਝ ਸਮਾਂ ਲਾ ਸਕਦੇ ਹੋ। ਮੁਤਅੱਸਬ ਨਾਲ ਜੁੜੀ ਇਕ ਆਇਤ (ਸਚਿਆਈ ਨਾਲ ਪ੍ਰੇਮ ਨਹੀਂ) 2 ਥੱਸਲੁਨੀਕੀਆਂ 2:10 ਹੈ। [30]ਚਾਰਟ ਵਿਚ ''**ਨੇਕ ਦਿਲ**'' ਸ਼ਬਦ ਜੋੜ ਲਵੋ। ਨੇਕ ਦਿਲ ਹੋਣ ਨਾਲ ਜੁੜੀਆਂ ਆਇਤਾਂ ਵਿਚ ਮੱਤੀ 5:6; ਯੂਹੰਨਾ 7:17; ਰਸੂਲਾਂ ਦੇ ਕੰਮ 10:33; 1 ਸਮੂਏਲ 3:9 ਹਨ।

[31]ਚਾਰਟ ਵਿਚ ''**ਦੁਸ਼ਟਤਾ**'' ਸ਼ਬਦ ਜੋੜ ਲਵੋ। [32]ਚਾਰਟ ਵਿਚ ''ਭਲਾ, ਸਦਾਚਾਰੀ ਜੀਵਨ'' ਜੋੜ ਲਵੋ। [33]ਚਾਰਟ ਵਿਚ ''**ਸਿੱਖਿਆ ਦੀ ਘਾਟ**'' ਸ਼ਬਦ ਜੋੜ ਲਓ। [34]ਚਾਰਟ ਵਿਚ ''ਸਿੱਖਣ ਲਈ ਕਾਹਲੇ'' ਵਾਕ ਅੰਸ਼ ਜੋੜ ਲਓ। [35]ਚਾਰਟ ਵਿਚ ''**ਆਪਣੇ ਆਪ ਲਈ ਸੰਤੁਸ਼ਟ**'' ਵਾਕ ਅੰਸ਼ ਜੋੜ ਲਓ। [36]ਚਾਰਟ ਵਿਚ ''**ਲੋੜਾ ਤੋਂ ਜਾਣੂ**'' ਵਾਕ ਅੰਸ਼ ਜੋੜ ਲਓ। ਲੂਕਾ 18:9–14 ਇਕ ਆਦਮੀ ਬਾਰੇ ਦੱਸਦਾ ਹੈ ਜੋ ਆਪਣੇ ਆਪ ਵਿਚ ਸੰਤੁਸ਼ਟ ਸੀ ਅਤੇ ਇਕ ਹੋਰ ਆਦਮੀ ਜੋ ਆਪਣੀਆਂ ਲੋੜਾਂ ਜੋ ਵਾਕਫ਼ ਸੀ। [37]ਆਇਤਾਕਾਰ **ਰਾਜ** ਵਿੱਚੋਂ ਦੀ ਤੀਰ ਜਾਂਦਾ ਹੋਇਆ ਵਿਖਾਉਂਦੇ ਹੋਏ ''**ਵੜਨ ਲਈ**'' ਵਾਕ ਅੰਸ਼ ਜੋੜੋ। [38]''ਬੱਚਿਆਂ ਵਰਗੇ ਬਣਨ'' ਦੇ ਅਰਥ ਦੇ ਸਬੰਧ ਵਿਚ, *ਮਸੀਹ ਦੀ ਜ਼ਿੰਦਗੀ, 4* ਕਿਤਾਬ ਵਿਚ ''ਸ਼ਗਿਰਦੀ ਦੇ ਨਿਸ਼ਾਨ'' ਪਾਠ ਤੇ ਵਿਚਾਰ ਕਰੋ। [39]ਚਾਰਟ ਵਿਚ ''**ਮਨਬਦਲੀ**'' ਸ਼ਬਦ ਜੋੜੋ। [40]ਚਾਰਟ ਵਿਚ ''**ਬਪਤਿਸਮਾ**'' ਸ਼ਬਦ ਜੋੜ ਲਵੋ।

[41]ਇਸ ਤੱਥ ਤੇ ''ਪਾਣੀ ਤੋਂ ਜਨਮ'' ਦਾ ਅਰਥ ਬਪਤਿਸਮਾ ਹੈ, ਸੰਖੇਪ ਚਰਚਾ ਲਈ *ਮਸੀਹ ਦੀ*

*ਜ਼ਿੰਦਗੀ, 1* ਕਿਤਾਬ ਵਿਚ ''ਸਭ ਗੱਲਾਂ ਦਾ ਪਹਿਲੀ ਵਾਰ ਹੋਣਾ'' ਪਾਠ ਵੇਖੋ। [42]1 ਕੁਰਿੰਥੀਆਂ 12:13 ਵਾਲਾ ਬਪਤਿਸਮਾ ਗ੍ਰੇਟ ਕਮਿਸ਼ਨ ਵਾਲਾ ਬਪਤਿਸਮਾ ਅਫ਼ਸੀਆਂ 4:5 ਵਾਲਾ ''ਇੱਕੋ ਬਪਤਿਸਮਾ'' ਹੈ ਜੋ ਕਿ ਪਾਣੀ ਵਿਚ ਹੀ ਹੈ। ਆਤਮਾ ਦੀ ਅਗਵਾਈ ਵਿਚ (ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਵਚਨ ਨੂੰ ਮੰਨ ਕੇ), ਅਸੀਂ ਇੱਕੋ ਕਲੀਸੀਆ ਵਿਚ ਬਪਤਿਸਮਾ ਲੈਂਦੇ ਹਾਂ। [43]ਚਾਰਟ ਤੇ **''ਤਬਦੀਲੀ''** ਸ਼ਬਦ ਰੱਖੋ। [44]ਸੁਣਨ ਵਾਲਿਆਂ ਦੀ ਲੋੜ ਮੁਤਾਬਿਕ ਇਸ ਨੂੰ ਵਿਸਤਾਰ ਦਿਓ।

**''ਤੂੰ ਪਰਮੇਸ਼ੁਰ ਦੇ ਰਾਜ ਤੋਂ ਦੂਰ ਨਹੀਂ ਹੈ''**

**ਵੜਨ ਲਈ**
ਮਨਬਦਲੀ
ਬਪਤਿਸਮਾ
ਤਬਦੀਲੀ

→

ਰਾਜ **ਵਿਚ**

ਕਲੀਸੀਆ **ਵਿਚ**

ਦੇਹ **ਵਿਚ**

ਮਸੀਹ **ਵਿਚ**

**ਹਰ ਤਰ੍ਹਾਂ ਦੀ ਰੂਹਾਨੀ ਬਰਕਤ**

ਛੁਟਕਾਰਾ

ਮੁਕਤੀ

ਖ਼ੁਦਾ ਦੀ ਸੰਤਾਨ

**ਦੂਰ**
ਮੁਤਅੱਸਬ
ਦੁਸ਼ਟਤਾ
ਸਿੱਖਿਆ ਦੀ ਘਾਟ
ਆਪਣੇ ਆਪ ਵਿਚ ਸੰਤੁਸ਼ਟ

**ਨੇੜੇ**
ਨੇਕ ਦਿਲ
ਭਲਾ, ਸਦਾਚਾਰੀ ਜੀਵਨ
ਸਿੱਖਣ ਲਈ ਤਿਆਰ
ਲੋੜਾਂ ਤੋਂ ਜਾਣੂ

# ਤੌਬਾ ਕਰੋ ਜਾਂ ਨਾਸ ਹੋ ਜਾਓ!

## ਲੂਕਾ 13:1-5

ਇਕ ਦਿਨ ਜਦ ਯਿਸੂ ਲੋਕਾਂ ਨੂੰ ਸਿਖਾ ਰਿਹਾ ਸੀ ਤਾਂ ਕੁਝ ਗਲੀਲੀਆਂ ਦੀ ਖ਼ਬਰ ਆਈ, ''ਜਿਨ੍ਹਾਂ ਦਾ ਲਹੂ ਪਿਲਾਤੁਸ ਨੇ ਉਨ੍ਹਾਂ ਦੇ ਬਲੀਦਾਨਾਂ ਨਾਲ ਮਿਲਾਇਆ ਸੀ'' (ਲੂਕਾ 13:1)। ਅਸੀਂ ਪੱਕਾ ਨਹੀਂ ਦੱਸ ਸਕਦੇ ਕਿ ਇਹ ਗਲੀਲੀ ਕੌਣ ਸਨ।[1] ਪਰ ਮਸੀਹ ਦੇ ਸੁਣਨ ਵਾਲਿਆਂ ਨੇ ਯਕੀਨੀ ਤੌਰ ਤੇ ਇਹ ਮੰਨਿਆ ਕਿ ਉਹ ਐਨੇ ਬੁਰੇ ਸਨ ਕਿ ਉਨ੍ਹਾਂ ਦੀ ਮੌਤ ਹੋਣੀ ਹੀ ਚਾਹੀਦੀ ਸੀ। ਯਿਸੂ ਨੇ ਉਨ੍ਹਾਂ ਨੂੰ ਕਿਹਾ, ''ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਭਲਾ, ਤੁਸੀਂ ਸਮਝਦੇ ਹੋ ਭਈ ਏਹ ਗਲੀਲੀ ਸਭਨਾਂ ਗਲੀਲੀਆਂ ਨਾਲੋਂ ਵੱਡੇ ਪਾਪੀ ਸਨ ਜੋ ਉਨ੍ਹਾਂ ਨੇ ਇਹ ਦੁੱਖ ਸਹੇ? ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਪਰ ਜੋ ਤੁਸੀਂ ਤੌਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋ ਜਾਵੇਗਾ'' (ਆਇਤਾਂ 2, 3)। ਫਿਰ ਪ੍ਰਭੂ ਨੇ ਇਸੇ ਗੱਲ ਤੇ ਜ਼ੋਰ ਦੇਣ ਲਈ ਇਕ ਹੋਰ ਉਦਾਹਰਣ ਦਿੱਤੀ: ''ਯਾ ਉਹ ਅਠਾਰਾਂ ਜਿਹਨਾਂ ਉੱਤੇ ਸਿਲੋਆਮ ਦਾ ਬੁਰਜ ਢੱਠਾ ਅਤੇ ਉਨ੍ਹਾਂ ਨੂੰ ਮਾਰ ਸੁੱਟਿਆ, ਭਲਾ ਤੁਸੀਂ ਇਹ ਸਮਝਦੇ ਹੋ ਜੋ ਓਹ ਯਰੂਸ਼ਲਮ ਦੇ ਸਭ ਰਹਿਣ ਵਾਲਿਆਂ ਨਾਲੋਂ ਵੱਡੇ ਪਾਪੀ ਸਨ? ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਪਰ ਜੇ ਤੁਸੀਂ ਤੌਬਾ ਨਾ ਕਰੋ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋਵੇਗਾ'' (ਆਇਤਾਂ 4, 5)।[2]

ਬਾਈਬਲ ਵਿਚ ਕੁਝ ਹੀ ਆਇਤਾਂ ਹਨ, ਜੋ ਅੱਖਰ ਅੱਖ ਦੁਹਰਾਈਆਂ ਗਈਆਂ ਹੋਣ, ਪਰ ਲੂਕਾ 13 ਵਿਚ ਇਹ ਦੋ ਆਇਤਾਂ ਹਨ।[3] ਆਇਤ 3 ਵਿਚ ਕਿਹਾ ਗਿਆ ਹੈ, ''ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਪਰ ਜੇ ਤੁਸੀਂ ਤੌਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋ ਜਾਵੇਗਾ।'' ਆਇਤ 5 ਵਿਚ ਵੀ ਅਸੀਂ ਪੜ੍ਹਦੇ ਹਾਂ, ''ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਪਰ ਜੇ ਤੁਸੀਂ ਤੌਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋਵੇਗਾ।'' ਅਜਿਹੇ ਦੁਹਰਾ ਤੋਂ ਇਹੀ ਸੁਝਾਅ ਮਿਲਦਾ ਹੈ ਕਿ ਪਵਿੱਤਰ ਆਤਮਾ ਇਹ ਯਕੀਨੀ ਬਣਾਉਣਾ ਚਾਹੁੰਦਾ ਸੀ ਕਿ ਤੌਬਾ ਕਰੋ ਜਾਂ ਨਾਸ ਹੋ ਜਾਓ ਦੀ ਅਣਗੇਲੀ ਨਾ ਕਰੀਏ!

### ''ਜੇ ਤੁਸੀਂ ਤੌਬਾ ਨਾ ਕਰੋ ...''

**ਤੌਬਾ ਦੀ ਮੰਗ ਕੀਤੀ ਗਈ**

ਪੁਰਾਣੇ[4] ਅਤੇ ਨਵੇਂ ਦੋਹਾਂ ਨੇਮਾਂ ਵਿਚ ਤੌਬਾ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ। ਜਦ ਯੂਹੰਨਾ ਬਪਤਿਸਮਾ ਦੇਣ ਵਾਲਾ ਪ੍ਰਚਾਰ ਕਰਦਾ ਹੋਇਆ ਆਇਆ ਕਿ ਰਾਜ ਨੇੜੇ ਆਇਆ ਹੈ, ਤਾਂ ਉਸ ਨੇ ਆਪਣੇ ਸੁਣਨ ਵਾਲਿਆਂ ਨੂੰ ਤੌਬਾ ਕਰਨ ਦੀ ਬੇਨਤੀ ਕੀਤੀ (ਮੱਤੀ 3:2)। ਯਿਸੂ ਅਤੇ ਉਸ ਦੇ ਰਸੂਲਾਂ ਨੇ ਵੀ ਇਹੀ ਸਮਝਾਇਆ (ਮੱਤੀ 4:17; ਮਰਕੁਸ 6:12)। ਪ੍ਰਭੂ ਦੇ ਗ੍ਰੇਟ ਕਮਿਸ਼ਨ ਵਿਚ ਦਿੱਤੇ ਜਾਣ ਵਾਲੇ ਸੰਦੇਸ਼ ਵਿਚ ਤੌਬਾ ਵੀ ਸ਼ਾਮਿਲ ਸੀ (ਲੂਕਾ 24:47)।[5] ਇੰਜੀਲ ਦਾ ਭਰਪੂਰੀ ਨਾਲ ਸੁਣਾਉਣਾ ਸ਼ੁਰੂ ਕਰਨ ਵੇਲੇ, ਪਾਪੀਆਂ ਨੂੰ ਤੌਬਾ ਕਰਨ ਲਈ ਕਿਹਾ ਗਿਆ ਸੀ (ਰਸੂਲਾਂ ਦੇ ਕੰਮ 2:38; 3:19, 26; 17:30, 31)।

ਸੁਝਾਅ ਦਿੱਤਾ ਗਿਆ ਹੈ ਕਿ ਬਾਈਬਲ ਤੌਬਾ ਉੱਤੇ ਬਹੁਤ ਜ਼ੋਰ ਦਿੰਦੀ ਹੈ, ਕਿਉਂਕਿ ਲੋਕਾਂ ਨੂੰ ਖ਼ੁਦਾ ਦਾ ਇਹ ਹੁਕਮ ਸਭ ਤੋਂ ਔਖਾ ਲਗਦਾ ਹੈ। ਬਹੁਤ ਸਾਰੇ ਲੋਕਾਂ ਨੂੰ ਸਬੂਤ ਦੀ ਸਮਝ ਆ ਜਾਣ ਤੇ ਵਿਸ਼ਵਾਸ ਕਰਨ ਵਿਚ ਦਿੱਕਤ ਨਹੀਂ ਹੁੰਦੀ। ਉਦਾਹਰਣ ਲਈ, ਅਮਰੀਕਾ ਵਿਚ ਹੋਏ ਸਰਵੇਖਣ

ਤੋਂ ਸੰਕੇਤ ਮਿਲਦਾ ਹੈ ਕਿ 90 ਫ਼ੀਸਦੀ ਅਮਰੀਕੀ ਲੋਕ ਰੱਬ ਵਿਚ ਯਕੀਨ ਰੱਖਦੇ ਹਨ ਅਤੇ ਇਨ੍ਹਾਂ ਵਿੱਚੋਂ ਵੀ ਬਹੁਤੇ ਯਿਸੂ ਵਿਚ ਵਿਸ਼ਵਾਸ ਰੱਖਦੇ ਹਨ।[6] ਇਸ ਤੋਂ ਇਲਾਵਾ ਸੱਚੇ ਮਨ ਨਾਲ ਤੌਬਾ ਦੇ ਬਾਅਦ ਲੋਕਾਂ ਨੂੰ ਖ਼ੁਦਾ ਦੇ ਹੁਕਮਾਂ ਨੂੰ ਮੰਨਣ ਵਿਚ ਬਹੁਤੀ ਦਿੱਕਤ ਨਹੀਂ ਹੁੰਦੀ। ਪਰ ਤੌਬਾ ਹੀ ਤਾਂ ਮੁਸ਼ਕਿਲ ਹੈ, ਸਚਮੁਚ ਮੁਸ਼ਕਿਲ ਹੈ!

ਤੌਬਾ ਘੱਟੋ ਘੱਟ ਦੋ ਕਾਰਣਾਂ ਕਰਕੇ ਮੁਸ਼ਕਿਲ ਹੈ। ਪਹਿਲਾਂ ਤਾਂ, ਤੌਬਾ ਦੀ ਲੋੜ ਸਾਡੇ *ਹੰਕਾਰ* ਉੱਤੇ ਸੱਟ ਮਾਰਦੀ ਹੈ ਕਿਉਂਕਿ ਲੋਕ ਹੰਕਾਰ ਜਾਂ ਘਮੰਡ ਨਾਲ ਭਰੇ ਹੋਏ ਹੁੰਦੇ ਹਨ।[7] ਦੂਜਾ, ਜਿਵੇਂ ਕਿ ਅਸੀਂ ਵੇਖਾਂਗੇ, ਸੱਚੀ ਤੌਬਾ ਲਈ ਜ਼ਿੰਦਗੀ ਦੇ ਤੌਰ ਤਰੀਕੇ ਵਿਚ ਬਦਲਾਅ ਹੋਣਾ ਜ਼ਰੂਰੀ ਹੈ, ਅਤੇ ਸਾਨੂੰ ਇਹੀ ਬਦਲਣਾ ਚੰਗਾ *ਨਹੀਂ* ਲਗਦਾ। ਇਸ ਕਰਕੇ ਸਾਡੇ ਵਿੱਚੋਂ ਬਹੁਤੇ ਲੋਕਾਂ ਨੂੰ ਤੌਬਾ ਮੁਸ਼ਕਿਲ ਲਗਦੀ ਹੈ। ਜੇ. ਡਬਲਯੂ. ਮੈਕਗਰਵੇ ਨੇ ਲਿਖਿਆ ਹੈ, ''ਲੋਕਾਂ ਦੀ ਮੁਕਤੀ ਵਿਚ ਸਭ ਤੋਂ ਵੱਡੀ ਰੁਕਾਵਟ ਮਨੁੱਖੀ ਇੱਛਾ ਦਾ ਢੀਠਪੁਣਾ ਹੈ।''[8]

### ਤੌਬਾ ਦੀ ਪਰਿਭਾਸ਼ਾ

ਅੱਗੇ ਵਧਣ ਤੋਂ ਪਹਿਲਾਂ, ਇਹ ਤੈਅ ਕਰ ਲੈਣਾ ਜ਼ਰੂਰੀ ਹੈ ਕਿ ਤੌਬਾ ਕੀ ਹੈ। ਧਾਰਮਿਕ ਲੋਕ[9] ਆਮ ਤੌਰ ਤੇ ''ਤੌਬਾ'' ਦੀ ਪਰਿਭਾਸ਼ਾ ''ਪਾਪ ਕਰਨ ਕਰਕੇ ਮੈਂ ਸ਼ਰਮਸਾਰ ਹਾਂ'' ਦੇ ਰੂਪ ਵਿਚ ਲੈਂਦੇ ਹਨ। ਇਹ ਸੱਚ ਹੈ ਕਿ ਬਿਨਾਂ ਪਿਛਲੇ ਪਾਪਾਂ ਦਾ ਪਛਤਾਵਾ ਕੀਤੇ ਤੌਬਾ ਨਹੀਂ ਹੋ ਸਕਦੀ, ਪਰ ਪਾਪਾਂ ਲਈ ਅਫ਼ਸੋਸ ਕਰਨਾ ਹੀ ਤੌਬਾ ਨਹੀਂ ਹੈ। ਬਿਨਾਂ ਤੌਬਾ ਕੀਤੇ ਵੀ ਕੋਈ ਦੁਖੀ ਹੋ ਸਕਦਾ ਹੈ।

ਇਸ ਦ੍ਰਿਸ਼ ਦੀ ਕਲਪਨਾ ਕਰੋ। (ਤੁਹਾਡੇ ਵਿੱਚੋ ਜ਼ਰੂਰੀ ਕੋਈ ਅਜਿਹਾ ਹੋਵੇਗਾ) ਇਕ ਮਾਂ ਮਹਿਮਾਨਾਂ ਵਾਸਤੇ ਪਕੌੜੇ ਬਣਾਉਂਦੀ ਹੈ ਅਤੇ ਗਰਮਾ ਗਰਮ ਪਕੌੜੇ ਰਸੋਈ ਵਿਚ ਇਕ ਥਾਲੀ ਵਿਚ ਸਜ਼ਾ ਦਿੰਦੀ ਹੈ। ਉਹ ਆਪਣੇ ਛੋਟੇ ਬੇਟੇ ਨੂੰ ਖ਼ਬਰਦਾਰ ਕਰਦੀ ਹੈ, ''ਇਨ੍ਹਾਂ ਨੂੰ ਹੱਥ ਨਾ ਲਾਈਂ!'' ਗਰਮਾ ਗਰਮ ਪਕੌੜਿਆਂ ਦੀ ਮਹਿਕ ਉਹਨੂੰ ਖਿੱਚ ਲਿਆਉਂਦੀ ਹੈ। ਥਾਲੀ ਅੱਧੀ ਭਰੀ ਹੋਈ ਹੈ, ਅੱਧਾ ਖਾਧਾ ਪਕੌੜਾ ਮੁੰਡੇ ਦੇ ਹੱਥ ਵਿਚ ਹੈ ਅਤੇ ਉਸ ਦਾ ਮੂੰਹ ਵੇਖ ਕੇ ਪਤਾ ਲੱਗ ਰਿਹਾ ਹੈ ਕਿ ਆਪਣੀ ਗਲਤੀ ਤੇ ਪਛਤਾ ਰਿਹਾ ਹੈ। ਭਲਾ ਉਹ ਮੁੰਡਾ ਦੁਖੀ ਹੈ? ਹਾਂ। ਉਹ ਦੁਖੀ ਹੈ ਕਿ ਉਹਦੀ ਚੋਰੀ ਫੜ੍ਹੀ ਗਈ ਹੈ। ਉਹ ਆਪਣੇ ਨਾਲ ਹੋਏ ਹਾਦਸੇ ਤੋਂ ਦੁਖੀ ਹੈ, ਕਿਉਂਕਿ ਉਹਨੇ ਮਾਂ ਦੀ ਗੱਲ ਨਹੀਂ ਮੰਨੀ ਸੀ। ਜੇ ਮਾਂ ਕੱਲ੍ਹ ਨੂੰ ਫੇਰ ਹੋਰ ਪਕੌੜੇ ਬਣਾਵੇ ਤਾਂ ਕੀ ਹੋਵੇਗਾ? ਭਲਾ ਇਹੀ ਗੱਲ ਫੇਰ ਦੁਹਰਾਈ ਜਾਵੇਗੀ? ਹੋ ਸਕਦਾ ਹੈ। ਕਿਉਂ? ਕਿਉਂਕਿ ਮੁੰਡਾ *ਦੁਖੀ ਤਾਂ ਹੋਇਆ* ਪਰ ਉਸਨੇ *ਤੌਬਾ* ਨਹੀਂ ਕੀਤੀ ਸੀ।

ਮੈਨੂੰ ਗਲਤ ਨਾ ਸਮਝੋ। ਕੀਤੇ ਜਾਣ ਵਾਲੇ ਪਾਪ ਤੇ ਅਫ਼ਸੋਸ ਕਰਨਾ ਜਾਂ ਦੁਖੀ ਹੋਣਾ ਬਹੁਤ ਹੀ ਜ਼ਰੂਰੀ ਹੈ। ਅਸਲ ਵਿਚ ਇਹ ਜ਼ਰੂਰੀ ਹੈ ਜਿਸਨੂੰ ਮੈਂ ''ਤੌਬਾ ਦੀ ਪ੍ਰਕਿਰਿਆ'' ਕਹਾਂਗਾ। ਪਰ ਅਫ਼ਸੋਸ ਦੇ ਲਾਹੇਵੰਦ ਨਤੀਜੇ ਵਿਚ ਬਦਲਣ ਤੋਂ ਪਹਿਲਾਂ ਇਹ ਇਕ *ਖ਼ਾਸ ਤਰ੍ਹਾਂ ਦਾ* ਅਫ਼ਸੋਸ ਹੋਣਾ ਚਾਹੀਦਾ ਹੈ। 2 ਕੁਰਿੰਥੀਆਂ 7:9, 10 ਸਹੀ ਹਵਾਲਾ ਹੈ। ਆਪਣੀ ਪਿਛਲੀ ਪੱਤਰੀ ਵਾਲੀ ਡਾਂਟ ਦੀ ਗੱਲ ਕਰਦਿਆਂ ਪੌਲੁਸ ਨੇ ਲਿਖਿਆ ਹੈ:

> ਹੁਣ ਮੈਂ ਅਨੰਦ ਕਰਦਾ ਹਾਂ ਇਸ ਲਈ ਨਹੀਂ ਜੋ ਤੁਸੀਂ ਉਦਾਸ ਹੋਏ ਸਗੋਂ ਇਸ ਲਈ ਜੋ ਤੁਹਾਡੀ ਉਦਾਸੀ ਦਾ ਫਲ ਤੌਬਾ ਹੋਇਆ ਕਿਉਂ ਜੋ ਤੁਸੀਂ ਪਰਮੇਸ਼ੁਰ ਜੋਗ ਉਦਾਸ ਹੋਏ ਭਈ ਸਾਥੋਂ ਕਿਸੇ ਗੱਲ ਵਿਚ ਤੁਹਾਡੀ ਹਾਨੀ ਨਾ ਹੋ ਜਾਏ। ਕਿਉਂ ਜੋ ਪਰਮੇਸ਼ੁਰ ਜੋਗ ਉਦਾਸੀ ਮੁਕਤੀ ਲਈ ਅਜਿਹੀ ਤੌਬਾ ਪੈਦਾ ਕਰਦੀ ਹੈ ਜਿਸ ਤੋਂ ਕੋਈ ਨਹੀਂ ਪਛਤਾਉਂਦਾ ਪਰ ਸੰਸਾਰ ਦੀ ਉਦਾਸੀ ਮੌਤ ਨੂੰ ਪੈਦਾ ਕਰਦੀ ਹੈ।

ਕਈ ਵਾਰ ਲੋਕ ਦੁਖੀ ਹੋਣ ਦਾ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਪਾਪ ਕੀਤਾ ਹੈ, ਪਰ ਉਨ੍ਹਾਂ ਦਾ ਅਫ਼ਸੋਸ ਜਾਂ ਦੁਖ ''ਸੰਸਾਰ ਦੀ ਉਦਾਸੀ'' ਹੁੰਦਾ ਹੈ। ਹੋ ਸਕਦਾ ਹੈ ਕਿ ਉਹ ਇਸ ਕਰਕੇ ਦੁਖੀ ਹੋਣਗੇ ਕਿਉਂਕਿ ਫੜੇ ਗਏ ਜਾਂ ਉਨ੍ਹਾਂ ਨੂੰ ਆਪਣੇ ਕੰਮਾਂ ਦੇ ਨਤੀਜੇ ਭੁਗਤਣੇ ਪਏ ਜਾਂ ਅਸਲ ਵਿਚ ਉਨ੍ਹਾਂ ਨੇ ਤੌਬਾ ਨਹੀਂ ਕੀਤੀ।[10] ਇਸ ਦੇ ਉਲਟ ਉਹ ਸੋਗ ਹੈ ਜਿਹੜਾ ''ਖ਼ੁਦਾ ਦੀ ਮਰਜ਼ੀ ਮੁਤਾਬਿਕ'' ਹੈ। KJV ਬਾਈਬਲ ਵਿਚ ਇਸ ਨੂੰ ''ਰੱਬੀ ਸੋਗ'' ਕਿਹਾ ਗਿਆ ਹੈ। ''ਰੱਬੀ ਸੋਗ'' ਕੀ ਹੈ? ਜਿੰਮੀ ਐਲਨ ਨੇ ਲਿਖਿਆ ਹੈ:

> ਜੇ ਮੈਂ ਸਹੀ ਸਮਝਦਾ ਹਾਂ ਤਾਂ ਇਹ ਖ਼ੁਦਾ ਨੂੰ ਠੋਕਰ ਪਹੁੰਚਾਉਣ ਕਰਕੇ ਦੁਖ ਅਤੇ ਸੋਗ ਸਾਡੇ ਮਨਾਂ ਵਿਚ ਆਉਂਦਾ ਹੈ। ਸਾਨੂੰ ਇਸ ਦੀ ਸਜ਼ਾ ਦਿੱਤੀ ਜਾਵੇ ਜਾਂ ਨਾ, ਪਰ ਅਸੀਂ ਇਸ ਤੇ ਦੁਖੀ ਹੁੰਦੇ ਹਾਂ। ਅਸੀਂ ਖ਼ੁਦਾ ਦਾ ਮਹਾਨ ਦਿਲ ਪੈਰਾਂ ਹੇਠ ਲਤਾੜ ਦਿੱਤਾ ਹੈ। ਇਹ ਜਾਣਕੇ ਕਿ ਅਸੀਂ ਉਸ ਨਾਲ ਬਦਸਲੂਕੀ ਕੀਤੀ ਹੈ ਅਤੇ ਉਸ ਨੂੰ ਠੇਸ ਪਹੁੰਚਾਈ ਹੈ, ਸਾਡੇ ਮਨ ਦੁਖੀ ਹੁੰਦੇ ਹਨ।[11]

ਪੌਲੁਸ ਨੇ ਕਿਹਾ ਕਿ *ਇਸ ਤਰ੍ਹਾਂ ਦਾ* ਸੋਗ ''ਤੌਬਾ ਦਾ ਕਾਰਣ ਬਣਦਾ ਹੈ।'' ਭਾਵ ਇਹ ਤੌਬਾ ਨਹੀਂ ਹੈ ਬਲਕਿ ਇਹ ਤੌਬਾ ਦਾ *ਕਾਰਣ* ਬਣਦਾ ਹੈ। ਜਦ ਪਤਰਸ ਨੇ ਪੈਂਟੀਕਾਸਟ ਵਾਲੇ ਦਿਨ ਯਿਸੂ ਬਾਰੇ ਦੱਸਿਆ ਸੀ (ਰਸੂਲਾਂ ਦੇ ਕੰਮ 2:14–36), ਤਾਂ ਉਸ ਦੇ ਬਹੁਤ ਸਾਰੇ ਸੁਣਨ ਵਾਲਿਆਂ ਦੇ ''ਦਿਲ ਛਿਦ ਗਏ'' ਸਨ (ਰਸੂਲਾਂ ਦੇ ਕੰਮ 2:37); ਭਾਵ ਉਹ ਆਪਣੇ ਪਾਪਾਂ ਬਾਰੇ ਕਾਇਲ ਹੋ ਗਏ ਸਨ। ਅਸੀਂ ਕਹਿ ਸਕਦੇ ਹਾਂ ਕਿ ਉਹ *ਦੁਖੀ* ਸਨ ਕਿ ਉਨ੍ਹਾਂ ਨੇ ਯਿਸੂ ਨੂੰ ਸਲੀਬ ਤੇ ਚੜ੍ਹਾਇਆ ਸੀ। ਤਾਂ ਵੀ ਇਸ ਦੇ ਬਾਵਜੂਦ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਨ੍ਹਾਂ ਲਈ ਤੌਬਾ ਕਰਨੀ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:38)। ਪਾਪਾਂ ਦੇ ਕਾਰਣ ਹੋਣ ਵਾਲੇ ਦੁਖ ਨੂੰ ਤੌਬਾ ਨਹੀਂ ਕਿਹਾ ਜਾ ਸਕਦਾ।

ਧਾਰਮਿਕ ਲੋਕ ਜੋ ਤੌਬਾ ਦੀ ਪਰਿਭਾਸਾ ''ਪਾਪ ਕਰਨ ਕਰਕੇ ਦੁਖੀ ਹੋਣਾ'' ਦੇ ਰੂਪ ਵਿਚ ਨਹੀਂ ਕਰਦੇ, ਇਸ ਪਰਿਭਾਸ਼ਾ ਦਾ ਸੁਝਾਅਓ ਦੇਣਗੇ: ''ਇਸ ਤੋਂ ਭਾਵ ਹੈ ਕਿ ਤੁਸੀਂ ਉਹ ਕਰਨਾ ਬੰਦ ਕਰ ਦਿਓ ਜੋ ਗਲਤ ਹੈ ਅਤੇ ਉਹ ਕਰਨ ਲਗ ਪਵੋ ਜਿਹੜਾ ਸਹੀ ਹੈ।''[12] ''ਤੌਬਾ ਦੀ ਪ੍ਰਕਿਰਿਆ'' ਵਿਚ ਜ਼ਿੰਦਗੀ ਦਾ ਬਦਲਣਾ ਇਕ ਹੋਰ ਜ਼ਰੂਰੀ ਗੱਲ ਹੈ, ਪਰ ਜ਼ਿੰਦਗੀ ਦਾ ਬਦਲਣਾ ਹੀ ਆਪਣੇ ਆਪ ਵਿਚ ਤੌਬਾ ਨਹੀਂ ਹੈ। ਹੋ ਸਕਦਾ ਹੈ ਕਿ ਕਿਸੇ ਦੀ ਜ਼ਿੰਦਗੀ ਤਾਂ ਬਦਲ ਗਈ ਹੋਵੇ ਪਰ ਉਸ ਨੇ ਤੌਬਾ ਨਾ ਕੀਤੀ ਹੋਵੇ। ਕਿਸੇ ਨੂੰ ਇਹ ਸਮਝ ਆ ਜਾਵੇ ਕਿ ਜੀਣ ਦਾ ਉਹਦਾ ਤਰੀਕਾ ਗੜਬੜ ਵਾਲਾ ਅਤੇ ਬੇਇਜ਼ਤੀ ਵਾਲਾ ਹੈ ਅਤੇ ਤੌਬਾ ਕੀਤੇ ਬਗੈਰ ਉਸ ਨੂੰ ਬਦਲ ਲੈਣ ਦਾ ਇਰਾਦਾ ਕਰੇ। ਉਸ ਦੇ ਇਸ ਬਦਲਾਅ ਦਾ ਮਕਸਦ ਮਨ ਦਾ ਅਫ਼ਸੋਸ ਨਹੀਂ ਹੈ ਕਿ ਉਸ ਨੇ ਖ਼ੁਦਾ ਦਾ ਹੁਕਮ ਤੋੜਿਆ ਹੈ, ਬਲਕਿ ਉਸਦਾ ਘਮੰਡ ਹੈ।

ਫੇਰ, ਮੈਨੂੰ ਗਲਤ ਨਾ ਸਮਝੋ। ਜ਼ਿੰਦਗੀ ਦਾ ਬਦਲਣਾ ਵੱਡੀ ਗੱਲ ਨਹੀਂ ਹੈ ਬਲਕਿ ਜ਼ਰੂਰੀ ਵੀ ਹੈ। ਬਾਈਬਲ ਦਸਦੀ ਹੈ ਕਿ ਅਜਿਹਾ ਬਦਲਾਅ ਸੱਚੀ ਤੌਬਾ ਦੇ ਕਾਰਣ ਹੀ ਹੁੰਦਾ ਹੈ। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਆਪਣੇ ਸੁਣਨ ਵਾਲੇ ਨੂੰ ਕਿਹਾ ਸੀ, ''ਸੋ ਤੁਸੀਂ ਤੌਬਾ ਦੇ ਲਾਇਕ ਫ਼ਲ ਦਿਓ'' (ਲੂਕਾ 3:8ੳ)। ਉਸ ਦੇ ਦਿਮਾਗ਼ ਵਿਚ ਫਲ ਤੋਂ ਭਾਵ ਜ਼ਿੰਦਗੀ ਦਾ ਬਦਲਣਾ ਸੀ (ਵੇਖੋ ਲੂਕਾ 3:10–14)। ਯਿਸੂ ਨੇ ਕਿਹਾ ਕਿ ''ਨੀਨਵਾਹ ਦੇ ਲੋਕਾਂ ਨੇ ਯੂਨਾਹ ਦਾ ਪ੍ਰਚਾਰ ਸੁਣ ਕੇ ਤੌਬਾ ਕੀਤੀ ...'' (ਮੱਤੀ 12:41)। ਸਾਨੂੰ ਕਿਵੇਂ ਪਤਾ ਕਿ ਉਨ੍ਹਾਂ ਨੇ ਤੌਬਾ ਕੀਤੀ ਸੀ? ''ਕਿਉਂਕਿ ਉਹ ਆਪਣੇ ਭੈੜੇ ਰਾਹ ਤੋਂ ਮੁੜ ਪਏ'' ਸਨ (ਯੂਨਾਹ 3:10)।[13] ਜੇ ਕੋਈ ਕਹਿੰਦਾ ਹੈ ਕਿ ਉਸ ਨੇ ਆਪਣੇ ਪਾਪ ਭਰੇ ਤਰੀਕਿਆਂ ਤੋਂ ਤੌਬਾ ਕਰ ਲਈ ਹੈ ਪਰ ਉਸ ਦੀ ਜ਼ਿੰਦਗੀ ਵਿਚ ਕੋਈ ਬਦਲਾਅ ਨਜ਼ਰ ਨਾ ਆਵੇ ਤਾਂ ਲੋਕ ਹੈਰਾਨ ਹੋਣਗੇ ਕਿ ਉਸ ਨੇ ਤੌਬਾ ਕੀਤੀ ਵੀ ਹੈ ਜਾਂ ਨਹੀਂ।

ਹਾਂ, ''ਤੌਬਾ ਦੀ ਪ੍ਰਕਿਰਿਆ'' ਲਈ ਜ਼ਿੰਦਗੀ ਦਾ ਬਦਲਣਾ ਜ਼ਰੂਰੀ ਹੈ। ਸੱਚੇ ਮਨੋ ਤੌਬਾ ਨਾਲ ਹੀ ਅਜਿਹਾ ਬਦਲਾਅ ਆਵੇਗਾ।[14] ਪਰ ਜ਼ਿੰਦਗੀ ਵਿਚ ਸੁਧਾਰ ਲਿਆਉਣ ਨੂੰ ਤੌਬਾ ਨਹੀਂ ਕਿਹਾ ਜਾ ਸਕਦਾ।

ਫਿਰ ਸਵਾਲ ਉੱਠਦਾ ਹੈ, ''ਜੇ ਤੌਬਾ ਪਾਪ ਲਈ ਦੁਖੀ ਹੋਣਾ ਨਹੀਂ ਹੈ ਅਤੇ ਗਲਤੀ ਕਰਨ ਤੋਂ ਮੁੜਨਾ ਹੀ ਹੈ, ਤਾਂ ਫੇਰ ਇਹ ਹੈ ਕੀ?'' ਮੈਂ ਸੰਖੇਪ ਵਿਚ ਸ਼ਬਦ ਅਧਿਐਨ ਜੋੜਨਾ ਚਾਹੁੰਦਾ ਹਾਂ:

> ''ਤੌਬਾ'' ਦਾ ਅਨੁਵਾਦ ਮਿਸ਼ਰਤ ਯੂਨਾਨੀ ਸ਼ਬਦ (***metanoeo***) ਤੋਂ ਹੋਇਆ ਹੈ ਜੋ ''ਵਿਚਾਰ'' (***noema***) ਲਈ ਸ਼ਬਦ ਦੇ ਨਾਲ ''ਬਾਅਦ'' (***meta***) ਲਈ ਸ਼ਬਦ ਨੂੰ ਮਿਲਾਉਦਾ ਹੈ। ਇਸਦਾ ਮੂਲ ਅਰਥ ''ਬਾਅਦ ਦਾ ਵਿਚਾਰ'' ਹੈ ਅਤੇ ਇਸ ਤੋਂ ਕਿਸੇ ਦੇ ਵਿਚਾਰ ਨੂੰ *ਬਦਲਣ* ਦਾ ਸੰਕੇਤ ਮਿਲਦਾ ਹੈ। ਮਨੁੱਖ ਲਈ ਲਾਗੂ ਕਰਨ ਤੇ, ਤੌਬਾ ਆਮ ਤੌਰ ਤੇ ''*ਪਾਪ* ਬਾਰੇ ਮਨ ਨੂੰ ਬਦਲਣ'' ਭਾਵ ਆਮ ਅਰਥ ਵਿਚ ਪਾਪ ਬੰਦ ਕਰ ਦੇਣ ਦਾ ਫੈਸਲਾ ਲੈਣ ਅਤੇ/ਜਾਂ ਖ਼ਾਸ ਅਰਥ ਵਿਚ ਪਾਪ ਕਰਨਾ ਛੱਡ ਦੇਣ ਦਾ ਫੈਸਲਾ ਨਹੀਂ ਹੈ।[15]

ਆਓ ''ਤੌਬਾ ਦੀ ਪ੍ਰਕ੍ਰਿਆ'' ਤੇ ਸਮੀਖਿਆ ਕਰਦੇ ਹਾਂ। ਪਰਮੇਸ਼ੁਰ ਜੋਗ ਉਦਾਸੀ ਨਾਲ ਤੋਬਾ ਹੁੰਦੀ ਹੈ ਜੋ ਕਿ *ਮਨ* ਜਾਂ ਵਿਹਾਰ ਦਾ *ਬਦਲਣਾ* ਹੈ। ਉਹ *ਮਨ ਦਾ ਬਦਲਣਾ* ਜ਼ਰੂਰ ਹੀ ਜ਼ਿੰਦਗੀ ਦੇ ਬਦਲਣ ਦਾ ਕਾਰਣ ਹੋਵੇਗਾ।[16] ਯਿਸੂ ਨੇ ਇਕ ਵਾਰ ਇਕ ਕਹਾਣੀ ਦੱਸੀ ਸੀ ਜਿਸ ਤੋਂ ਇਸ ਪ੍ਰਕ੍ਰਿਆ ਦੀ ਸਮਝ ਆ ਜਾਂਦੀ ਹੈ।[17] ਮੱਤੀ 21 ਵਿਚ ਉਸ ਨੇ ਇਕ ਆਦਮੀ ਬਾਰੇ ਦੱਸਿਆ ਜਿਸ ਨੇ ਆਪਣੇ ਬੇਟੇ ਕੋਲ ਜਾ ਕੇ ਕਿਹਾ, ''ਪੁੱਤਰ ਜਾਹ। ਅੱਜ ਅੰਗੂਰੀ ਬਾਗ ਵਿਚ ਕੰਮ ਕਰ'' (ਆਇਤ 28)। ਬੇਟੇ ਨੇ ਕਿਹਾ, ''ਮੇਰਾ ਜੀ ਨਹੀਂ ਕਰਦਾ'' (ਆਇਤ 29ੳ), ਪਰ ਫਿਰ ''ਪਿੱਛੋਂ ਪਛਤਾ ਕੇ ਗਿਆ'' (ਆਇਤ 29ਅ)। NIV ਵਿਚ ਇਸ ਦਾ ਅਨੁਵਾਦ ਕੀਤਾ ਗਿਆ ਹੈ ਕਿ ''ਬਾਅਦ ਵਿਚ *ਉਸਨੇ ਆਪਣਾ ਮਨ ਬਦਲਿਆ* ਅਤੇ ਗਿਆ।[18]''[19] ਐਲਨ ਨੇ ਸੁਝਾਅ ਦਿੱਤਾ ਹੈ ਕਿ ਤੌਬਾ ਨੂੰ ਸੰਖੇਪ ਕਰਨ ਵਾਲਾ ਸਭ ਤੋਂ ਵਧੀਆ ਸ਼ਬਦ ''ਸਮਰਪਣ'' ਹੈ।

> ਤੁਸੀਂ ਆਪਣੀਆਂ ਸੁਆਰਥੀ ਇੱਛਾਵਾਂ, ਜ਼ਿੰਦਗੀ ਦੀਆਂ ਅਭਿਲਾਸ਼ਾਵਾਂ ਅਤੇ ਟੀਚਿਆਂ ਤੋਂ ਮਰ ਜਾਂਦੇ ਹੋ। ਤੁਸੀਂ ਜੋ ਕੁਝ ਹੋ ਉਸ ਨੂੰ ਜੋ ਕੁਝ ਤੁਹਾਡੇ ਕੋਲ ਹੈ ਅਤੇ ਜੋ ਕੁਝ ਭਵਿੱਖ ਵਿਚ ਤੁਹਾਡੇ ਕੋਲ ਕਦੇ ਹੋਵੇਗਾ, ਉਸ ਸਭ ਨੂੰ ਲੈ ਕੇ ਸਰਵਸ਼ਕਤੀਮਾਨ ਪਰਮੇਸ਼ੁਰ ਨੂੰ ਕੁਰਬਾਨੀ ਦੀ ਵੇਦੀ ਤੇ ਚੜ੍ਹਾ ਦਿੰਦੇ ਹੋ। ਤੁਸੀਂ ਬਗਾਵਤ *[ਦੇ ਆਪਣੇ ਹਥਿਆਰ]* ਸੁੱਟ ਦਿੰਦੇ ਹੋ। ਤੁਸੀਂ ਪ੍ਰਭੂ ਅੱਗੇ ਸਮਰਪਣ ਕਰ ਦਿੰਦੇ ਹੋ।[20]

## "... ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋ ਜਾਵੇਗਾ"

### ਇੱਕੋ ਜਿਹੇ ਨਤੀਜੇ

ਭਲਾ ਆਪਣੇ ਆਪ ਨੂੰ ਪ੍ਰਭੂ ਨੂੰ ਸੌਂਪ ਦੇਣਾ ਸਚਮੁਚ ਜ਼ਰੂਰੀ ਹੈ? ਜੇ ਅਸੀਂ ਆਪਣੇ ਪਾਪਾਂ ਤੋਂ ਤੌਬਾ *ਨਾ* ਕਰਨ ਦਾ ਫੈਸਲਾ ਲੈ ਲਈਏ ਤਾਂ? ਯਿਸੂ ਦੇ ਵਾਕ ਦੇ ਅਖ਼ੀਰਲੇ ਹਿੱਸੇ ਨੂੰ ਵੇਖੋ: ''ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਪਰ ਜੇ ਤੁਸੀਂ ਤੌਬਾ ਨਾ ਕਰੋ ਤਾਂ *ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋ ਜਾਵੇਗਾ''* (ਲੂਕਾ 13:3)। ''ਸਭਨਾਂ'' ਸ਼ਬਦ ਤੇ ਧਿਆਨ ਦਿਓ। ਯਿਸੂ ਦੇ ਸੁਣਨ ਵਾਲਿਆਂ ਨੂੰ ਇਹ ਲੱਗਾ ਸੀ ਕਿ ਉਨ੍ਹਾਂ ਦੇ ਪਾਪ ਉਨੇ ਬੁਰੇ ਨਹੀਂ ਹਨ ਜਿਨੇ ਉਨ੍ਹਾਂ ਗਲੀਲੀਆਂ ਦੇ ਜਿਨ੍ਹਾਂ ਨੂੰ ਪਿਲਾਤੁਸ ਨੇ ਮਾਰ ਸੁੱਟਿਆ ਸੀ। ਪਰ ਯਿਸੂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਪਾਪ ਤਾਂ ਪਾਪ ਹੈ ਅਤੇ ਹਰ ਪਾਪ ਸਰਵਸ਼ਕਤੀਮਾਨ ਪਰਮੇਸ਼ੁਰ ਦਾ ਮੁਕਾਬਲਾ ਹੈ।[21]

''*ਸਭ ਨੇ* ਪਾਪ ਕੀਤਾ ਹੈ'' (ਰੋਮੀਆਂ 3:23) ਇਸ ਕਰਕੇ *ਸਭ* ਲਈ ਤੌਬਾ ਜ਼ਰੂਰੀ ਹੈ। ਤੌਬਾ ਮਸੀਹੀ ਬਣਨ ਦਾ ਇਕ ਜ਼ਰੂਰੀ ਹਿੱਸਾ ਤਾਂ ਹੈ ਹੀ (ਰਸੂਲਾਂ ਦੇ ਕੰਮ 2:38; 3:19), ਵਫ਼ਾਦਾਰ ਮਸੀਹੀ ਬਣੇ ਰਹਿਣ ਦਾ ਵੀ ਜ਼ਰੂਰੀ ਹਿੱਸਾ ਹੈ (ਰਸੂਲਾਂ ਦੇ ਕੰਮ 8:22; 2 ਕੁਰਿੰਥੀਆਂ 7:9, 10; ਇਬਰਾਨੀਆਂ 6:6)।[22] ਪੌਲੁਸ ਨੇ ਕਿਹਾ ਕਿ ''ਪਰਮੇਸ਼ੁਰ ਨੇ ਅਣਜਾਣਪੁਣੇ ਦੇ ਸਮਿਆਂ ਵੱਲੋਂ ਅੱਖੀਆਂ ਫੇਰ ਲਈਆਂ ਸਨ ਪਰ ਹੁਣ ਮਨੁੱਖਾਂ ਨੂੰ ਹੁਕਮ ਦਿੱਤਾ ਹੈ ਜੋ ਉਹ *ਸਭ ਹਰੇਕ ਥਾਂ* ਤੌਬਾ ਕਰਨ'' (ਰਸੂਲਾਂ ਦੇ ਕੰਮ 17:30)।

**ਚੱਲਦੇ ਰਹਿਣ ਵਾਲੇ ਨਤੀਜੇ**

ਜੇ ਕੋਈ ਪ੍ਰਭ ਦਾ ਹੁਕਮ ਮੰਨਣ ਨੂੰ ਤਿਆਰ ਨਾ ਹੋਵੇ ਤਾਂ? ਯਿਸੂ ਨੇ ਸਾਫ਼ ਕਿਹਾ ਕਿ ''ਜੇ ਤੁਸੀਂ ਤੌਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ *ਨਾਸ* ਹੋ ਜਾਵੇਗਾ'' (ਲੂਕਾ 13:3, 5)। ਮੈਨੂੰ ਨਹੀਂ ਲਗਦਾ ਕਿ ਉਹ ਆਪਣੇ ਸੁਣਨ ਵਾਲਿਆਂ ਨੂੰ ਇਹ ਦੱਸ ਰਿਹਾ ਹੋਵੇਗਾ ਕਿ ਜੇ ਉਹ ਤੌਬਾ ਨਹੀਂ ਕਰਦੇ ਤਾਂ ਉਨ੍ਹਾਂ ਉੱਤੇ ਵੀ ਕੋਈ ਗੁੰਮਟ ਡਿੱਗ ਪਵੇਗਾ ਜਾਂ ਪਿਲਾਤੁਸ ਉਨ੍ਹਾਂ ਨੂੰ ਵੀ ਉਵੇਂ ਹੀ ਮਰਵਾ ਦੇਵੇਗਾ। ਬੇਸ਼ੱਕ ਪ੍ਰਭੂ ਦੇ ਮਨ ਵਿਚ ਪਸ਼ਚਾਤਾਪ ਨਾ ਕੀਤੇ ਜਾਣ ਦੇ *ਰੂਹਾਨੀ* ਨਤੀਜੇ ਸਨ। ਇਕ ਹੋਰ ਥਾਂ ਮਸੀਹ ਨੇ ਆਖਿਆ ਸੀ, ''ਉਨ੍ਹਾਂ ਕੋਲੋਂ ਨਾ ਡਰੋ ਜਿਹੜੇ ਦੇਹੀ ਨੂੰ ਮਾਰ ਸੁੱਟਦੇ ਹਨ ਪਰ ਰੂਹ ਨੂੰ ਨਹੀਂ ਮਾਰ ਸਕਦੇ ਸਗੋਂ ਉਸੇ ਕੋਲੋਂ ਡਰੋ ਜਿਹੜਾ ਦੇਹੀ ਅਤੇ ਰੂਹ ਦੋਹਾਂ ਦਾ ਨਰਕ ਵਿਚ ਨਾਸ ਕਰ ਸਕਦਾ ਹੈ'' (ਮੱਤੀ 10:28)।

ਬੀਤੇ ਵਿਚ ਇਕ ਮਸ਼ਹੂਰ ਸਿੱਖਿਆ ਵਿਚ ਦਾਅਵਾ ਕੀਤਾ ਜਾਂਦਾ ਸੀ ਕਿ ਖ਼ੁਦਾ ਲੋਕਾਂ ਦੇ ਮਨਾਂ ਵਿਚ ਦਿਲਕਸ਼ ਰੂਹਾਨੀ ਪ੍ਰਭਾਵ ਭੇਜਦਾ ਹੈ ਜੋ ਉਨ੍ਹਾਂ ਨੂੰ ਤੌਬਾ ਕਰਨ ਲਈ ਮਜਬੂਰ ਕਰਦੀ ਹੈ।[23] ਜੇ ਇਹ ਇਸ ਤਰ੍ਹਾਂ ਹੋਵੇ ਤਾਂ ਸਾਰੇ ਹੀ ਤੌਬਾ ਕਰ ਲੈਣ, ਕਿਉਂਕਿ ''ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ'' (ਰਸੂਲਾਂ ਦੇ ਕੰਮ 10:34)। ਉਹ ''ਨਹੀਂ ਚਾਹੁੰਦਾ ਹੈ ਭਈ *ਕਿਸੇ* ਦਾ ਨਾਸ ਹੋਵੇ ਸਗੋਂ *ਸਭੇ* ਤੌਬਾ ਵੱਲ ਮੁੜ ਜਾਣ'' (2 ਪਤਰਸ 3:9)। ਖ਼ੁਦਾ ਚਾਹੁੰਦਾ ਹੈ ਕਿ ਹਰ ਕੋਈ ਤੌਬਾ ਕਰੇ, ਪਰ ਤੌਬਾ ਕਰਨ ਦਾ ਫੈਸਲਾ ਲੈਣਾ *ਸਾਡੇ* ਆਪਣੇ ਉੱਤੇ ਹੈ। ਸਾਡੇ ਤੌਬਾ ਕਰਨ ਨੂੰ ਹੱਲਾਸ਼ੇਰੀ ਦੇਣ ਲਈ ਪ੍ਰਭੂ ਤੋਂ ਮੁੱਖ ਪ੍ਰੇਰਣਾਵਾਂ ਦੀ ਵਰਤੋਂ ਕਰਦਾ ਹੈ।

ਪਹਿਲੀ *ਉਸਦੀ ਭਲਿਆਈ ਦੀ ਮਨੋਹਰ ਕਹਾਣੀ* ਹੈ। ਪੌਲੁਸ ਨੇ ਲਿਖਿਆ ਹੈ, ''ਅਥਵਾ ਤੂੰ ਉਹਦੀ ਮੇਹਰਬਾਨੀ ਅਤੇ ਖਿਮਾ ਅਤੇ ਧੀਰਜ ਦੀ ਦੌਲਤ ਨੂੰ ਤੁਛ ਸਮਝਦਾ ਹੈਂ ਅਤੇ ਇਹ ਨਹੀਂ ਜਾਣਦਾ ਕਿ ਜੋ ਪਰਮੇਸ਼ੁਰ ਦੀ ਮਿਹਰਬਾਨੀ ਤੈਨੂੰ ਪਛਤਾਵੇ ਦੇ ਰਾਹ ਪਾਉਂਦੀ ਹੈ'' (ਰੋਮੀਆਂ 2:4)। ਮੈਕਗਰਵੇ ਨੇ ਲਿਖਿਆ ਹੈ:

> ਭਲਾ ਕੋਈ ਪਾਪੀ ਜਿਹੜਾ ਖ਼ੁਦਾ ਨੂੰ ਜਾਣਦਾ ਹੈ, ਜਿਹੜਾ ਨਵੇਂ ਨੇਮ ਦੇ ਮੁਕਾਸ਼ਫ਼ਿਆਂ ਤੋਂ ਵਾਕਫ਼ ਹੈ, ਬੈਠ ਕੇ ਖ਼ੁਦਾ ਦੀ, ਜਿਸ ਨੇ ਉਸ ਨੂੰ ਰਚਿਆ, ਮਿਹਰਬਾਨੀ ਉੱਤੇ, ਉਨ੍ਹਾਂ ਸਾਰੇ ਫ਼ਜ਼ਲਾਂ ਉੱਤੇ, ਜੋ ਉਸ ਨੇ ਉਸ ਦੇ ਬਚਪਨ ਤੋਂ ਲੈ ਕੇ ਉਸ ਉੱਤੇ ਕੀਤੇ ਹਨ; ਇਸ ਤੱਥ ਤੇ ਕਿ ਖ਼ੁਦਾ ਨੇ ਉਸਦੇ ਬਚਾਏ ਜਾਣ ਦਾ ਰਾਹ ਦਿੱਤਾ ਹੈ; ਕਿ ਉਹ ਉਸ ਨੂੰ ਉਸਦੇ ਪਾਪਾਂ ਤੋਂ ਮੁੜਨ ਅਤੇ ਮਸੀਹ ਵਿਚ ਮਿਲਣ ਵਾਲੀ ਸ਼ਾਂਤੀ, ਅਰਾਮ ਵਿਚ ਆਉਣ ਦਾ ਸੱਦਾ ਦਿੰਦਾ ਅਤੇ ਅਨਾਦੀਕਾਲ ਦੇ ਭਾਵ ਜਲਾਲ ਅਤੇ ਅਨੰਦ ਅਤੇ ਵਡਿਆਈ ਦੇ ਅਨਾਦੀਕਾਲ ਦੇ ਫਾਟਕ ਖੋਲ੍ਹ ਰਿਹਾ ਹੈ, ਵਿਚਾਰ ਕਰਦਾ ਹੈ–ਭਲਾ ਕਦੇ ਕਿਸੇ ਨੇ ਇਸ ਤੇ ਆਪਣੇ ਪਾਪੀ ਹੋਣ ਤੋਂ ਨਫ਼ਰਤ ਕੀਤੇ ਬਗੈਰ ਵਿਚਾਰ ਕੀਤਾ ਹੈ?[24]

ਪਰ ਖ਼ੁਦਾ ਲੋਕਾਂ ਨੂੰ ਤੌਬਾ ਵਾਸਤੇ ਲਿਆਉਣ ਦੀ ਕੋਸ਼ਿਸ਼ ਕਰਨ ਲਈ *ਆਪਣੇ ਕਹਿਰ* ਦੀ *ਦੁਖਦ*

*ਸੱਚਾਈ* ਦੀ ਵਰਤੋਂ ਵੀ ਕਰਦਾ ਹੈ। ਰੋਮ ਦੇ ਲੋਕਾਂ ਨੂੰ ਇਹ ਦੱਸਣ ਦੇ ਬਾਅਦ ਕਿ ''ਪਰਮੇਸ਼ੁਰ ਦੀ ਮਿਹਰਬਾਨੀ ਤੈਨੂੰ ਪਛਤਾਵੇ ਦੇ ਰਾਹ ਪਾਉਂਦੀ ਹੈ।'' ਪੌਲੁਸ ਨੇ ਲਿਖਿਆ:

> ਸਗੋਂ ਆਪਣੀ ਕਠੋਰਤਾਈ ਅਤੇ ਪਛਤਾਵੇ ਤੋਂ ਰਹਿਤ ਮਨ ਦੇ ਅਨੁਸਾਰ ਓਸ ਦਿਨ ਵਿਚ ਜਦੋਂ ਪਰਮੇਸ਼ੁਰ ਦਾ ਕ੍ਰੋਧ ਅਤੇ ਸੱਚਾ ਨਿਆਉਂ ਪਰਗਟ ਹੋਵੇਗਾ ਆਪਣੇ ਲਈ ਕ੍ਰੋਧ ਇਕੱਠਾ ਕਰੀ ਜਾਂਦਾ ਹੈਂ। ਉਹ ਹਰੇਕ ਨੂੰ ਉਹਦੀਆਂ ਕਰਨੀਆਂ ਦੇ ਅਨੁਸਾਰ ਫਲ ਦੇਵੇਗਾ (ਰੋਮੀਆਂ 2:5, 6)।

ਨਾਸ ਹੋਣ ਬਾਰੇ ਆਪਣੇ ਸੁਣਨ ਵਾਲਿਆਂ ਨੂੰ ਚਿਤਾਵਨੀ ਦੇ ਕੇ ਯਿਸੂ ਇਸੇ ਪ੍ਰੇਰਣਾ ਦੀ ਵਰਤੋਂ ਕਰ ਰਿਹਾ ਸੀ। ਕਈਆਂ ਦਾ ਵਿਚਾਰ ਹੈ ਕਿ ਨਰਕ ਦੀ ਗੱਲ ਕਰਕੇ ਅਸੀਂ ਆਪਣੇ ਸੁਣਨ ਵਾਲਿਆਂ ਨੂੰ ਹੁਕਮ ਮੰਨਣ ਲਈ ''ਡਰਾਉਣ'' ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਜੇ ਤੁਹਾਨੂੰ ਅਜਿਹਾ ਲਗਦਾ ਹੈ ਤਾਂ ਇਸ ਤੇ ਵਿਚਾਰ ਕਰੋ। ਯਿਸੂ ਨੇ ਖ਼ੁਦਾ ਦੀ ਪ੍ਰੇਰਣਾ ਪਾਏ ਕਿਸੇ ਵੀ ਹੋਰ ਬੁਲਾਰੇ ਜਾਂ ਲੇਖਕ ਨਾਲੋਂ ਵੱਧ ਨਰਕ ਬਾਰੇ ਕਿਹਾ ਸੀ। ਸਾਨੂੰ ਹੁਕਮ ਨਾ ਮੰਨਣ ਦੇ ਨਤੀਜਿਆਂ ਤੇ ਵਿਚਾਰ ਕਰਨਾ ਚੰਗਾ ਨਹੀਂ ਲਗਦਾ, ਪਰ ਬਗੈਰ ਇਹਦੇ ਗੱਲ ਵੀ ਨਹੀਂ ਬਣਦੀ!

## ਸਾਰ

ਸੁਰਗ ਤਿਆਰ ਹੋਏ ਲੋਕਾਂ ਲਈ ਤਿਆਰ ਕੀਤੀ ਹੋਈ ਥਾਂ ਹੈ[25], ਅਤੇ ਨਰਕ ਵੀ ਇਸੇ ਤਰ੍ਹਾਂ ਹੀ ਹੈ।[26] ਇਸ ਵਕਤ ਤੁਸੀਂ ਦੋਹਾਂ ਵਿਚ ਜਾਣ ਦੀ ਤਿਆਰ ਕਰ ਰਹੇ ਹੋ। ਭਲਾ ਤੁਸੀਂ ਸੁਰਗ ਵਿਚ ਜਾਣ ਲਈ ਤਿਆਰ ਹੋ ਜਾਂ ਤੁਹਾਨੂੰ ਆਪਣੇ ਮਨ ਅਤੇ ਜ਼ਿੰਦਗੀ ਵਿਚ ਪਾਪਾਂ ਤੋਂ ਤੌਬਾ ਕਰਨ ਦੀ ਲੋੜ ਹੈ?

ਯਿਸੂ ਨੇ ਇਕ ਵਾਰ ਕਿਸੇ ਸ਼ਹਿਰ ਦੇ ਲੋਕਾਂ ਨੂੰ ਝਿੜਕਦੇ ਹੋਏ ਕਿਹਾ ਸੀ, ''... ਨਿਆਂ ਦੇ ਦਿਨ ਤੇਰੇ ਨਾਲੋਂ ਸਦੂਮ ਦੇਸ਼ ਦਾ ਹਾਲ ਝੱਲਣ ਯੋਗ ਹੋਵੇਗਾ'' (ਮੱਤੀ 11:24)। ਕਿਉਂ? ਕਿਉਂਕਿ ਜਿਨ੍ਹਾਂ ਨੂੰ ਯਿਸੂ ਨੇ ਸਿਖਾਇਆ ਸੀ ਉਨ੍ਹਾਂ ਨੂੰ ਸਦੂਮ ਦੇ ਲੋਕਾਂ ਨਾਲੋਂ ਵੱਡਾ ਮੌਕਾ ਮਿਲਿਆ ਸੀ, ਤਾਂ ਵੀ ਉਨ੍ਹਾਂ ਨੇ ਉਨ੍ਹਾਂ ਮੌਕਿਆਂ ਨੂੰ ਠੁਕਰਾ ਦਿੱਤਾ ਸੀ। ਤੁਹਾਨੂੰ ਅਹਿਸਾਸ ਨਾ ਹੋਵੇ ਪਰ ਅੱਜ ਤੁਸੀਂ ਇਕ ਨਾਜ਼ੁਕ ਥਾਂ ਬੈਠੇ ਹੋਏ ਹੋ। ਤੁਹਾਨੂੰ ਯਿਸੂ ਵੱਲੋਂ ਦਿੱਤੇ ਗਏ ਬਦਲਾਂ ਨੂੰ ਜਾਣਨ ਦਾ ਸੁਭਾਗ ਮਿਲਿਆ ਹੈ ਕਿ ਤੌਬਾ ਕਰੋ ਜਾਂ ਫਿਰ ਨਾਸ ਹੋ ਜਾਓ। ਜੇ ਤੁਸੀਂ ਤੌਬਾ ਨਹੀਂ ਕਰਦੇ ਤਾਂ ਤੁਸੀਂ ਨਾਸ ਹੋ ਜਾਓਗੇ, ਪਰ ਤੁਹਾਡੇ ਕੋਲ ਕੋਈ ਬਹਾਨਾ ਨਹੀਂ ਹੋਵੇਗਾ।

ਇਕ ਆਦਮੀ ਬਾਰੇ ਪ੍ਰਭੂ ਨੇ ਕਿਹਾ ਸੀ, ''ਮੈ ਉਹਨੂੰ ਵਿਹਲ ਦਿੱਤੀ ਭਈ ਤੌਬਾ ਕਰੇ ਪਰ ਉਹ ਆਪਣੀ ਹਰਾਮਕਾਰੀ ਤੋਂ ਤੌਬਾ ਕਰਨੀ ਨਹੀਂ ਚਾਹੁੰਦੀ ਹੈ'' (ਪ੍ਰਕਾਸ਼ ਦੀ ਪੋਥੀ 2:21)। ਹੁਣ, ਖ਼ੁਦਾ ਤੁਹਾਨੂੰ ''ਤੌਬਾ ਕਰਨ ਦਾ ਮੌਕਾ'' ਦੇ ਰਿਹਾ ਹੈ। ਮੇਰੀ ਦੁਆ ਹੈ ਕਿ ਤੁਹਾਡੇ ਲਈ ਇਹ ਨਾ ਕਿਹਾ ਜਾਵੇ ਕਿ ''ਉਹ ਤੌਬਾ ਕਰਨੀ ਨਹੀਂ ਚਾਹੁੰਦੀ ਜਾਂ ਚਾਹੁੰਦਾ।'' ਜੇ ਤੁਸੀਂ ਅਜੇ ਤਕ ਤੌਬਾ ਨਹੀਂ ਕੀਤੀ, ਤਾਂ *ਅੱਜ* ਹੀ ਸਮਾਂ ਹੈ।[27]

## ਨੋਟਸ

ਇਸ ਲੜੀ ਵਿਚ ਪਹਿਲਾਂ ਮੈਂ ਸੁਝਾਅ ਦਿੱਤਾ ਸੀ ਕਿ ਤੌਬਾ ਤੇ ਉਪਦੇਸ਼ਾਂ ਨਾਲੋਂ ਵੱਧ ਹੋਰ ਕੋਈ ਲੋੜ ਨਹੀਂ ਹੈ (ਲੂਕਾ 13:1–5)। ਇਸ ਵਿਸ਼ੇ ਤੇ ਇਹੀ ਉਪਦੇਸ਼ ਹੈ। ਇਹ ਪਾਠ ਇਕੱਲਾ ਰਹੇਗਾ, ਜਾਂ ਇਸ ਨੂੰ ਬਚਾਏ ਜਾਣ ਦੀਆਂ ਸ਼ਰਤਾਂ ਦੇ ਉਪਦੇਸ਼ਾਂ ਦੀ ਲੜੀ ਵਿਚ ਵਰਤਿਆ ਜਾ ਸਕਦਾ ਹੈ।

ਟਿੱਪਣੀਆਂ

[1]ਸੰਭਾਵਨਾਵਾਂ ਨੇ ਕਿ ਉਹ ਗਲੀਲੀ ਕੌਣ ਸਨ, *ਮਸੀਹ ਦੀ ਜ਼ਿੰਦਗੀ, 6* ਕਿਤਾਬ ਵਿਚ ''ਪੁੰਤਿਉਸ ਪਿਲਾਤੁਸ (ਅਤੇ ਯਿਸੂ ਦੀ ਮੌਤ)'' ਪਾਠ ਵੇਖੋ। [2]ਆਮ ਤੌਰ ਤੇ ਲੂਕਾ 13:1–5 ਚਰਚਾ ਲਈ, *ਮਸੀਹ ਦੀ ਜ਼ਿੰਦਗੀ, 4* ਕਿਤਾਬ ਵਿਚ ''ਪੁਰਾਣੀਆਂ ਅਤੇ ਨਵੀਆਂ ਗੱਲਾਂ'' ਪਾਠ ਵੇਖੋ। [3]ਦੂਜੀਆਂ ਦੋ ਇਹ ਹਨ: ਕਹਾਉਤਾਂ 14:12 ਅਤੇ 16:25. [4]ਉਦਾਹਰਣ ਲਈ, ਵੇਖੋ 1 ਰਾਜਿਆਂ 8:47; ਹਿਜ਼ਕੀਏਲ 14:6; 18:30. ਕੰਕੋਰਡੈਂਸ ਜਾਂ ਅਨੁਕ੍ਰਮਣਿਕਾ ਵਿਚ ਹੋਰ ਉਦਾਹਰਣਾਂ ਮਿਲ ਜਾਣਗੀਆਂ [5]ਗ੍ਰੇਟ ਕਮਿਸ਼ਨ ਵਿਚ ਲੂਕਾ 24:47 ਦੀ ਥਾਂ ਲਈ, ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਅਲਵਿਦਾ ਅਤੇ ਹੈਲੋ'' ਤੇ ਵਿਚਾਰ ਕਰੋ। [6]ਇਸ ਦਾ ਮਤਲਬ ਇਹ ਨਹੀਂ ਹੈ ਕਿ ਇਨ੍ਹਾਂ ਸਾਰਿਆਂ ਦਾ ਖ਼ੁਦਾ ਅਤੇ ਯਿਸੂ ਬਾਰੇ ਵਿਸ਼ਵਾਸ *ਸਹੀ* ਹੀ ਹੈ। ਬਾਕੀ ਘੱਟੋ ਘੱਟ ਉਹ ਐਨਾ ਤਾਂ ਮੰਨਦੇ ਹਨ ਕਿ ਖ਼ੁਦਾ ਹੈ ਅਤੇ ਇਹ ਕਿ ਯਿਸੂ, ਕਿਸੇ ਅਰਥ ਵਿਚ ਖ਼ੁਦਾ ਦਾ ਬੇਟਾ ਹੈ। [7]ਘਮੰਡ ਦੇ ਪਾਪ ਤੇ ਕੁਝ ਆਇਤਾਂ ਇਸ ਤਰ੍ਹਾਂ ਹਨ: ਕਹਾਉਤਾਂ 16:18; 29:23; 1 ਯੂਹੰਨਾ 2:16. [8]ਜੇ. ਡਬਲਯੂ. ਮੈਕਗਰਵੇ, *ਸਰਮਨਸ,* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1893, ਮਿਤੀ ਰਹਿਤ), 97. [9]ਜੇ ਤੁਸੀਂ *ਗੈਰ*–ਧਾਰਮਿਕ ਲੋਕਾਂ ਤੋਂ ''ਤੌਬਾ'' ਦਾ ਅਰਥ ਪੁੱਛੋ ਤਾਂ ਬਹੁਤੇ ਲੋਕ ਜਵਾਬ ਨਹੀਂ ਦੇ ਪਾਉਣਗੇ। [10]ਕਈ ਉਦਾਹਰਣਾਂ ਵਰਤੀਆਂ ਜਾ ਸਕਦੀਆਂ ਸਨ: ਜੇਲ੍ਹਾਂ ਅਜਿਹੇ ਲੋਕਾਂ ਨਾਲ ਭਰੀਆਂ ਪਈਆਂ ਹਨ, ਜੋ ਇਸ ਗੱਲ ਤੇ ਸਰਮਸ਼ਾਰ ਹਨ ਕਿ ਉਹ ਫੜੇ ਗਏ; ਜਦ ਉਹ ਬਾਹਰ ਨਿੱਕਲਦੇ ਹਨ, ਤਾਂ ਉਨ੍ਹਾਂ ਵਿੱਚੋਂ ਜ਼ਿਆਦਾਤਰ ਆਪਣੇ ਮੁਜਰਮਾਂ ਵਾਲੇ ਕੰਮ ਫੇਰ ਤੋਂ ਕਰਨ ਲੱਗ ਪੈਂਦੇ ਹਨ। ਸ਼ਰਾਬ ਪੀਣ ਵਾਲੇ ਬਹੁਤੀ ਪੀਣ ਦੇ ਬਾਅਦ ਅਗਲੀ ਸਵੇਰ ਅਤੇ ਆਪਣੇ ਕੰਮਾਂ ਲਈ ਹੋਰ ਨਤੀਜਿਆਂ ਲਈ ਸ਼ਰਮਸਾਰ ਹੋ ਸਕਦੇ ਹਨ, ਪਰ ਮੌਕਾ ਮਿਲਣ ਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਫੇਰ ਪੀ ਲੈਂਦੇ ਹਨ।

[11]ਜਿੰਮੀ ਐਲਨ, ਰਿਪੈਂਟੈਂਸ, *ਵ੍ਹਟ ਇਜ਼ ਰਿਪੈਂਟੈਂਸ ਵ੍ਹਟ ਇਜ਼ ਹੈਲ ਲਾਈਕ? ਐਂਡ ਅਦਰ ਸਰਮਨਜ਼* (ਡਲਾਸ: ਕ੍ਰਿਸਚਿਅਨ ਪਬਲਿਸ਼ਿੰਗ ਕੰ., 1965), 164. [12]ਕੁਝ ਲੋਕ ਦੋਹਾਂ ਪਰਿਭਾਸ਼ਾਵਾਂ ਨੂੰ ਮਿਲਾ ਲੈਂਦੇ ਹਨ: ''ਤੌਬਾ ਦਾ ਮਤਲਬ ਹੈ ਕਿ ਤੁਸੀਂ ਸ਼ਰਮਿੰਦਾ ਹੋ ਕਿ ਤੁਸੀਂ ਪਾਪ ਕੀਤਾ, ਜਿਸ ਕਰਕੇ ਤੁਸੀਂ ਪਾਪ ਕਰਨਾ ਬੰਦ ਕਰਕੇ ਸਹੀ ਜ਼ਿੰਦਗੀ ਜੀਣਾ ਸ਼ੁਰੂ ਕਰ ਦਿੰਦੇ ਹੋ।'' [13]ਆਪਣੇ ਕੰਮਾਂ ਰਾਹੀਂ ਤੌਬਾ ਨੂੰ ਵਿਖਾਉਣ ਵਾਲੇ ਲੋਕਾਂ ਦੀਆਂ ਹੋਰ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਜ਼ੱਕਈ ਅਤੇ ਫ਼ਿਲਿੱਪੀ ਦਰੋਗਾ ਵੀ ਹਨ। [14]ਤੁਸੀਂ ਇਹ ਜ਼ੋਰ ਦਿਓ ਕਿ ਜ਼ਿੰਦਗੀ ਵਿਚ ਜ਼ਰੂਰੀ ਬਦਲਾਅ ਦੇ ਹੋਰ ਬੋਝ ਦੇ ਰੂਪ ਵਿਚ, *ਵਾਪਸ ਆਉਣਾ* ਜ਼ਰੂਰੀ ਹੋ ਸਕਦਾ ਹੈ। ਉਦਾਹਰਣ ਲਈ ਜੇ ਕਿਸੇ ਨੇ ਕੋਈ ਮੁਰਗਾ ਚੋਰੀ ਕੀਤਾ ਹੋਵੇ ਅਤੇ ਉਹ ਤੌਬਾ ਕਰ ਲਵੇ ਤਾਂ ਉਸ ਮੁਰਗੇ ਦੇ ਮਾਲਕ ਕੋਲ ਵਾਪਸ ਜਾਣਾ ਜ਼ਰੂਰੀ ਹੋਵੇਗਾ। ਜੇ ਉਹ ਮੁਰਗਾ ਖਾਧਾ ਜਾ ਚੁੱਕਾ ਹੈ ਤਾਂ ਇਸ ਦੇ ਮਾਲਕ ਕੋਲ ਵਾਪਸ ਜਾਣ ਦਾ ਕੋਈ ਤਰੀਕਾ ਨਹੀਂ ਹੈ। [15]*ਰਸੂਲਾਂ ਦੇ ਕੰਮ, 1* ਕਿਤਾਬ ਵਿਚ ਸ਼ਬਦਾਵਲੀ ਵਿੱਚੋਂ ਲਿਆ ਗਿਆ। [16]ਇਸ ਗੱਲ ਨੂੰ ਸਮਝੋ ਕਿ ਆਮ ਤੌਰ ਤੇ ਤੌਬਾ ਵੇਲੇ ਜ਼ਿੰਦਗੀ ਦਾ *ਪੂਰੀ ਤਰ੍ਹਾਂ ਨਾਲ* ਬਦਲਾਅ ਨਹੀਂ ਹੁੰਦਾ ਪਰ ਕੁਝ ਬਦਲਾਅ ਸਾਫ਼ ਨਜ਼ਰ ਆਉਣੇ ਜ਼ਰੂਰੀ ਹਨ। ਪ੍ਰਭੂ ਵਿਚ ਜ਼ਿੰਦਗੀ ਦੌਰਾਨ ਵਧਣ ਲਈ ਸ਼ੁਰੂਆਤ ਕਰਨੀ ਜ਼ਰੂਰੀ ਹੈ। [17]ਬਾਈਬਲ ਦੀਆਂ ਹੋਰ ਵੀ ਉਦਾਹਰਣਾ ਦਿੱਤੀਆਂ ਜਾ ਸਕਦੀਆਂ ਹਨ (ਉਦਾਹਰਣ ਲਈ, ਉਜਾੜੂ ਪੁੱਤਰ ਦੀ ਕਹਾਣੀ [ਵੇਖੋ ਲੂਕਾ 15:17, 18])। [18]ਯੂਨਾਨੀ ਸ਼ਬਦ ਦਾ ਅਨੁਵਾਦ ''ਪਛਤਾਇਆ'' (NASB), ''ਪਸ਼ਚਾਤਾਪ ਕੀਤਾ'' (KJV) ਅਤੇ ''ਆਪਣਾ ਮਨ ਬਦਲ ਲਿਆ'' (NIV), ''ਤੌਬਾ'' ਲਈ ਆਮ ਨਹੀਂ ਬਲਕਿ ਰਲਦਾ ਸ਼ਬਦ ਹੈ। [19]ਕੁਝ ਪ੍ਰਚਾਰਕ ਤੌਬਾ ਨੂੰ ਇਸ ਤਰ੍ਹਾਂ ਸਮਝਾਉਂਦੇ ਹਨ: ਉਹ ਇਹ ਕਹਿੰਦੇ ਹੋਏ ਇਕ ਦਿਸ਼ਾ ਵਿਚ ਚੱਲਦੇ ਹਨ, ''ਆਪਣੀ ਜ਼ਿੰਦਗੀ ਦੇ ਸ਼ੁਰੂ ਵਿਚ, 'ਜ਼ਿੰਮੇਵਾਰੀ ਦੀ ਉਮਰ' ਤਕ ਪਹੁੰਚਣ ਤੋਂ ਪਹਿਲਾਂ ਅਸੀਂ ਖ਼ੁਦਾ ਵੱਲ ਨੂੰ ਚੱਲ ਰਹੇ ਹੁੰਦੇ ਹਾਂ।'' ਫਿਰ ਉਹ ਰੁਕ ਕੇ 180 ਡਿਗਰੀ ਤੇ [ਭਾਵ ਸਿੱਧੇ ਪਿੱਛੇ ਨੂੰ] ਘੁੰਮ ਜਾਂਦੇ ਹਨ ਅਤੇ ਆਖਦੇ ਹਨ, ''ਪਰ ਫੇਰ ਅਸੀਂ ਉਸ ਉਮਰ ਵਿਚ ਜਾ ਪਹੁੰਚੇ ਜਦ ਪਾਪ ਕਰਨ ਲੱਗ ਪਏ ਅਤੇ ਖ਼ੁਦਾ ਤੋਂ ਦੂਰ ਹੋ ਗਏ।'' ਦੂਜੀ ਦਿਸ਼ਾ ਵਿਚ ਉਹ ਥੋੜ੍ਹਾ ਅੱਗੇ ਚੱਲਦੇ ਹੋਏ ਆਮ ਤੌਰ ਤੇ ਲੋਕਾਂ ਦੀ ਜ਼ਿੰਦਗੀ ਵਿਚ ਗੱਲਾਂ ਕਰਦੇ ਹਨ। ਉਹ ਰੁਕ ਕੇ

ਆਖਦੇ ਹਨ, ਪਰ ਫਿਰ ਸਾਡੇ ਵਿੱਚੋਂ ਕੁਝ ਲੋਕ ਆਪਣੇ ਪਾਪਾਂ ਤੋਂ *ਤੌਬਾ* ਕਰਦੇ ਹਨ। ਇਸਦਾ ਮਤਲਬ ਇਹ ਹੈ ਕਿ ਅਸੀਂ ਆਪਣੇ ਗਲਤ ਰਸਤਿਆਂ ਨੂੰ ਛੱਡ ਕੇ *ਬਦਲਣ ਦਾ ਇਰਾਦਾ* ਕਰਦੇ ਹਾਂ, ਜਿਸ ਕਰਕੇ ਅਸੀਂ ਇਕਦਮ ਮੁੜਕੇ ਖ਼ੁਦਾ ਵੱਲ ਨੂੰ ਮੁੜ ਆਉਂਦੇ ਹਾਂ। ਅਤੇ ਘੁੰਮ ਕੇ ਉਸ ਪਾਸੇ ਵੜਦੇ ਹਾਂ ਜਿਸ ਪਾਸਿਉਂ ਉਨ੍ਹਾਂ ਨੇ ਪਹਿਲਾਂ ਸ਼ੁਰੂਆਤ ਕੀਤੀ ਸੀ ਐਲਨ 103.

[21]ਪਾਪ ਦੇ ਦੁਨਿਆਵੀ ਨਤੀਜੇ ਵੱਖੋ ਵੱਖ ਹਨ ਅਤੇ ਉਨ੍ਹਾਂ ਦੇ ਕਾਰਣ ਵੀ ਵੱਖੋ ਵੱਖ ਹਨ ਪਰ ਬੁਨਿਆਦੀ ਸਚਿਆਈ ਇਹ ਹੈ ਕਿ ਪਾਪ ਤਾਂ ਪਾਪ ਹੀ ਹੈ। [22]ਮਸੀਹੀ ਬਣਨ ਅਤੇ ਘਰ ਵਾਪਸੀ ਕਰਨਾ ਇੱਥੇ ਸਹੀ ਸਾਬਤ ਹੋ ਸਕਦਾ ਹੈ ਅਤੇ ਇਹ ਵੀ ਕਿ ਤੌਬਾ ਕਿਸੇ ਦੀ ਜ਼ਿੰਦਗੀ ਵਿਚ ਕਿਵੇਂ ਕੰਮ ਕਰਦੀ ਹੈ। [23]ਇਹ ਸਿੱਖਿਆ ਕੁਝ ਕੁਝ ਉਨ੍ਹਾਂ ਦੋ ਆਇਤਾਂ ਤੇ ਅਧਾਰਿਤ ਹੈ, ਜਿਹੜੀਆਂ ਖ਼ੁਦਾ ਦੇ ਮਾਫ਼ੀ ਦੇਣ ਜਾਂ ਤੌਬਾ ਕਰਨ ਦੀ ਗੱਲ ਕਰਦੀਆਂ ਹਨ (ਰਸੂਲਾਂ ਦੇ ਕੰਮ 5:30, 31; 11:18)। ਖ਼ੁਦਾ ਤੌਬਾ ਇਸ ਗੱਲ ਵਿਚ ''ਦਿੰਦਾ ਹੈ'' ਕਿ (1) ਉਹ ਸਾਨੂੰ ਤੌਬਾ ਦਾ *ਮੌਕਾ* ਦਿੰਦਾ ਹੈ ਅਤੇ (2) ਸਾਨੂੰ ਤੌਬਾ ਦੀ *ਪ੍ਰੇਰਣਾ* ਦਿੰਦਾ ਹੈ [24]ਮੈਕਗਰਵੇ, 103. [25]ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਉਹ ਉਨ੍ਹਾਂ ਵਾਸਤੇ ਜਗ੍ਹਾ ਤਿਆਰ ਕਰਨ ਲਈ ਜਾ ਰਿਹਾ ਸੀ (ਯੂਹੰਨਾ 14:2)। [26]ਨਰਕ ਸ਼ੈਤਾਨ ਅਤੇ ਉਹਦੇ ਦੂਤਾਂ ਲਈ ''ਤਿਆਰ ਕੀਤਾ ਗਿਆ'' ਸੀ, ਪਰ ਸ਼ੈਤਾਨ ਦੇ ਮਗਰ ਜਾਣ ਵਾਲੇ ਲੋਕ ਵੀ ਉੱਥੇ ਹੀ ਜਾਣਗੇ (ਮੱਤੀ 25:41)। [27]ਜੇ ਸਰਮਨ ਵਿਚ ਤੁਸਾਂ ਪਹਿਲਾਂ ਨਹੀਂ ਦੱਸਿਆ, ਤਾਂ ਹੁਣ ਦੱਸੋ ਕਿ ਮਸੀਹੀ ਕਿਵੇਂ ਬਣਿਆ ਜਾ ਸਕਦਾ ਹਾਂ (ਰਸੂਲਾਂ ਦੇ ਕੰਮ 2:38) ਅਤੇ ਕਿਵੇਂ ਖ਼ੁਦਾ ਦੇ ਭਟਕੇ ਹੋਏ ਮਾਲਕ ਨੂੰ ਵਾਪਸ ਲਿਅਇਆ ਜਾ ਸਕਦਾ ਹੈ (ਰਸੂਲਾਂ ਦੇ ਕੰਮ 8:22)। ਇਹ ਵੀ ਧਿਆਨ ਦੁਆਉ ਕਿ ਤੌਬਾ ਆਪਣੇ ਆਪ ਵਿਚ ਕਾਫ਼ੀ ਨਹੀਂ ਹੈ ਭਾਵ ਖ਼ੁਦਾ ਦੀ ਇੱਛਾ ਪੂਰੀ ਕਰਨ ਲਈ ਇਸ ਕੰਮ ਦਾ ਕਾਰਣ ਹੋਣਾ ਜ਼ਰੂਰੀ ਹੈ (ਐਲਨ, 169–70)।